**Golden State Realty** JASSI GILL Broker/Owner

Listing and Selling Homes
From San Jose to Sacramento
Ph:510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969
CA DRE# 00966763



**ਤੰਦੂਰੀਏ ਅਤੇ ਕਿਚਨ ਹੈਲਪਰ ਦੀ ਫੌਰੀ ਲੋੜ ਹੈ**

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ ਅਤੇ ਕਿਚਨ ਹੈਲਪਰ ਦੀ ਫੌਰੀ ਲੋੜ ਹੈ।
* ਚੰਗੀ ਤਨਖਾਹ ਅਤੇ ਰਿਹਾਇਸ਼ ਫਰੀ

ਚਾਹਵਾਨ ਕਾਲ ਕਰੋ:
ਮਿ. ਸਿੰਘ ਫੋਨ: 515-291-1961

COVERED CALIFORNIA | Certified Insurance Agent | Global Green INSURANCE AGENCY



Gurdawar Singh Mann

ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM



Gurcharan Singh Mann

**Mann Insurance Brokers Inc.**
4123 Dyer St., #230, Union City, CA 94587



Twenty-Fifth Year of Publication | ਕੈਲੀਫੋਰਨੀਆ ਐਡੀਸ਼ਨ | Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 26, Issue 1; January 4, 2024 | 20451 N. Plum Grove Rd., Palatine, IL 60074 | Ph:847-359-0746, Fax:847-705-9388


# ਸੁਖਬੀਰ ਸਿੰਘ ਬਾਦਲ ਦਾ ਅਸਤੀਫ਼ਾ ਮਨਜ਼ੂਰ ਹੋ ਜਾਵੇਗਾ

*ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਦੋ ਦਸੰਬਰ ਨੂੰ ਸੁਣਾਏ ਫ਼ੈਸਲੇ ਵਿਚ ਵਰਕਿੰਗ ਕਮੇਟੀ ਨੂੰ ਅਸਤੀਫ਼ਾ ਪ੍ਰਵਾਨ ਕਰ ਕੇ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਨੂੰ ਸੂਚਿਤ ਕਰਨ ਦੇ ਹੁਕਮ ਦਿੱਤੇ ਗਏ ਸਨ*

**ਚੰਡੀਗੜ੍ਹ :** ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਅਸਤੀਫ਼ਾ ਨਵੇਂ ਵਰ੍ਹੇ ਯਾਨੀ ਜਨਵਰੀ ਦੇ ਪਹਿਲੇ ਹਫ਼ਤੇ ਮਨਜ਼ੂਰ ਕਰ ਸਕਦੀ ਹੈ। ਨਵੇਂ ਵਰ੍ਹੇ ਹੀ ਪਾਰਟੀ ਜ਼ੋਰਦਾਰ ਢੰਗ ਨਾਲ ਭਰਤੀ ਮੁਹਿੰਮ ਵੀ ਸ਼ੁਰੂ ਕਰ ਦੇਵੇਗੀ। ਬੀਤੇ ਦਿਨੀਂ ਸੈਕਟਰ 9 ਸਥਿਤ ਸੁਖਬੀਰ ਸਿੰਘ ਬਾਦਲ ਨੇ ਆਪਣੀ ਰਿਹਾਇਸ਼ 'ਤੇ ਕੋਰ ਕਮੇਟੀ, ਵਰਕਿੰਗ ਕਮੇਟੀ, ਜ਼ਿਲ੍ਹਾ ਪ੍ਰਧਾਨਾਂ ਤੇ ਹਲਕਾ ਇੰਚਾਰਜਾਂ ਨਾਲ ਵੱਖ-ਵੱਖ ਮੀਟਿੰਗਾਂ ਕੀਤੀਆਂ ਹਨ। ਹੇਠਲੇ ਪੱਧਰ 'ਤੇ ਆਗੂਆਂ ਨਾਲ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ ਹੀ ਵਰਕਿੰਗ ਕਮੇਟੀ ਨੇ ਇਹ ਫ਼ੈਸਲਾ ਲਿਆ ਹੈ। ਦੱਸਿਆ ਜਾਂਦਾ ਹੈ ਕਿ ਮੀਟਿੰਗਾਂ ਦਾ ਦੌਰ ਦੇਰ ਰਾਤ ਤੱਕ ਚੱਲਦਾ ਰਿਹਾ। ਸੂਤਰ ਦੱਸਦੇ ਹਨ ਕਿ ਸੁਖਬੀਰ ਬਾਦਲ ਨੇ ਅਕਾਲੀ ਦਲ ਦੀ ਜ਼ਮੀਨੀ ਪੱਧਰ 'ਤੇ ਸਥਿਤੀ ਅਤੇ ਮੌਜੂਦਾ ਸਿਆਸੀ ਹਾਲਾਤ ਬਾਰੇ ਆਗੂਆਂ ਨਾਲ ਵਿਚਾਰ-ਵਟਾਂਦਰਾ ਕਰ ਕੇ ਉਨ੍ਹਾਂ ਦੀ ਰਾਏ ਪੁੱਛੀ। ਜ਼ਿਆਦਾਤਰ ਆਗੂਆਂ ਨੇ ਸੁਖਬੀਰ ਸਿੰਘ ਬਾਦਲ ਨੂੰ ਉਨ੍ਹਾਂ ਨਾਲ ਚੱਲਣ ਦਾ ਭਰੋਸਾ ਦਿੱਤਾ ਹੈ। ਜ਼ਿਕਰਯੋਗ ਹੈ ਕਿ ਸੁਖਬੀਰ ਬਾਦਲ ਪਹਿਲਾਂ ਹੀ ਆਪਣਾ ਅਸਤੀਫ਼ਾ ਦੇ ਚੁੱਕੇ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਦੋ ਦਸੰਬਰ ਨੂੰ ਸੁਣਾਏ ਫ਼ੈਸਲੇ ਵਿਚ ਵਰਕਿੰਗ ਕਮੇਟੀ ਨੂੰ ਅਸਤੀਫ਼ਾ ਪ੍ਰਵਾਨ ਕਰ ਕੇ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਨੂੰ ਸੂਚਿਤ ਕਰਨ ਦੇ ਹੁਕਮ ਦਿੱਤੇ ਗਏ ਸਨ, ਪਰ ਅਕਾਲੀ ਆਗੂਆਂ ਨੇ ਧਾਰਮਿਕ ਸੇਵਾ ਦਾ ਹਵਾਲਾ ਦਿੰਦੇ ਹੋਏ ਵਰਕਿੰਗ ਕਮੇਟੀ ਦੀ ਮੀਟਿੰਗ ਕਰਨ ਲਈ ਹੋਰ ਸਮਾਂ ਮੰਗ ਲਿਆ ਸੀ। ਦੱਸਿਆ ਜਾਂਦਾ ਹੈ ਕਿ ਮੀਟਿੰਗ ਦੌਰਾਨ ਅਕਾਲੀ ਆਗੂਆਂ ਨੂੰ ਸਪੱਸ਼ਟ ਇਸ਼ਾਰਾ ਕਰ ਦਿੱਤਾ ਗਿਆ ਹੈ ਕਿ ਜ਼ੋਰਦਾਰ ਢੰਗ ਨਾਲ ਮੈਂਬਰਸ਼ਿਪ ਮੁਹਿੰਮ ਸ਼ੁਰੂ ਕੀਤੀ ਜਾਵੇ। ਪਰ ਉਨ੍ਹਾਂ ਵਰਕਰਾਂ, ਵਿਅਕਤੀਆਂ ਨੂੰ ਮੈਂਬਰ ਤੇ ਡੇਲੀਗੇਟ ਬਣਾਇਆ ਜਾਵੇ, ਜਿਹੜੇ ਹੇਠਲੇ ਪੱਧਰ 'ਤੇ ਪੂਰੇ ਭਰੋਸੇਮੰਦ ਤੇ ਪਾਰਟੀ ਲੀਡਰਸ਼ਿਪ ਨਾਲ ਚੱਲਣ ਵਾਲੇ ਵਫ਼ਾਦਾਰ ਹੋਣ। ਮੀਟਿੰਗ ਵਿਚ ਸੁਖਬੀਰ ਬਾਦਲ ਦੇ ਅਸਤੀਫ਼ੇ ਨੂੰ ਲੈ ਕੇ ਵੀ ਲੰਬੀ ਵਿਚਾਰ ਚਰਚਾ ਹੋਈ ਹੈ। ਵਰਕਿੰਗ ਕਮੇਟੀ ਨੇ ਫ਼ੈਸਲਾ ਕੀਤਾ ਕਿ ਸੁਖਬੀਰ ਸਿੰਘ ਬਾਦਲ ਦਾ ਅਸਤੀਫ਼ਾ ਜਨਵਰੀ ਦੇ ਪਹਿਲੇ ਹਫ਼ਤੇ ਮਨਜ਼ੂਰ ਕੀਤਾ ਜਾਵੇਗਾ। ਅਜਿਹਾ ਕਰਨਾ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਅਸਤੀਫ਼ਾ ਪ੍ਰਵਾਨ ਕਰਨ ਦੇ ਹੁਕਮ ਦਿੱਤੇ ਹੋਏ ਹਨ। ਜੇਕਰ ਅਸਤੀਫ਼ਾ ਪ੍ਰਵਾਨ ਨਹੀਂ ਕੀਤਾ ਗਿਆ ਤਾਂ ਲੋਕਾਂ ਅਤੇ ਪੰਥਕ ਹਲਕਿਆਂ ਵਿਚ ਇਹ ਸੁਨੇਹਾ ਜਾਵੇਗਾ ਕਿ ਅਕਾਲੀ ਲੀਡਰਸ਼ਿਪ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਫ਼ੈਸਲੇ ਨੂੰ ਮੰਨ ਨਹੀਂ ਰਹੀ।



ਦੂਜੇ ਪਾਸੇ ਅਕਾਲੀ ਹਲਕਿਆਂ ਵਿਚ ਇਹ ਵੀ ਚਰਚਾ ਹੈ ਕਿ ਸੁਖਬੀਰ ਬਾਦਲ ਦੀ ਬਤੌਰ ਪ੍ਰਧਾਨ ਮਿਆਦ 14 ਦਸੰਬਰ ਨੂੰ ਖ਼ਤਮ ਹੋ ਚੁੱਕੀ ਹੈ। ਸੂਤਰ ਦੱਸਦੇ ਹਨ ਕਿ ਅਕਾਲੀ ਲੀਡਰਸ਼ਿਪ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਭਰਤੀ ਮੁਹਿੰਮ ਤੇ ਡੈਲੀਗੇਟ ਬਣਾਉਣ ਲਈ ਬਣਾਈ ਗਈ ਸੱਤ ਮੈਂਬਰੀ ਕਮੇਟੀ ਨੂੰ ਲੈ ਕੇ ਕਾਫੀ ਸੰਸ਼ੋਪੰਜ ਵਿਚ ਪਈ ਹੋਈ ਹੈ। ਲੀਡਰਸ਼ਿਪ ਇਹ ਮਹਿਸੂਸ ਕਰ ਰਹੀ ਹੈ ਕਿ ਜੇਕਰ ਉਕਤ ਕਮੇਟੀ ਆਧਾਰਿਤ ਮੈਂਬਰਸ਼ਿਪ ਮੁਹਿੰਮ ਕੀਤੀ ਜਾਂਦੀ ਹੈ ਤਾਂ ਸੰਵਿਧਾਨਕ ਸੰਕਟ ਖੜ੍ਹਾ ਹੋ ਸਕਦਾ ਹੈ, ਜਿਸ ਨਾਲ ਪਾਰਟੀ ਦਾ ਚੋਣ ਨਿਸ਼ਾਨ (ਤੱਕੜੀ) ਖ਼ਤਰੇ ਵਿਚ ਪੈ ਸਕਦਾ ਹੈ। ਅਕਾਲੀ ਲੀਡਰਸ਼ਿਪ ਦਾ ਮੰਨਣਾ ਹੈ ਕਿ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਸੁਣਾਏ ਗਏ ਸਾਰੇ ਫ਼ੈਸਲਿਆਂ 'ਤੇ ਲੀਡਰਸ਼ਿਪ ਨੇ ਫੁੱਲ ਚੜ੍ਹਾਏ ਹਨ। ਪਰ ਭਰਤੀ ਕਮੇਟੀ ਦਾ ਫ਼ੈਸਲਾ ਸੰਵਿਧਾਨਕ ਸੰਕਟ ਖੜ੍ਹਾ ਕਰਨ ਵਾਲਾ ਹੈ। ਇਸਨੂੰ ਲੈ ਕੇ ਪਾਰਟੀ ਦੁਚਿੱਤੀ ਵਿਚ ਹੈ। ਉਧਰ, ਇਕ ਅਕਾਲੀ ਆਗੂ ਨੇ ਸੁਖਬੀਰ ਸਿੰਘ ਬਾਦਲ ਦੀ ਰਿਹਾਇਸ਼ 'ਤੇ ਅਕਾਲੀ ਆਗੂਆਂ ਦੇ ਮਿਲਣ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਪਾਰਟੀ ਪ੍ਰਧਾਨ ਪਿਛਲੇ ਕਈ ਮਹੀਨਿਆਂ ਤੋਂ ਆਗੂਆਂ ਨੂੰ ਮਿਲੇ ਨਹੀਂ ਸਨ। ਧਾਰਮਿਕ ਸੇਵਾ ਪੂਰੀ ਕਰਨ ਤੋਂ ਬਾਅਦ ਆਗੂਆਂ ਵਲੋਂ ਉਨ੍ਹਾਂ ਨਾਲ ਮੁਲਾਕਾਤ ਲਈ ਸਮਾਂ ਮੰਗਿਆ ਜਾ ਰਿਹਾ ਸੀ।




'ਪੰਜਾਬ ਟਾਈਮਜ਼' ਦੇ ਪਾਠਕਾਂ, ਸਰਪ੍ਰਸਤਾਂ, ਸਨੇਹੀਆਂ, ਲੇਖਕਾਂ ਸ਼ੁਭਚਿੰਤਕਾਂ ਅਤੇ ਵਿਸ਼ਵ ਭਰ ਵਿਚ ਵਸਦੇ ਸਮੁੱਚੇ ਪੰਜਾਬੀਆਂ ਨੂੰ ਨਵੇਂ ਵਰ੍ਹੇ ਦੀਆਂ ਬਹੁਤ ਬਹੁਤ ਮੁਬਾਰਕਾਂ !

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਉੱਜਲੇ ਭਵਿੱਖ ਦੀ ਕਾਮਨਾ ਕਰਦਾ ਹੋਇਆ 'ਪੰਜਾਬ ਟਾਈਮਜ਼' ਉਮੀਦ ਕਰਦਾ ਹੈ ਕਿ ਨਵਾਂ ਸਾਲ ਆਪ ਸਭ ਦੀ ਜ਼ਿੰਦਗੀ ਨੂੰ ਹੋਰ ਤੰਦਰੁਸਤ ਅਤੇ ਖੁਸ਼ਹਾਲ ਬਣਾਉਣ ਲਈ ਨਵੀਆਂ ਪੁਲਾਂਘਾਂ ਪੁੱਟਦਾ ਹੋਇਆ, ਸਭ ਦੀਆਂ ਸਫ਼ਲਤਾਵਾਂ ਨੂੰ ਨਵੀਆਂ ਬੁਲੰਦੀਆਂ ਉੱਤੇ ਪਹੁੰਚਾਏਗਾ।

ਸਾਡੀ ਦੁਆ ਹੈ ਕਿ 'ਪੰਜਾਬ ਟਾਈਮਜ਼' ਨਾਲ ਆਪ ਸਭ ਦਾ ਸਨੇਹ ਇਸੇ ਤਰ੍ਹਾਂ ਬਣਿਆ ਰਹੇ। ਬਹੁਤ ਬਹੁਤ ਮੁਬਾਰਕ ਅਤੇ ਸ਼ੁਭਕਾਮਨਾਵਾਂ !

–ਅਦਾਰਾ 'ਪੰਜਾਬ ਟਾਈਮਜ਼'


**GOLDEN STATE REALITY**

"Realtor You Can Trust"
CRE Group Inc.

* ਘਰ ਜਾਂ ਕੋਈ ਵੀ ਹੋਰ ਕਾਮਰਸ਼ੀਅਲ ਪ੍ਰਾਪਰਟੀ ਖਰੀਦਣ ਲਈ ਸਾਡੇ ਨਾਲ ਸੰਪਰਕ ਕਰੋ:
ਫੋਨ:
916-612-5773



Sam Chahal MBA
Sohanpreet Singh
Realtor - Lic# 01504071

Contact for Real Estate and Mortgage Needs
P: 916-612-5773
E: Samchahal@hotmail.com



Raja SWEETS & CATERING
AUTHORIZED CATERER FOR MAJOR 5-STAR HOTELS

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Faloodа Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders

Raja Sweets & Indian Cuisine | Raja Indian Cuisine & Bar

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS



18 years of experience

Services
- We do Same day IRP Plates
- Truck Permits
- New company
- Truck ELD
- Trucking compliance



Rajinder Singh

159 D'Arcy Pkwy, Lathrop, CA 95330
Phone: 209 636 0880

ਨਵਾਂ ਵਰ੍ਹਾ ਆਵੇ ਲੈ ਕੇ ਖੁਸ਼ੀਆਂ ਤੇ ਖੇੜਿਆਂ ਨੂੰ
ਹਰ ਮੁਸਕਾਨ ਮਿਲੇ ਰੋਂਦੇ ਹੋਏ ਚਿਹਰਿਆਂ ਨੂੰ।




ਨਵਾਂ ਵਰ੍ਹਾ ਉਦੋਂ ਚੜ੍ਹੇਗਾ ਜਦੋਂ ਪੰਜਾਬ ਵਿਚ ਇਮਾਨਦਾਰੀ ਦੀ ਸਿਆਸਤ ਹੋਵੇਗੀ। ਜਦੋਂ ਲੋਕ ਨਸ਼ਿਆਂ ਦੇ ਲਾਲਚ ਤੋਂ ਮੁਕਤ ਹੋ ਕੇ ਸਹੀ ਨੇਤਾ ਚੁਣਨਗੇ। ਜਦੋਂ ਪੁਲਿਸ ਲੀਡਰਾਂ ਦੀ ਨਹੀਂ, ਆਮ ਲੋਕਾਂ ਦੀ ਸੇਵਾ ਕਰੇਗੀ। ਦਫ਼ਤਰਾਂ ਵਿਚ ਰਿਸ਼ਵਤ ਦਿੱਤੇ ਬਿਨਾਂ ਕੰਮ ਹੋਵੇਗਾ। ਸਕੂਲਾਂ ਵਿਚ ਮਾਸਟਰ ਹੋਣਗੇ ਅਤੇ ਹਸਪਤਾਲਾਂ ਵਿਚ ਦਵਾਈ ਤੇ ਡਾਕਟਰ। ਨਵਾਂ ਸਾਲ ਉਦੋਂ ਹੀ ਚੜ੍ਹੇਗਾ !



*ਰਜਿੰਦਰ ਸਿੰਘ ਟਾਂਡਾ, ਗਲੋਬਲ ਟਰੱਕ ਪਰਮਿਟਸ*

GLOBAL TRUCK PERMITS; 159 D'Arcy Pkwy, Lathrop, CA 95330

**Phone: 209-636-0880**




Personal Injury and Wrongful Death Attorneys

Case Results*

$10 MILLION
Motorcycle vs. Truck Collision


$8 MILLION
Wrongful Death

$5.25 MILLION
Traumatic Brain Injury

$1.1 MILLION
Burn Injury

$1.1 MILLION
Pedestrian vs. Motor Vehicle Collision

*Past Performance Not a Guarantee of Future Results



WILLIAM E. WEISS
Of Counsel

Offices in San Francisco and Union City

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com

Singh Tax & Accounting Services LLC.
SINGH AUTO & HOME INSURANCE
Individual & Business Tax related Services

ਸੇਵਾਵਾਂ: *ਇਨਕਮ ਟੈਕਸ ਨਾਲ ਸਬੰਧਤ ਹਰੇਕ ਸੇਵਾ ਜਿਵੇਂ, ਟੈਕਸ ਫਾਈਲਿੰਗ, ਟੈਕਸ ਪਲਾਨਿੰਗ ਅਤੇ ਆਈਆਰਐਸ ਔਡਿਟ (ਨਿੱਜੀ ਅਤੇ ਬਿਜ਼ਨਸ) ਲਈ ਤੁਸੀਂ ਸਾਡੇ ਨਾਲ ਸੰਪਰਕ ਕਰ ਸਕਦੇ ਹੋ।

* ਅਸੀਂ ਅਮਰੀਕਾ ਭਰ ਵਿਚ ਘਰਾਂ ਅਤੇ ਕਾਰਾਂ ਦੀ ਨਿੱਜੀ ਅਤੇ ਕਮਰਸ਼ੀਅਲ ਇੰਸ਼ੋਰੈਂਸ ਵੀ ਕਰਦੇ ਹਾਂ।

Ph: 248-982-2036

Office Locations
Michigan:
36167 Ford Rd.Westland, MI 48185
Minnesota:
6043 Hudson Rd, Suite#399A
Woodbury, Minnesota 55125

Email: STS2021@SinghTaxServices.com;
www.SinghTaxServices.com



Mohan Singh MST
IRS Enrolled agent,
Insurance Agent-
Casualty & Property
Notary Public

Corporate NMLS# 68434
AZ License# BK-0945946



Balbir (Bill) Grewal
MORTGAGE LOAN OFFICER
NMLS# 353442

Sistar Mortgage
A Nationwide Lender

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org


# Matrimonials

## ਲੜਕੇ ਦੀ ਲੋੜ ਹੈ

looking for a USA Citizen match for 6/1988 born, 5’9' divorced girl and has one child living with. She has completed her nursing associate in India, currently working in India and holding a Canada visitor visa. The girl belongs to Punjab (Ludhiana). Please contact us at: Cell 262-960-7366. 47-49

---

Jat Sikh family seeks a comparable match from a progressive family for their 1991 born, 5' 7", US-born daughter. Her background is in chemical engineering, and she is currently a department manager at a Fortune 500 multinational corporation. She lives in Chicago. Please contact with details at surjitkaur1937@outlook.com or 224-422-4773. 44-47

## ਲੜਕੀ ਦੀ ਲੋੜ ਹੈ

ਜੱਟ ਸਿੱਖ ਗਿੱਲ ਪਰਿਵਾਰ ਨੂੰ ਆਪਣੇ 24 ਸਾਲਾ 5’10" ਕੈਨੇਡੀਅਨ ਜੰਮਪਲ ਪਗੜੀਧਾਰੀ ਪੁੱਤਰ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਸਿਵਲ ਇੰਜੀਨੀਅਰ ਦੀ ਡਿਗਰੀ ਕਰ ਕੇ ਵਧੀਆ ਨਾਮੀ ਇੰਜੀਨੀਅਰਿੰਗ ਫਰਮ ਵਿਚ ਕੰਮ ਕਰ ਰਿਹਾ ਹੈ। ਪਰਿਵਾਰਕ ਅਤੇ USA ਦੀ ਲੜਕੀ ਨੂੰ ਪਹਿਲ। ਚਾਹਵਾਨ ਸੰਪਰਕ ਕਰਨ: 604-763-7068 ਜਾਂ ਈ-ਮੇਲ ਕਰੋ gillco1977@gmail.com

---

Arora family seeks a compatible match for their 33 years, 5’11" handsome turbaned son. Boy has done Masters (Data science and Analytics) from University of Illinois Urbana Champaign & working as a Software engineer in reputed company in Chicago. He is willing to relocate within United States. He is on H1B visa and green card (I-140) is under process. Cast no bar. Please Contact us at +1 2176488985 (Call/ WhatsApp), +91 9289886133(whatsapp) or Email at: tejveeraroras@gmail.com

---

Looking for Suitable Ramgarhia Sikh Dhiman match in USA/CANADA for our well settled boy (US Citizen), July 1994 born in Ludhiana 5’4" , residing in Michigan (Canton). Bachelors degree holder and currently working as a Embedded Software Engineer. please call us at : +17343532316

---

ਅਮਰੀਕਾ ਸਿਟੀਜ਼ਨ ਜੱਟ ਸਿੱਖ, ਆਪਣਾ ਕਾਰੋਬਾਰ ਕਰਦੇ ਉਮਰ 53 ਸਾਲ, 5’11" ਤਲਾਕਸ਼ੁਦਾ (ਕੋਈ ਬੱਚਾ ਨਹੀਂ) ਲਈ ਜੱਟ ਸਿੱਖ ਪਰਿਵਾਰ ਨਾਲ ਸਬੰਧਤ ਯੂ.ਐਸ.ਏ. ਜਾਂ ਕੈਨੇਡਾ ਰਹਿੰਦੀ 40 ਤੋਂ 45 ਸਾਲ (ਬਿਨਾਂ ਪੇਪਰਾਂ ਤੋਂ ਜਾਂ ਪੱਕੀ) ਜੀਵਨ-ਸਾਥਣ ਦੀ ਲੋੜ ਹੈ। ਚਾਹਵਾਨ ਫੋਨ ਨੰਬਰ 414-213-2096 ’ਤੇ ਜਾਂ ਈ-ਮੇਲ harminder121270@gamil.com ’ਤੇ ਸੰਪਰਕ ਕਰਨ। 52-03

---

Ramgarhia Family seeks a suitable match for their USA Born and Raised 30 year 5’6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.


ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

Gurdip Singh Sandhu DHMS, BAMS
HOMEOPATHIC NATURAL MEDICINES
When Tired of all Treatments, For any Disease, At any Age, Try Alternative Treatment

Homeopathic Natural Medicines
Serving Since 1973



Gurdip Singh Sandhu

Homeopathic Ayurvedic Consultant/Physician Since 1973
DHMS-Gold medalist, Ex-Prof, Principal, & CMO Medical Colleges/Hospitals in India

Ph: (408) 687-1899
(925) 557-9093

Email: Homeomdicine@yahoo.com
Website: www.Homeopathyatoz.com

7021 Village Parkway, Dublin, CA 94568
Practice under provision of Act S8_577
State of CA

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
847-359-0746

# ਗੁਰਦੁਆਰਾ ਅਨੰਦਗੜ੍ਹ ਸਾਹਿਬ ਕਰਮਨ ਵਿਖੇ ਚਾਰ ਸਾਹਿਬਜ਼ਾਦਿਆਂ ਅਤੇ ਸ਼ਹੀਦਾਂ ਦੀ ਯਾਦ ਵਿਚ ਸਮਾਗਮ ਕਰਵਾਏ

**ਫਰਿਜ਼ਨੋ: (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਸਿੱਖ ਇਤਿਹਾਸ ਵਿਚ



ਦਸੰਬਰ (ਪੋਹ) ਮਹੀਨੇ ਦੇ ਆਖਰੀ ਦਿਨ ਬਹੁਤ ਮਹੱਤਵਪੂਰਨ ਹਨ। ਇਨ੍ਹਾਂ ਹੀ ਦਿਨਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ, ਮਾਤਾ ਗੁਜਰੀ ਜੀ ਅਤੇ ਹੋਰ ਅਨੇਕਾਂ ਸਿੱਖਾਂ ਨੇ ਧਰਮ ਲਈ ਸ਼ਹੀਦੀਆਂ ਪ੍ਰਾਪਤ ਕੀਤੀਆਂ ਸਨ। ਇਸੇ ਇਤਿਹਾਸਕ ਸਮੇਂ ਨੂੰ ਯਾਦ ਕਰਦਿਆਂ ਕਰਮਨ ਨਿਵਾਸੀ ਸ. ਸਰਬਜੀਤ ਸਿੰਘ ਸਰਾਂ ਅਤੇ ਸੰਗਤਾਂ ਨੇ ਗੁਰਦੁਆਰਾ ਅਨੰਦਗੜ੍ਹ ਸਾਹਿਬ ਕਰਮਨ ਵਿਖੇ ਵਿਸ਼ੇਸ਼ ਸਮਾਗਮ ਕਰਵਾਏ। ਇਸ ਦੌਰਾਨ ਗੁਰੂਘਰ ਵਿਖੇ ਸਹਿਜ ਪਾਠ ਦੇ ਭੋਗ ਪਾਏ ਗਏ ਤੇ ਆਖਰੀ ਤਿੰਨ ਦਿਨ ਗੁਰਬਾਣੀ-ਕੀਰਤਨ ਅਤੇ ਢਾਡੀ ਦਰਬਾਰ ਸਜਾਇਆ ਗਿਆ। ਜਿਸ ਵਿਚ ਸੰਗਤਾਂ ਨੂੰ ਸਿੱਖ ਇਤਿਹਾਸ ਨਾਲ ਜੋੜਿਆ ਗਿਆ।



ਇਨ੍ਹਾਂ ਸ਼ਹੀਦੀ ਸਮਾਗਮਾਂ ਦੀ ਸਮਾਪਤੀ ਸਮੇਂ ਸਹਿਜ ਪਾਠ ਦੇ ਭੋਗ ਉਪਰੰਤ ਗੁਰੂਘਰ ਦੇ ਹਜ਼ੂਰੀ ਕੀਰਤਨੀ ਜਥੇ ਦੇ ਭਾਈ ਬਲਜਿੰਦਰ ਸਿੰਘ, ਭਾਈ ਸਤਿੰਦਰ ਸਿੰਘ ਅਤੇ ਭਾਈ ਨਰਿੰਦਰ ਸਿੰਘ ਨੇ ਨਿਰੋਲ ਗੁਰਬਾਣੀ ਕੀਰਤਨ ਰਾਹੀਂ ਹਾਜ਼ਰੀ ਭਰਦਿਆਂ ਸਿੱਖ ਇਤਿਹਾਸ ਸਰਵਣ ਕਰਵਾਇਆ। ਇਸ ਉਪਰੰਤ ਚੱਲੇ ਢਾਡੀ ਦਰਬਾਰ ਵਿਚ ਜੰਡਿਆਲਾ ਮੰਜਕੀ ਵਾਲੇ ਢਾਡੀ ਜਥੇ ਨੇ ਹਾਜ਼ਰੀ ਭਰੀ ਤੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਪ੍ਰਸੰਗ ਵਿਸਥਾਰ ਅਤੇ ਜਜ਼ਬੇ ਨਾਲ ਸੁਣਾਇਆ। ਇਤਿਹਾਸ ਸੁਣ ਰਹੀਆਂ ਸੰਗਤਾਂ ਦੀਆਂ ਅੱਖਾਂ ਨਮ ਦਿਖ ਰਹੀਆਂ ਸਨ। ਢਾਡੀ ਜੱਥਾ ਹਾਜ਼ਰ ਸੰਗਤਾਂ ਨੂੰ ਇਤਿਹਾਸ ਸੁਣਾਉਂਦੇ ਹੋਏ ਬੜੀ ਸੂਝ ਨਾਲ ਇਸ ਤਰ੍ਹਾਂ ਤੋਰ ਰਿਹਾ ਸੀ ਕਿ ਸੰਗਤਾਂ ਉਸ ਸਮੇਂ ਦੇ ਹਲਾਤਾਂ ਨੂੰ ਮਹਿਸੂਸ ਕਰ ਰਹੀਆਂ ਸਨ। ਸੰਗਤਾਂ ਦੇ ਮੂੰਹੋ ਆਪ-ਮੁਹਾਰੇ ਨਿਕਲ ਰਿਹਾ ਸੀ ਕਿ 'ਧੰਨ ਗੁਰੂ ਗੋਬਿੰਦ ਸਿੰਘ ਜੀ ਅਤੇ ਧੰਨ ਉਨ੍ਹਾਂ ਦੇ ਲਾਲ।' ਇਸ ਸਮੇਂ ਸੰਗਤਾਂ ਵੱਲੋਂ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰੇ ਵੀ ਲਾਏ ਗਏ। ਇਸੇ ਦੌਰਾਨ ਬੰਦਾ ਸਿੰਘ ਬਹਾਦਰ ਦਾ ਬਹਾਦਰੀ ਭਰਿਆ ਸੰਖੇਪ ਇਤਿਹਾਸ ਵੀ ਸਰਵਣ ਕਰਵਾਇਆ ਗਿਆ। ਅੰਤ ਸੰਗਤਾਂ ਵੱਲੋਂ ਢਾਡੀ ਜਥੇ ਦਾ ਸਨਮਾਨ ਕੀਤਾ ਗਿਆ।



ਸਮੁੱਚੇ ਪ੍ਰੋਗਰਾਮ ਵਿਚ ਕਰਮਨ ਸ਼ਹਿਰ ਅਤੇ ਹੋਰ ਦੂਰ-ਦੁਰਾਡੇ ਤੋਂ ਸੰਗਤਾਂ ਨੇ ਹਾਜ਼ਰੀਆਂ ਭਰੀਆਂ। ਤਿੰਨੇ ਦਿਨ ਮਰਿਆਦਾ ਅਨੁਸਾਰ ਸਾਦੇ ਗੁਰੂ ਦੇ ਲੰਗਰ ਅਤੁੱਟ ਵਰਤੇ। ਆਪਣੀ ਨਵੀਂ ਪੀੜ੍ਹੀ ਦੇ ਬੱਚਿਆਂ ਅਤੇ ਵਿਦੇਸ਼ਾਂ ਵਿਚ ਵਸਦੇ ਲੋਕਾਂ ਨੂੰ ਦੁਨੀਆਂ ਦੇ ਸਭ ਤੋਂ ਵੱਧ ਕੁਰਬਾਨੀਆਂ ਭਰੇ ਇਤਿਹਾਸ ਤੋਂ ਜਾਣੂ ਕਰਵਾਉਣ ਲਈ ਇਹੋ ਜਿਹੇ ਪ੍ਰੋਗਰਾਮ ਬਹੁਤ ਜ਼ਰੂਰੀ ਹਨ। ਇਸ ਤਿੰਨ ਦਿਨਾਂ ਢਾਡੀ ਦਰਬਾਰ ਅਤੇ ਗੁਰਬਾਣੀ ਕੀਰਤਨ ਦਾ ਵਧੀਆ ਪ੍ਰੋਗਰਾਮ ਉਲੀਕਣ ਲਈ ਸ. ਸਰਬਜੀਤ ਸਿੰਘ ਸਰਾਂ ਅਤੇ ਸਮੂਹ ਸੰਗਤਾਂ ਵਧਾਈ ਦੀਆਂ ਪਾਤਰ ਹਨ।

# ਵਕਤ ਦੀ ਹਰ ਕਸਵੱਟੀ 'ਤੇ ਖਰਾ ਉਤਰਿਆ ਹੈ ਸੰਵਿਧਾਨ: ਮੋਦੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ਕਿਹਾ ਹੈ ਕਿ ਵਕਤ ਦੀ ਹਰ ਕਸਵੱਟੀ 'ਤੇ ਸੰਵਿਧਾਨ ਖਰਾ ਉਤਰਿਆ ਹੈ ਤੇ ਇਹ ਸਾਡਾ ਮਾਰਗ ਦਰਸ਼ਕ ਹੈ। ਮੋਦੀ ਨੇ ਆਪਣੇ ਮਹੀਨਾਵਾਰ ਰੇਡੀਓ ਪ੍ਰੋਗਰਾਮ 'ਮਨ ਕੀ ਬਾਤ' ਵਿਚ ਕਿਹਾ ਹੈ ਕਿ ਅਗਲੇ ਗਣਤੰਤਰ ਦਿਵਸ 'ਤੇ ਸੰਵਿਧਾਨ ਨੂੰ ਲਾਗੂ ਹੋਏ 75 ਵਰ੍ਹੇ ਹੋ ਜਾਣਗੇ। ਇਹ ਸਾਡੇ ਸਾਰਿਆਂ ਲਈ ਫ਼ਖ਼ਰ ਕਰਨ ਵਾਲੀ ਗੱਲ ਹੈ। ਸਾਡੇ ਸੰਵਿਧਾਨ ਨਿਰਮਾਤਾਵਾਂ ਨੇ ਸਾਨੂੰ ਜਿਹੜਾ ਸੰਵਿਧਾਨ ਸੌਂਪਿਆ ਹੈ, ਉਹ ਸਮੇਂ ਦੀ ਹਰ ਕਸਵੱਟੀ 'ਤੇ ਖਰਾ ਉਤਰਿਆ ਹੈ। ਇਹ ਭਾਰਤ ਦਾ ਸੰਵਿਧਾਨ ਹੀ ਹੈ, ਜਿਸ ਸਦਕਾ ਅੱਜ ਮੈਂ ਇੱਥੇ ਪੁੱਜਾ ਹਾਂ ਤੇ ਤੁਹਾਡੇ ਨਾਲ ਗੱਲ ਕਰ ਸਕਦਾ ਹਾਂ।

ਪ੍ਰਯਾਗਰਾਜ 'ਚ ਮਹਾਕੁੰਭ ਦੀਆਂ ਚੱਲ ਰਹੀਆਂ ਤਿਆਰੀਆਂ ਦਰਮਿਆਨ ਮੋਦੀ ਨੇ ਇਸ ਦਾ ਖ਼ਾਸ ਤੌਰ 'ਤੇ ਜ਼ਿਕਰ ਕੀਤਾ ਤੇ ਕੁੰਭ ਨੂੰ ਕੌਮੀ ਏਕਤਾ ਦਾ ਮਹਾਕੁੰਭ ਦੱਸਿਆ। ਦੇਸ਼ਵਾਸੀਆਂ ਨੂੰ ਇਕਜੁੱਟਤਾ ਦਾ ਸੱਦਾ ਦਿੰਦੇ ਹੋਏ ਉਨ੍ਹਾਂ ਕਿਹਾ, 'ਮਹਾਕੁੰਭ ਕਾ ਸੰਦੇਸ਼, ਏਕ ਹੋ ਪੂਰਾ ਦੇਸ਼, ਗੰਗਾ ਕੀ ਅਵਿਰਲ ਧਾਰਾ, ਨਾ ਬੰਟੇ ਸਮਾਜ ਹਮਾਰਾ'। ਪ੍ਰਧਾਨ ਮੰਤਰੀ ਵਿਸ਼ਾਲਤਾ ਦੇ ਨਾਲ




ਭਿੰਨਤਾ ਨੂੰ ਮਹਾਕੁੰਭ ਦੀ ਖ਼ੂਬੀ ਦੱਸਦੇ ਹੋਏ ਮੁਲਕ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਜਦੋਂ ਮਹਾਕੁੰਭ ਵਿਚ ਸ਼ਾਮਲ ਹੋਣਾ ਤਾਂ ਏਕਤਾ ਦੇ ਸੰਕਲਪ ਨੂੰ ਨਾਲ ਲੈ ਕੇ ਪਰਤਣਾ। ਸਮਾਜ ਵਿਚ ਵੰਡੀਆਂ ਪਾਉਣ ਤੇ ਨਫ਼ਰਤ ਦੇ ਭਾਵ ਨੂੰ ਖ਼ਤਮ ਕਰਨ ਦਾ ਅਹਿਦ ਵੀ ਲੈਣਾ। ਕੁੰਭ ਦੇ ਡਿਜੀਟਲ ਇੰਤਜ਼ਾਮਾਂ ਬਾਰੇ ਜ਼ਿਕਰ ਕਰਦੇ ਹੋਏ ਉਨ੍ਹਾਂ ਨੇ ਹੈਸ਼ਟੈਗ ਏਕਤਾ ਕਾ ਮਹਾਕੁੰਭ ਨਾਲ ਆਪਣੀ ਸੈਲਫੀ ਅਪਲੋਡ ਕਰਨ ਦਾ ਵੀ ਸੱਦਾ ਦਿੱਤਾ ਹੈ।

## ਰਾਜ ਕਪੂਰ ਤੇ ਮੁਹੰਮਦ ਰਫ਼ੀ ਨੂੰ ਕੀਤਾ ਯਾਦ

ਪ੍ਰਧਾਨ ਮੰਤਰੀ ਨੇ ਆਪਣੇ ਭਾਸ਼ਨ 'ਚ ਫ਼ਿਲਮ ਅਦਾਕਾਰ ਰਾਜ ਕਪੂਰ ਅਤੇ ਗਾਇਕ ਮੁਹੰਮਦ ਰਫੀ ਨੂੰ ਵੀ ਯਾਦ ਕੀਤਾ। ਉਨ੍ਹਾਂ ਕਿਹਾ ਕਿ ਰਾਜ ਕਪੂਰ ਨੇ ਫ਼ਿਲਮਾਂ ਰਾਹੀਂ ਦੁਨੀਆ ਨੂੰ ਭਾਰਤ ਦੀ ਸਾਫ਼ਟ ਪਾਵਰ ਨਾਲ ਰੂਬਰੂ ਕਰਵਾਇਆ। ਰਫੀ ਸਾਹਿਬ ਦੀ ਆਵਾਜ਼ 'ਚ ਉਹ ਜਾਦੂ ਸੀ, ਜੋ ਹਰ ਦਿਲ ਨੂੰ ਛੂਹ ਲੈਂਦੀ ਸੀ। ਉਨ੍ਹਾਂ ਤੇਲਗੂ ਅਦਾਕਾਰ ਅੱਕੀਨੇਨੀ ਨਾਗੇਸ਼ਵਰ ਰਾਵ ਗਾਰੂ ਅਤੇ ਤਪਨ ਸਿਨਹਾ ਦਾ ਵੀ ਜ਼ਿਕਰ ਕੀਤਾ। ਇਨ੍ਹਾਂ ਸਭ ਫ਼ਿਲਮੀ ਹਸਤੀਆਂ ਦੀ ਇਸ ਸਾਲ 100ਵੀਂ ਜੈਅੰਤੀ ਸੀ। ਮੋਦੀ ਨੇ ਐਨੀਮੇਸ਼ਨ ਸੀਰੀਜ਼ ਕੇ.ਟੀ.ਬੀ. ਦਾ ਵੀ ਜ਼ਿਕਰ ਕੀਤਾ ਅਤੇ ਦੇਸ਼ਵਾਸੀਆਂ ਨੂੰ ਨਵੇਂ ਸਾਲ ਦੀ ਵਧਾਈ ਵੀ ਦਿੱਤੀ।

# ਕਾਫ਼ਲੇ ਵੱਲੋਂ ਕੁਲਦੀਪ ਸਿੰਘ ਪ੍ਰਦੇਸੀ ਨੂੰ ਸਮਰਪਿਤ ਕਵੀ ਦਰਬਾਰ

**ਬਰੈਂਪਟਨ: (ਰਛਪਾਲ ਕੌਰ ਗਿੱਲ):** 'ਪੰਜਾਬੀ ਕਲਮਾਂ ਦਾ ਕਾਫ਼ਲਾ ਟੋਰਾਂਟੋ' ਦੀ ਮਹੀਨੇਵਾਰ ਮੀਟਿੰਗ ਦੌਰਾਨ ਕੁਲਦੀਪ ਸਿੰਘ



ਪ੍ਰਦੇਸੀ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਵਿਸ਼ਾਲ ਕਵੀ ਦਰਬਾਰ ਆਯੋਜਿਤ ਕੀਤਾ ਗਿਆ।

ਕੁਲਵਿੰਦਰ ਖਹਿਰਾ ਨੇ ਕੁਲਦੀਪ ਸਿੰਘ ਪ੍ਰਦੇਸੀ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇੱਕ ਅਮੀਰ ਘਰ 'ਚ ਪੈਦਾ ਹੋਏ ਪ੍ਰਦੇਸੀ ਦਾ ਬਚਪਨ ਅਜਿਹੇ ਦੁੱਖਾਂ ਅਤੇ ਸਦਮਿਆਂ ਭਰਿਆ ਸੀ ਜਿਹੜੇ ਮਨੁੱਖ ਨੂੰ ਅੱਤਵਾਦੀ, ਕਾਤਲ, ਲੁਟੇਰਾ ਜਾਂ ਬਲਾਤਕਾਰੀ ਬਣਾ ਕੇ ਰੱਖ ਦਿੰਦੇ ਹਨ। ਇਨ੍ਹਾਂ ਸਦਮਿਆਂ ਨੇ ਉਸ ਨੂੰ ਤੋੜਨ ਦੀ ਬਜਾਇ ਉਸਦੀ ਜ਼ਮੀਰ ਨੂੰ ਨਿਖਾਰਿਆ ਤੇ ਉਸ ਵਿਚੋਂ ਇੱਕ ਦਰਦਮੰਦ ਇਨਸਾਨ ਪੈਦਾ ਕੀਤਾ। ਬਦਲਾਖੋਰੀ ਭਾਵਨਾ ਪੈਦਾ ਕਰਨ ਦੀ ਬਜਾਇ ਪ੍ਰਦੇਸੀ ਸਾਹਿਬ ਨੇ ਲੋਕਾਈ ਦੇ ਦਰਦ ਨੂੰ ਆਪਣਾ ਦਰਦ ਬਣਾਇਆ ਅਤੇ ਸਾਰੀ ਉਮਰ ਮਜ਼ਲੂਮਾਂ ਦੀ ਆਵਾਜ਼ ਤੇ ਆਸਰਾ ਬਣਨ ਦੀ ਕੋਸ਼ਿਸ਼ ਵਿਚ ਲੱਗੇ ਰਹੇ।

ਇਸ ਤੋਂ ਬਾਅਦ ਓਨਕਾਰਪ੍ਰੀਤ ਨੇ ਕੁਲਦੀਪ ਸਿੰਘ ਪ੍ਰਦੇਸੀ ਨੂੰ ਸ਼ਰਧਾਂਜਲੀ ਪੇਸ਼ ਕਰਦਿਆਂ ਦੱਸਿਆ ਕਿ ਪ੍ਰਦੇਸੀ ਸਾਹਿਬ ਨੇ ਉਨ੍ਹਾਂ ਨੂੰ ਕਹਿ ਕੇ "ਔਰਤ ਦੀ ਚਾਰ ਦਿਨਾਂ ਦੀ ਜ਼ਿੰਦਗੀ" ਗੀਤ ਲਿਖਵਾਇਆ ਸੀ ਜੋ ਉਹ ਹਰ ਮਹਿਫ਼ਲ ਅਤੇ ਹਰ ਸਮਾਗਮ 'ਤੇ ਗਾਉਂਦੇ ਰਹੇ। ਗੁਰਬਚਨ ਚਿੰਤਕ ਨੇ ਆਪਣੀ ਨਿੱਜੀ ਸਾਂਝ ਬਿਆਨ ਕਰਦਿਆਂ ਸ਼ਰਧਾਂਜਲੀ ਪੇਸ਼ ਕੀਤੀ। ਰਛਪਾਲ ਕੌਰ ਗਿੱਲ ਨੇ ਕਿਹਾ ਕਿ ਪਰਦੇਸੀ ਸਾਹਿਬ ਔਰਤਾਂ ਪ੍ਰਤੀ ਬਹੁਤ ਸੰਵੇਦਨਸ਼ੀਲ ਸਨ। ਜਰਨੈਲ ਸਿੰਘ ਕਹਾਣੀਕਾਰ ਨੇ ਕਿਹਾ ਕਿ ਪ੍ਰਦੇਸੀ ਸਾਹਿਬ ਦੀ ਅਵਾਜ਼ ਵਿਚ ਜਾਦੂਮਈ ਅਸਰ ਸੀ।



ਕੁਲਦੀਪ ਸਿੰਘ ਪ੍ਰਦੇਸੀ ਨਾਮਵਰ ਗਾਇਕ ਸਨ ਜਿਨ੍ਹਾਂ ਨੇ ਨਰਿੰਦਰ ਬੀਬਾ ਅਤੇ ਸੁਰਿੰਦਰ ਕੌਰ ਨਾਲ਼ "ਹੋਇਆ ਕੀ ਪਰਾਹੁਣਿਆ ਵੇ ਤੇਰੀ ਮੱਤ ਨੂੰ" ਵਰਗੇ ਗੀਤ ਰਿਕਾਰਡ ਕਰਵਾਏ ਅਤੇ ਫਿਰ ਚਰਨ ਸਿੰਘ ਸਫ਼ਰੀ, ਕਰਤਾਰ ਸਿੰਘ ਬਲੱਗਣ, ਮਹਿੰਦਰ ਸਿੰਘ ਦਰਦ ਆਦਿ ਸ਼ਾਇਰਾਂ ਦੀ ਸ਼ਾਇਰੀ ਨਾਲ਼ ਪੰਜਾਬੀ ਵਿਚ ਪਹਿਲਾ ਗ਼ਜ਼ਲ ਗਾਇਕੀ ਦਾ ਰਿਕਾਰਡ ਬਣਾਉਣ ਦੇ ਨਾਲ਼ ਨਾਲ਼ ਡਾ. ਜਗਤਾਰ, ਸੁਰਜੀਤ ਪਾਤਰ, ਕ੍ਰਿਸ਼ਨ ਭਨੋਟ ਆਦਿ ਦੀਆਂ ਗ਼ਜ਼ਲਾਂ ਵੀ ਗਾਈਆਂ।

ਨਾਟਕਕਾਰ ਕ੍ਰਿਪਾਲ ਕੰਵਲ (ਕਵੀ ਨਿਰੰਜਨ ਸਿੰਘ ਨੂਰ ਦੇ ਭਤੀਜੇ) ਨੇ ਪ੍ਰਦੇਸੀ ਸਾਹਿਬ ਦੀ ਨੂਰ ਸਾਹਿਬ ਨਾਲ਼ ਸਾਂਝ ਦਾ ਹਵਾਲਾ ਦਿੰਦਿਆਂ ਜਿੱਥੇ ਉਨ੍ਹਾਂ ਵੱਲੋਂ ਨੂਰ ਸਾਹਿਬ ਦਾ ਗਾਇਆ ਹੋਇਆ ਗੀਤ "ਮੈਂ ਆਪਣੀ ਭਾਲ਼ ਵਿਚ ਤੁਰਿਆਂ ਤੇ ਸ਼ਾਇਦ ਪਰਤ ਹੀ ਆਵਾਂ, ਤੂੰ ਦੀਵਾ ਬਾਲ਼ ਕੇ ਰੱਖੀਂ..." ਪੇਸ਼ ਕੀਤਾ।

ਪ੍ਰਦੇਸੀ ਸਾਹਿਬ ਦੀ ਬੇਟੀ ਰੀਨਾ, ਬੇਟੇ ਹਰਪ੍ਰੀਤ ਤੇ ਦੋਹਤੇ ਅੰਮ੍ਰਿਤ ਨੇ ਉਨ੍ਹਾਂ ਨਾਲ਼ ਜੁੜੀਆਂ ਯਾਦਾਂ ਸਾਂਝੀਆਂ ਕਰਦਿਆਂ ਉਨ੍ਹਾਂ ਦੀ ਆਪਣੇ ਬੱਚਿਆਂ ਪ੍ਰਤੀ ਲਗਨ ਦਾ ਜ਼ਿਕਰ ਕੀਤਾ।

ਕਵੀ ਦਰਬਾਰ ਵਿਚ ਗੁਰਬਚਨ ਚੇਤਕ, ਗੁਰਦੇਵ ਚੌਹਾਨ, ਤਲਵਿੰਦਰ ਮੰਡ, ਗਿਆਨ ਸਿੰਘ ਦਰਦੀ, ਇਕਬਾਲ ਬਰਾੜ, ਨਿਰਮਲ ਜਸਵਾਲ, ਕੁਲਦੀਪ ਪਾਹਵਾ, ਸੁਰਜੀਤ ਕੌਰ, ਮਲਵਿੰਦਰ ਸਿੰਘ, ਸੁਸ਼ਮਾ, ਡਾ. ਬਲਵਿੰਦਰ, ਰਿੰਟੂ ਭਾਟੀਆ, ਉਜ਼ਮਾ ਮਹਿਮੂਦ, ਬਲਰਾਜ ਧਾਲੀਵਾਲ, ਓਂਕਾਰਪ੍ਰੀਤ, ਸੁਖਚਰਨਜੀਤ ਗਿੱਲ, ਪਰਮਜੀਤ ਢਿੱਲੋਂ, ਰਸ਼ੀਦ ਨਦੀਮ, ਸੁਖਦੇਵ ਝੰਡ ਨੇ ਵੱਖ-ਵੱਖ ਰੰਗਾਂ ਦੀਆਂ ਰਚਨਾਵਾਂ ਸਾਂਝੀਆਂ ਕੀਤੀਆਂ।

ਅਖੀਰ 'ਤੇ ਪਿਆਰਾ ਸਿੰਘ ਕੁਦੋਵਾਲ ਨੇ ਸਭ ਹਾਜ਼ਰੀਨ ਦਾ ਧੰਨਵਾਦ ਕੀਤਾ। ਸੰਵਿਧਾਨ ਦੇ ਨਿਯਮਾਂ ਦੀ ਕਦਰ ਕਰਦਿਆਂ ਉਸਨੇ ਆਪਣੀ ਕਾਫ਼ਲੇ ਦੇ ਸੰਚਾਲਕ ਦੀ ਜ਼ਿੰਮੇਵਾਰੀ ਤੋਂ ਅਸਤੀਫ਼ਾ ਦਿੱਤਾ ਕਿਉਂਕਿ ਉਹ ਹੋਰ ਸੰਸਥਾਵਾਂ ਨਾਲ਼ ਜ਼ਿੰਮੇਵਾਰੀ ਨਿਭਾਉਣ ਲਈ ਵਚਨਬੱਧ ਹਨ।

ਇਸ ਤੋਂ ਇਲਾਵਾ ਰਾਜ ਘੁੰਮਣ, ਜਤਿੰਦਰ ਰੰਧਾਵਾ, ਬਲਜੀਤ ਧਾਲੀਵਾਲ, ਸੁਧੀਰ ਘਈ, ਸੁਰਿੰਦਰ ਸਿੰਘ, ਹਰਜਿੰਦਰ ਸਿੰਘ, ਨਛੱਤਰ ਪ੍ਰੀਤੀ ਢਿੱਲੋਂ, ਕਬੀਰ ਘੁੰਮਣ, ਕੁਲਜੀਤ ਸੈਣੀ, ਅਜ਼ਾਦ ਘੁੰਮਣ, ਮਨਤੇਜ ਬਾਜਵਾ, ਸਿਕੰਦਰ ਗਿੱਲ, ਸ਼ਮਸ਼ੇਰ ਸਿੰਘ, ਗੁਰਜਿੰਦਰ ਸਿੰਘ ਸੰਘੇੜਾ, ਗੁਰਬਖਸ਼ ਕੌਰ ਬੈਂਸ, ਲਾਲ ਸਿੰਘ ਬੈਂਸ, ਸਤਿੰਦਰ ਸਿੰਘ, ਨਾਹਰ ਸਿੰਘ, ਜਸਰਾਜ ਸਿੰਘ, ਸੁੱਚਾ ਸਿੰਘ ਨੇ ਵੀ ਮੀਟਿੰਗ ਵਿਚ ਹਾਜ਼ਰੀ ਲਵਾਈ।

ਇਸ ਮੀਟਿੰਗ ਵਿਚ ਕਿਰਪਾਲ ਕੰਵਲ ਅਤੇ ਰਾਜਿੰਦਰ ਸਿੰਘ ਸੰਧੂ ਵੱਲੋਂ ਚਾਹ-ਪਾਣੀ ਦਾ ਪ੍ਰਬੰਧ ਕੀਤਾ ਗਿਆ।

# ਕਿਸੇ ਵੀ ਰੈਣ ਬਸੇਰੇ ਵਿਚ ਰੁਕਣ ਲਈ ਸ਼ਨਾਖ਼ਤੀ ਕਾਰਡ ਜ਼ਰੂਰੀ ਹੋਵੇਗਾ

**ਜਲੰਧਰ:** ਡੀ.ਸੀ.ਪੀ. (ਲਾਅ ਐਡ ਆਰਡਰ) ਅੰਕੁਰ ਗੁਪਤਾ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੁਕਮ ਜਾਰੀ ਕੀਤੇ ਗਏ ਹਨ ਕਿ ਕੋਈ ਵੀ ਹੋਟਲ/ਮੋਟਲ/ਗੈਸਟ ਹਾਊਸ ਤੇ ਸਰਾਵਾਂ ਆਦਿ ਦੇ ਮਾਲਕ/ ਪ੍ਰਬੰਧਕ ਕਿਸੇ ਵੀ ਵਿਅਕਤੀ/ਯਾਤਰੀ ਨੂੰ ਉਸ ਦੀ ਸ਼ਨਾਖਤ ਕੀਤੇ ਬਗ਼ੈਰ ਨਹੀਂ ਠਹਿਰਾਉਣਗੇ। ਹੋਟਲ/ਮੋਟਲ/ਗੈਸਟ ਹਾਊਸ ਤੇ ਸਰਾਵਾਂ ਆਦਿ 'ਚ ਠਹਿਰਣ ਵਾਲੇ ਹਰੇਕ ਵਿਅਕਤੀ/ਯਾਤਰੀ ਦਾ ਵੈਲਿਡ ਫੋਟੋ ਸ਼ਨਾਖਤੀ ਕਾਰਡ, ਜੋ ਸਮਰੱਥ ਅਧਿਕਾਰੀ ਵੱਲੋਂ ਉਸ ਨੂੰ ਜਾਰੀ ਕੀਤਾ ਗਿਆ ਹੋਵੇ, ਦੀ ਉਸ ਵਿਅਕਤੀ/ ਯਾਤਰੀ ਵੱਲੋਂ ਸਵੈ-ਤਸਦੀਕਸ਼ੁਦਾ ਫੋਟੋ ਕਾਪੀ ਬਤੌਰ ਰਿਕਾਰਡ ਰੱਖਣਗੇ ਤੇ ਵਿਅਕਤੀ/ਯਾਤਰੀ ਦਾ ਮੋਬਾਈਲ ਤਸਦੀਕ ਕਰਨ ਤੋਂ ਇਲਾਵਾ ਠਹਿਰਣ ਵਾਲੇ ਵਿਅਕਤੀ/ਯਾਤਰੀ ਦਾ ਰਿਕਾਰਡ ਦਿੱਤੇ ਪ੍ਰੋਫਾਰਮੇ ਮੁਤਾਬਕ ਰਜਿਸਟਰ 'ਤੇ



ਮੇਨਟੇਨ ਕਰਨਗੇ। ਹੋਟਲ/ਮੋਟਲ/ਗੈਸਟ ਹਾਊਸ ਅਤੇ ਸਰ੍ਹਾਵਾਂ ਆਦਿ ਵਿਚ ਠਹਿਰੇ ਹੋਏ ਵਿਅਕਤੀਆਂ/ਯਾਤਰੀਆਂ ਸਬੰਧੀ ਜਾਣਕਾਰੀ ਰੋਜ਼ਾਨਾ ਸਵੇਰੇ 10 ਵਜੇ ਸਬੰਧਿਤ ਮੁੱਖ ਅਫ਼ਸਰ ਥਾਣਾ ਨੂੰ ਭੇਜਣਗੇ ਅਤੇ ਠਹਿਰੇ ਵਿਅਕਤੀਆਂ/ਯਾਤਰੀਆਂ ਸਬੰਧੀ ਰਜਿਸਟਰ ਵਿਚ ਦਰਜ ਰਿਕਾਰਡ ਨੂੰ ਹਰੇਕ ਸੋਮਵਾਰ ਨੂੰ ਸਬੰਧਿਤ ਮੁੱਖ ਅਫ਼ਸਰ ਥਾਣਾ ਪਾਸੋਂ ਤਸਦੀਕ ਕਰਵਾਉਣਗੇ ਅਤੇ ਲੋੜ ਪੈਣ 'ਤੇ ਰਿਕਾਰਡ ਪੁਲਿਸ ਨੂੰ ਮੁਹੱਈਆ ਕਰਵਾਉਣਗੇ।

ਇਸ ਤੋਂ ਇਲਾਵਾ ਜਦੋਂ ਵੀ ਕੋਈ ਵਿਦੇਸ਼ੀ ਵਿਅਕਤੀ ਕਿਸੇ ਹੋਟਲ/ਮੋਟਲ/ਗੈਸਟ ਹਾਊਸ ਅਤੇ ਸਰ੍ਹਾਵਾਂ ਵਿਚ ਠਹਿਰਦਾ ਹੈ ਤਾਂ ਇਸ ਸਬੰਧੀ ਇਤਲਾਹ ਇੰਚਾਰਜ ਫੋਰਨਰਸ ਰਜਿਸਟ੍ਰੇਸ਼ਨ ਆਫਿਸ, ਦਫ਼ਤਰ ਕਮਿਸ਼ਨਰ ਪੁਲਿਸ, ਲਾਅ ਐਂਡ ਆਰਡਰ, ਜਲੰਧਰ ਨੂੰ ਦਿੱਤੀ ਜਾਵੇ। ਇਸ ਤੋਂ ਇਲਾਵਾ ਹਰੇਕ ਹੋਟਲ/ਮੋਟਲ/ਰੈਸਟੋਰੈਂਟ/ ਗੈਸਟ ਹਾਊਸ ਅਤੇ ਸਰਾਵਾਂ ਦੇ ਕੋਰੀਡੋਰ, ਲਿਫ਼ਟ, ਰਿਸੈਪਸ਼ਨ ਕਾਊਂਟਰ ਅਤੇ ਮੁੱਖ ਪ੍ਰਵੇਸ਼ ਦਰਵਾਜ਼ੇ 'ਤੇ ਸੀ.ਸੀ.ਟੀ.ਵੀ. ਕੈਮਰੇ ਲਗਾਏ ਜਾਣ। ਜੇਕਰ ਕੋਈ ਸ਼ੱਕੀ ਵਿਅਕਤੀ ਹੋਟਲ/ਮੋਟਲ/ਗੈਸਟ ਹਾਊਸ/ ਰੈਸਟੋਰੈਂਟ ਅਤੇ ਸਰ੍ਹਾਂ ਵਿਖੇ ਠਹਿਰਦਾ/ ਆਉਂਦਾ ਹੈ, ਜੋ ਕਿਸੇ ਪੁਲਿਸ ਕੇਸ ਵਿਚ ਲੋੜੀਂਦਾ ਹੈ ਜਾਂ ਕਿਸੇ ਹੋਟਲ/ਰੈਸਟੋਰੈਂਟ/ ਮੋਟਲ/ਗੈਸਟ ਹਾਊਸ ਅਤੇ ਸਰ੍ਹਾਂ ਵਿਚ ਠਹਿਰੇ/ਆਏ ਵਿਅਕਤੀ/ਯਾਤਰੀ ਨੂੰ ਕਿਸੇ ਹੋਰ ਰਾਜ/ਜ਼ਿਲ੍ਹੇ ਦੀ ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤਾ ਜਾਂਦਾ ਹੈ ਤਾਂ ਹੋਟਲ/ਰੈਸਟੋਰੈਂਟ/ਮੋਟਲ/ਗੈਸਟ ਹਾਊਸ ਅਤੇ ਸਰ੍ਹਾਂ ਦਾ ਮਾਲਕ/ਪ੍ਰਬੰਧਕ ਤੁਰੰਤ ਇਸ ਦੀ ਸੂਚਨਾ ਸਬੰਧਤ ਥਾਣੇ/ਪੁਲਿਸ ਕੰਟਰੋਲ ਰੂਮ ਨੂੰ ਦੇਣ ਦੇ ਜ਼ਿੰਮੇਵਾਰ ਹੋਣਗੇ।

ਡਿਪਟੀ ਕਮਿਸ਼ਨਰ ਪੁਲਿਸ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਤੇ ਆਰਮਜ਼ ਰੂਲਜ਼, 2016 ਦੇ ਰੂਲ ਨੰਬਰ 32 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਪੁਲਿਸ ਕਮਿਸ਼ਨਰੇਟ ਜਲੰਧਰ ਦੇ ਇਲਾਕੇ ਵਿੱਚ ਹਥਿਆਰਾਂ ਦੇ ਪ੍ਰਦਰਸ਼ਨ 'ਤੇ ਰੋਕ ਲਾਈ ਗਈ ਹੈ। ਜਾਰੀ ਹੁਕਮਾਂ ਅਨੁਸਾਰ ਕਿਸੇ ਵੀ ਵਿਅਕਤੀ ਵੱਲੋਂ ਜਨਤਕ ਅਤੇ ਧਾਰਮਿਕ ਥਾਵਾਂ, ਵਿਆਹਾਂ-ਸ਼ਾਦੀਆਂ/ ਪਾਰਟੀਆਂ ਦੇ ਮੌਕੇ 'ਤੇ ਮੈਰਿਜ ਪੈਲੇਸਾਂ/ਹੋਟਲਾਂ/ਹਾਲਾਂ ਆਦਿ ਵਿੱਚ ਅਤੇ ਹੋਰ ਇਕੱਠ ਵਾਲੀਆਂ ਥਾਵਾਂ ਵਿੱਚ ਹਥਿਆਰ ਲੈ ਕੇ ਜਾਣ ਅਤੇ ਹਥਿਆਰਾਂ ਦਾ ਪ੍ਰਦਰਸ਼ਨ ਕਰਨ 'ਤੇ ਪੂਰਨ ਪਾਬੰਦੀ ਲਗਾਈ ਗਈ ਹੈ।

ਹੁਕਮਾਂ ਵਿੱਚ ਇਹ ਵੀ ਕਿਹਾ ਗਿਆ ਹੈ। ਕਿ ਕੋਈ ਵੀ ਵਿਅਕਤੀ ਹਥਿਆਰਾਂ ਨੂੰ ਪ੍ਰਮੋਟ ਕਰਨ ਵਾਲੇ ਗੀਤਾਂ ਅਤੇ ਹਿੰਸਾ/ਲੜਾਈਆਂ- ਝਗੜਿਆਂ ਦੀ ਵਡਿਆਈ ਕਰਨ ਵਾਲੇ ਗੀਤਾਂ ਨੂੰ ਅਤੇ ਹਥਿਆਰਾਂ ਨੂੰ ਲੈ ਕੇ ਫੋਟੋ ਆਦਿ ਖਿਚਵਾ ਕੇ ਜਾਂ ਵੀਡੀਓ ਕਲਿਪ ਆਦਿ ਬਣਾ ਕੇ ਸੋਸ਼ਲ ਮੀਡੀਆ ਜਿਵੇਂ ਫੇਸਬੁੱਕ/ਵਟਸਐਪ/ਸਨੈਪਚੈਟ ਅਤੇ ਇੰਸਟਾਗ੍ਰਾਮ ਆਦਿ 'ਤੇ ਅਪਲੋਡ ਨਹੀਂ ਕਰੇਗਾ, ਅਜਿਹਾ ਕਰਨ 'ਤੇ ਪੂਰਨ ਪਾਬੰਦੀ ਲਗਾਈ ਜਾਂਦੀ ਹੈ। ਇਸ ਤੋਂ ਇਲਾਵਾ ਕੋਈ ਵੀ ਵਿਅਕਤੀ ਕਿਸੇ ਵੀ ਭਾਈਚਾਰੇ ਵਿਰੁੱਧ ਨਫ਼ਰਤ ਭਰਿਆ ਭਾਸ਼ਣ ਨਹੀਂ ਦੇਵੇਗਾ।


ਡਰਾਈਵਰਾਂ ਲਈ ਸੁਨਹਿਰੀ ਮੌਕਾ !
ਅਸੀਂ ਆਪਣੀ ਕੰਪਨੀ ਲਈ ਡਰਾਈਵਰ ਭਰਤੀ ਕਰ ਰਹੇ ਹਾਂ।





WE'RE HIRING!
ਮਿਸ਼ੀਗਨ ਟਰਮੀਨਲ ਲਈ ਸਾਨੂੰ ਓ ਟੀ ਆਰ ਡਰਾਈਵਰਾਂ ਦੀ ਲੋੜ ਹੈ। ਮਿਸ਼ੀਗਨ ਤੋਂ ਟੈਕਸਸ ਅਤੇ ਟੈਕਸਸ ਤੋਂ ਮਿਸ਼ੀਗਨ ਲਈ ਪੱਕੇ ਲੋਡ।
Contact Us For Details
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
OTR Drivers
Michigan Terminal
MI to TX dedicated runs
+1 (734) 209-1964
+1 (734) 228 6300



UMA TRAVELS
2535 West Devon Ave.,
Chicago, IL 60659
For Delhi-Bombay Ahmedabad, Hydrabad-Madras
Call For Special Sale Fares
Call: 773-338-5603

Homeopathicvibes
Harminder Singh Gill
Homeopathic Consultant and Practitioner



D.H.M.S; B.C.I.H
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
Ph: (408) 737-7100
www.homeopathicvibes.com
We sell and ship homeopathic remedies through out North America.

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Grand Opening
Special Price for Truck Wash
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**


The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਸਮਾਧੀ ਦੀ ਸਿਆਸਤ

*ਐੱਸ.ਜੀ.ਪੀ.ਸੀ. ਦਾ ਕਹਿਣਾ ਹੈ ਕਿ ਡਾ. ਮਨਮੋਹਨ ਸਿੰਘ ਦਸਤਾਰਧਾਰੀ ਸਿੱਖ ਸਨ, ਇਸ ਕਾਰਨ ਉਨ੍ਹਾਂ ਦੀ ਸਮਾਧੀ ਨੂੰ ਲੈ ਕੇ ਏਨਾ ਬਿਖੇੜਾ ਖੜ੍ਹਾ ਕੀਤਾ ਜਾ ਰਿਹਾ ਹੈ। ਕਾਂਗਰਸ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਇਸ ਮੁੱਦੇ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੀ ਹੈ। ਕਾਂਗਰਸ ਦਾ ਇਹ ਵੀ ਕਹਿਣਾ ਹੈ ਕਿ ਇਹ ਸਾਰਾ ਕੁਝ ਇਸ ਲਈ ਕੀਤਾ ਜਾ ਰਿਹਾ ਹੈ ਕਿਉਂਕਿ ਡਾ. ਮਨਮੋਹਨ ਸਿੰਘ ਕਾਂਗਰਸ ਦੇ ਉੱਘੇ ਆਗੂ ਵੀ ਸਨ।*



**ਪਰਮਜੀਤ ਕੌਰ**

ਡਾਕਟਰ ਮਨਮੋਹਨ ਸਿੰਘ ਦੀ ਲਿਆਕਤ ਸ਼ਰਾਫ਼ਤ ਦੀ ਸਾਰੀ ਦੁਨੀਆ ਕਾਇਲ ਸੀ। ਆਪਣੀ ਬੌਧਿਕ ਸਮਰੱਥਾ ਦੇ ਬਲਬੂਤੇ ਪ੍ਰਧਾਨ ਮੰਤਰੀ ਦੇ ਅਹੁਦੇ ਤੱਕ ਪਹੁੰਚਣਾ ਅਤੇ ਵਿਸ਼ਵ ਦੇ ਉੱਘੇ ਅਰਥਸ਼ਾਸਤਰੀਆਂ ਵਿੱਚ ਆਪਣਾ ਨਾਮ ਦਰਜ ਕਰਵਾਉਣਾ ਕੋਈ ਸੌਖਾ ਕਾਰਜ ਨਹੀਂ ਸੀ।

ਡਾ. ਮਨਮੋਹਨ ਸਿੰਘ 26 ਦਸੰਬਰ ਨੂੰ 92 ਵਰ੍ਹਿਆ ਦੀ ਉਮਰ ਵਿਚ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਉਨ੍ਹਾਂ ਦੇ ਦੇਹਾਂਤ ਤੋਂ ਬਾਅਦ ਕਈ ਤਰ੍ਹਾਂ ਦੀਆਂ ਚਰਚਾਵਾਂ ਦਾ ਮਾਹੌਲ ਗਰਮ ਹੈ। ਕੋਈ ਉਨ੍ਹਾਂ ਦੇ ਬੇਦਾਗ਼ ਸਿਆਸੀ ਜੀਵਨ ਦੀਆਂ ਗੱਲਾਂ ਕਰ ਰਿਹਾ ਹੈ ਤੇ ਕੋਈ ਇਸ ਗੱਲ 'ਤੇ ਟਿੱਪਣੀਆ ਕਰ ਰਿਹਾ ਹੈ ਕਿ ਕਿਵੇਂ ਉਨ੍ਹਾਂ ਨੇ ਮੰਦੀ ਦੇ ਦੌਰ ਵਿਚ ਵੀ ਭਾਰਤ ਦੇ ਅਰਥਚਾਰੇ ਨੂੰ ਨਵੀਂ ਦਿਸ਼ਾ ਦਿੱਤੀ। ਪਰ ਇਸ ਦੇ ਨਾਲ ਹੀ ਉਨ੍ਹਾਂ ਦੀ ਸਮਾਧੀ ਸੰਬੰਧੀ ਸਿਆਸਤ ਵੀ ਤੇਜ਼ ਹੋ ਗਈ ਹੈ।

ਇਸ ਦੇਸ਼ ਦੇ ਇਤਿਹਾਸ 'ਚ ਡਾ. ਮਨਮੋਹਨ ਸਿੰਘ ਨੂੰ ਸਭ ਤੋਂ ਵੱਧ ਪੜ੍ਹੇ-ਲਿਖੇ ਪ੍ਰਧਾਨ ਮੰਤਰੀ ਹੋਣ ਦਾ ਮਾਣ ਹਾਸਲ ਹੈ। ਉਨ੍ਹਾਂ ਨੇ ਆਪਣੇ ਸਿਆਸੀ ਜੀਵਨ 'ਚ ਵੀ ਕਈ ਖ਼ਾਸ ਉਪਲੱਬਧੀਆਂ 'ਤੇ ਦਾਅਵੇਦਾਰੀ ਕਾਇਮ ਕੀਤੀਆਂ ਹਨ। ਡਾ. ਮਨਮੋਹਨ ਸਿੰਘ ਨੇ ਪ੍ਰਧਾਨ ਮੰਤਰੀ ਬਣਨ ਤੋਂ ਪਹਿਲਾ ਵੱਖ-ਵੱਖ ਜ਼ਿੰਮੇਵਾਰੀਆ ਨਿਭਾਈਆਂ ਤੇ ਆਪਣੀ ਲਿਆਕਤ ਦਾ ਸਬੂਤ ਦਿੱਤਾ। ਉਨ੍ਹਾਂ ਨੇ ਪੰਜਾਬ ਯੂਨੀਵਰਸਿਟੀ 'ਚ ਆਪਣੀ ਡਿਗਰੀ ਪੂਰੀ ਕਰਨ ਉਪਰੰਤ ਕੈਂਬਰਿਜ ਯੂਨੀਵਰਸਿਟੀ ਤੋਂ ਮਾਸਟਰਜ਼ ਤੇ ਫਿਰ ਆਕਸਫੋਰਡ ਯੂਨੀਵਰਸਿਟੀ ਤੋਂ ਡੀਫਿੱਲ ਕੀਤੀ। ਉਹ 1982 ਤੋਂ 1985 ਤੱਕ ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ ਵਜੋਂ ਵੀ ਕਾਰਜਸ਼ੀਲ ਰਹੇ। ਡਾ. ਮਨਮੋਹਨ ਸਿੰਘ ਦੀ ਸਿਆਸਤ ਉਦੋਂ ਚਮਕੀ ਜਦੋਂ 1991 'ਚ ਕੇਂਦਰੀ ਖ਼ਜ਼ਾਨਾ ਮੰਤਰੀ ਬਣਨ ਮਗਰੋਂ ਉਨ੍ਹਾਂ ਨੇ ਦੇਸ਼ ਨੂੰ ਦੀਵਾਲੀਆਪਨ ਦੀ ਲੀਕ ਤੋਂ ਉਰੇ ਖਿੱਚ ਲਿਆ। ਡਾ. ਮਨਮੋਹਨ ਸਿੰਘ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਬਹੁਤ ਲੰਬਾ ਹੈ। ਇਕ ਅੰਦਾਜ਼ੇ ਮੁਤਾਬਕ ਉਨ੍ਹਾਂ ਨੇ ਆਪਣੇ ਪ੍ਰਧਾਨ ਮੰਤਰੀ ਦੇ ਕਾਰਜਕਾਲ ਦੌਰਾਨ ਸਵਾ ਸੌ ਦੇ ਕਰੀਬ ਪ੍ਰੈਸ ਕਾਨਫ਼ਰੰਸਾਂ ਕੀਤੀਆਂ ਤੇ ਮੀਡੀਆ ਦੇ ਸਰਕਾਰ ਪ੍ਰਤੀ ਹਰੇਕ ਸਵਾਲ ਦਾ ਜਵਾਬ ਦਿੱਤਾ। ਜੇ ਸਰਕਾਰ ਚਲਾਉਣ ਵੇਲੇ ਕੋਈ ਊਣਤਾਈ ਹੋਈ, ਤਾਂ ਉਸ ਨੂੰ ਜਨਤਕ ਰੂਪ ਵਿਚ ਸਵਿਕਾਰਿਆ। ਡਾ. ਮਨਮੋਹਨ ਸਿੰਘ ਨੇ 1984 ਦੇ ਸਿੱਖ ਕਤਲੇਆਮ ਲਈ ਸੰਸਦ 'ਚ ਸਰਕਾਰ ਵਲੋਂ ਮੁਆਫੀ ਮੰਗੀ ਅਤੇ ਕਿਹਾ ਕਿ "ਮੈਂ ਸ਼ਰਮ ਨਾਲ ਆਪਣਾ ਸਿਰ ਝੁਕਾਉਂਦਾ ਹਾਂ।" ਇਹ ਉਨ੍ਹਾਂ ਦੀ ਸ਼ਖ਼ਸੀਅਤ ਦਾ ਇਕ ਤਰ੍ਹਾਂ ਨਾਲ ਵੱਡਾ ਰੂਪ ਹੈ। ਡਾ. ਮਨਮੋਹਨ ਸਿੰਘ ਨੂੰ ਖ਼ੁਦ ਤੋਂ ਵੱਡੀਆਂ ਆਸਾਂ ਉਮੀਦਾਂ ਸਨ। ਇਸੇ ਲਈ ਉਨ੍ਹਾਂ ਕਿਹਾ ਸੀ ਕਿ "ਬੇਸ਼ੱਕ ਸਰਕਾਰ ਵੇਲੇ ਕੁਝ ਭੁੱਲਾਂ ਹੋਈਆਂ ਹਨ ਪਰ ਆਉਣ ਵਾਲਾ ਭਵਿੱਖ ਮੇਰੇ 'ਤੇ ਮਿਹਰਬਾਨ ਸਾਬਤ ਹੋਵੇਗਾ। ਅਤੇ ਪ੍ਰਤੀ ਨਰਮੀ ਵਰਤੇਗਾ।"

ਉਨ੍ਹਾਂ ਦੇ ਵਿਲੱਖਣ ਰਸੂਖ ਦੀਆਂ ਗੱਲਾਂ ਲੰਬੀਆਂ ਹਨ। ਉਨ੍ਹਾਂ ਦੇ ਦੇਹਾਂਤ ਮਗਰੋਂ ਪੂਰਾ ਦੇਸ਼ ਇਸ ਸੋਗ 'ਚ ਸ਼ਾਮਲ ਹੈ ਪਰ ਦੇਹਾਂਤ ਤੋਂ ਬਾਅਦ ਸਾਬਕਾ ਪ੍ਰਧਾਨ ਮੰਤਰੀ ਦੇ ਸਸਕਾਰ ਤੇ ਉਨ੍ਹਾਂ ਦੀ ਸਮਾਧੀ ਨੂੰ ਲੈ ਕੇ ਵੱਖਰੀ ਤਰ੍ਹਾਂ ਦੀ ਸਿਆਸਤ ਹੋ ਰਹੀ ਹੈ। ਮੌਜੂਦਾ ਕੇਂਦਰ ਸਰਕਾਰ ਅਤੇ ਵਿਰੋਧੀ ਧਿਰ ਕਾਂਗਰਸ ਆਹਮੋ-ਸਾਹਮਣੇ ਹਨ। ਇਸ ਦੇ ਨਾਲ ਹੀ ਕੁਝ ਸਿੱਖ ਜਥੇਬੰਦੀਆਂ ਵੀ ਉਨ੍ਹਾਂ ਦੀ ਸਮਾਧੀ ਨੂੰ ਲੈ ਕੇ ਸਰਕਾਰ ਦੇ ਰਵੱਈਏ 'ਤੇ ਸਵਾਲ ਖੜ੍ਹੇ ਕਰ ਰਹੀਆਂ ਹਨ।

ਐੱਸ.ਜੀ.ਪੀ.ਸੀ. ਦਾ ਕਹਿਣਾ ਹੈ ਕਿ ਡਾ. ਮਨਮੋਹਨ ਸਿੰਘ ਦਸਤਾਰਧਾਰੀ ਸਿੱਖ ਸਨ, ਇਸ ਕਾਰਨ ਉਨ੍ਹਾਂ ਦੀ ਸਮਾਧੀ ਨੂੰ ਲੈ ਕੇ ਏਨਾ ਬਿਖੇੜਾ ਖੜ੍ਹਾ ਕੀਤਾ ਜਾ ਰਿਹਾ ਹੈ। ਕਾਂਗਰਸ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਇਸ ਮੁੱਦੇ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੀ ਹੈ। ਕਾਂਗਰਸ ਦਾ ਇਹ ਵੀ ਕਹਿਣਾ ਹੈ ਕਿ ਇਹ ਸਾਰਾ ਕੁਝ ਇਸ ਲਈ ਕੀਤਾ ਜਾ ਰਿਹਾ ਹੈ ਕਿਉਂਕਿ ਡਾ. ਮਨਮੋਹਨ ਸਿੰਘ ਕਾਂਗਰਸ ਦੇ ਉੱਘੇ ਆਗੂ ਵੀ ਸਨ। ਇਸ ਸਾਰੇ ਵਿਵਾਦ ਦਾ ਅਸਲ ਕਾਰਨ ਕੁਝ ਵੀ ਹੋਵੇ, ਡਾ. ਮਨਮੋਹਨ ਸਿੰਘ ਦੀ ਦੇਸ਼ ਪ੍ਰਤੀ ਦੇਣ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ ਹੈ। ਸਿਰਫ਼ ਇਕ ਸਮਾਧੀ ਵਿਚ ਡਾ.ਮਨਮੋਹਨ ਸਿੰਘ ਨੂੰ ਬੰਨ੍ਹਣਾ ਬਹੁਤ ਔਖਾ ਕੰਮ ਹੈ। ਡਾ.ਮਨਮੋਹਨ ਸਿੰਘ ਦੀ ਸਮਾਧੀ ਨੂੰ ਲੈ ਕੇ ਸਿਆਸਤ ਬਿਲਕੁਲ ਨਹੀਂ ਹੋਣੀ ਚਾਹੀਦੀ। ਇਹ ਮੰਦਭਾਗੀ ਸਿਆਸਤ ਡਾਕਟਰ ਮਨਮੋਹਨ ਸਿੰਘ ਦੇ ਕਾਰਜਾਂ ਅਤੇ ਉਨ੍ਹਾਂ ਦੀ ਸ਼ਖ਼ਸੀਅਤ ਦਾ ਨਿਰਾਦਰ ਹੈ।

ਸਾਰੀਆਂ ਧਿਰਾਂ ਨੂੰ ਇਸ ਗੱਲ 'ਤੇ ਵਿਚਾਰ ਕਰਨਾ ਚਾਹੀਦਾ ਹੈ ਕਿ ਵਿਸ਼ਵ ਪੱਧਰ 'ਤੇ ਡਾ.ਮਨਮੋਹਨ ਸਿੰਘ ਦੇ ਮਾਣ-ਸਤਿਕਾਰ ਨੂੰ ਕਿਵੇਂ ਸਦੀਵੀ ਕਾਇਮ ਰੱਖਿਆ ਜਾ ਸਕਦਾ ਹੈ।

# ਸਾਬਕਾ ਅਮਰੀਕੀ ਰਾਸ਼ਟਰਪਤੀ ਜਿਮੀ ਕਾਰਟਰ ਨਹੀਂ ਰਹੇ



**ਵਾਸ਼ਿੰਗਟਨ:** ਇਕ ਕਿਸਾਨ ਤੋਂ ਲੈ ਕੇ ਅਮਰੀਕੀ ਰਾਸ਼ਟਰਪਤੀ ਤੱਕ ਦਾ ਸਫ਼ਰ ਤੈਅ ਕਰਨ ਵਾਲੇ ਜਿਮੀ ਕਾਰਟਰ ਦਾ ਦੇਹਾਂਤ ਹੋ ਗਿਆ ਹੈ।

100 ਸਾਲ ਦੀ ਉਮਰ 'ਚ ਉਨ੍ਹਾਂ ਨੇ ਆਪਣੀ ਰਿਹਾਇਸ਼ 'ਤੇ ਆਖ਼ਰੀ ਸਾਹ ਲਿਆ। ਇਕ ਅਕਤੂਬਰ, 1924 ਨੂੰ ਜਾਰਜੀਆ ਦੇ ਇਕ ਛੋਟੇ ਜਿਹੇ ਸ਼ਹਿਰ ਪਲੇਨਸ 'ਚ ਜਨਮੇ ਕਾਰਟਰ ਸਭ ਤੋਂ ਵੱਧ ਸਮੇਂ ਤੱਕ ਜਿਊਂਦੇ ਰਹਿਣ ਵਾਲੇ ਸਾਬਕਾ ਰਾਸ਼ਟਰਪਤੀ ਸਨ।

ਵ੍ਹਾਈਟ ਹਾਊਸ ਛੱਡਣ ਤੋਂ ਬਾਅਦ ਉਹ ਸ਼ਾਂਤੀ, ਵਾਤਾਵਰਨ ਤੇ ਮਨੁੱਖੀ ਹੱਕਾਂ ਲਈ ਕੰਮ ਕਰਦੇ ਰਹੇ, ਜਿਸ ਲਈ ਉਨ੍ਹਾਂ ਨੂੰ 2002 'ਚ ਨੋਬਲ ਸ਼ਾਂਤੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਕਾਰਟਰ ਦੇ ਪਰਿਵਾਰ 'ਚ ਉਨ੍ਹਾਂ ਦੇ ਬੱਚੇ-ਜੈਕ, ਚਿਪ ਜੈਫ ਤੇ ਏਮੀ, 11 ਪੋਤੇ-ਪੋਤੀਆਂ ਤੇ 14 ਪੜਪੋਤੇ-ਪੜਪੋਤਰੀਆਂ ਹਨ। ਉਨ੍ਹਾਂ ਦੀ ਪਤਨੀ ਰੋਜਲਿਨ ਤੇ ਇਕ ਪੋਤੇ ਦੀ ਮੌਤ ਹੋ ਚੁੱਕੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਕਾਰਟਰ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਕਾਰਟਰ ਨੂੰ ਭਾਰਤ ਦਾ ਮਿੱਤਰ ਮੰਨਿਆ ਜਾਂਦਾ ਸੀ।

ਭਾਰਤ 'ਚ ਐਮਰਜੈਂਸੀ ਹਟਾਏ ਜਾਣ ਤੇ ਜਨਤਾ ਪਾਰਟੀ ਦੀ ਜਿੱਤ ਤੋਂ ਬਾਅਦ ਨਵੀਂ ਦਿੱਲੀ ਦੀ ਯਾਤਰਾ ਕਰਨ ਵਾਲੇ ਉਹ ਅਮਰੀਕਾ ਦੇ ਪਹਿਲੇ ਰਾਸ਼ਟਰਪਤੀ ਸਨ।

# ਅਪ੍ਰੈਲ ਤੋਂ ਪੈਸੇ ਟਰਾਂਸਫਰ ਕਰਦੇ ਸਮੇਂ ਦਿਖੇਗਾ ਲਾਭਪਾਤਰੀ ਦਾ ਨਾਂ

**ਮੁੰਬਈ :** ਹਾਲੇ ਤੱਕ ਆਰ.ਟੀ.ਜੀ.ਐੱਸ. ਤੇ ਐੱਨ.ਈ.ਐੱਫ.ਟੀ. ਰਾਹੀਂ ਪੈਸੇ ਟਰਾਂਸਫਰ ਕਰਦੇ ਸਮੇਂ ਅਕਾਊਂਟ ਨੰਬਰ ਤੇ ਲਾਭਪਾਤਰੀ ਦਾ ਨਾਂ ਖ਼ੁਦ ਪਾਉਣਾ ਪੈਂਦਾ ਸੀ, ਪਰ ਹੁਣ ਇਕ ਅਪ੍ਰੈਲ ਤੋਂ ਅਕਾਊਂਟ ਨੰਬਰ ਪਾਉਂਦੇ ਹੀ ਲਾਭਪਾਤਰੀ ਦਾ ਨਾਂ ਦਿਸਣ ਲੱਗੇਗਾ। ਕੇਂਦਰੀ ਬੈਂਕ ਨੇ ਇਸ ਸਬੰਧ 'ਚ ਇਕ ਪ੍ਰਣਾਲੀ ਵਿਕਸਤ ਕਰਨ ਲਈ ਨੈਸ਼ਨਲ ਪੇਮੈਂਟਸ ਕਾਰਪੋਰੇਸ਼ਨ ਆਫ ਇੰਡੀਆ ਨੂੰ ਕਿਹਾ ਹੈ। ਦੱਸਣਯੋਗ ਹੈ ਕਿ ਸੋਮਵਾਰ ਨੂੰ ਹੀ ਦਿੱਲੀ ਹਾਈ ਕੋਰਟ ਨੇ ਆਪਣੇ ਇਕ ਮਹੱਤਵਪੂਰਣ ਫ਼ੈਸਲੇ 'ਚ ਆਰਬੀਆਈ ਨੂੰ ਆਰਟੀਜੀਐੱਸ ਤੇ ਐੱਨਈਐੱਫਟੀ ਭੁਗਤਾਨ ਦੇ ਤਰੀਕਿਆਂ 'ਚ ਲਾਭਪਾਤਰੀ ਦੇ ਨਾਂ ਨੂੰ ਤਸਦੀਕ ਕਰਨ ਦੀ ਵਿਵਸਥਾ ਛੇਤੀ ਲਾਗੂ ਕਰਨ ਲਈ ਕਿਹਾ ਸੀ। ਆਰਬੀਆਈ ਨੇ ਸੋਮਵਾਰ ਨੂੰ ਇਕ ਸਰਕੂਲਰ 'ਚ ਕਿਹਾ ਕਿ ਸਾਰੇ ਬੈਂਕ ਜਿਹੜੇ ਰੀਅਲ ਟਾਈਮ ਗ੍ਰਾਸ ਸੈਟਲਮੈਂਟ (ਆਰਟੀਜੀਐੱਸ) ਸਿਸਟਮ ਤੇ ਨੈਸ਼ਨਲ ਇਲੈਕਟ੍ਰਾਨਿਕ ਫੰਡ ਟਰਾਂਸਫਰ (ਐੱਨਈਐੱਫਟੀ) ਸਿਸਟਮ ਦੇ ਸਿੱਧੇ ਮੈਂਬਰ ਜਾਂ ਉਪ ਮੈਂਬਰ ਹਨ, ਉਨ੍ਹਾਂ ਨੂੰ ਇਕ ਅਪ੍ਰੈਲ, 2025 ਤੋਂ ਪਹਿਲਾਂ ਇਹ ਸੁਵਿਧਾ ਦੇਣ ਲਈ ਕਿਹਾ ਹੈ।




## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਸੁਰਿੰਦਰ ਸਿੰਘ ਸੁੰਨੜ

# ਸ਼੍ਰੋਮਣੀ ਅਕਾਲੀ ਦਲ ਦੀ ਪਟੀਸ਼ਨ 'ਤੇ ਫ਼ੈਸਲਾ ਸੁਰੱਖਿਅਤ

**ਚੰਡੀਗੜ੍ਹ:** ਐੱਚ.ਐੱਸ.ਜੀ.ਪੀ.ਸੀ. ਦੀਆਂ ਚੋਣਾਂ ਤੋਂ ਅਯੋਗ ਠਹਿਰਾਏ ਜਾਣ ਖ਼ਿਲਾਫ਼ ਸ਼੍ਰੋਮਣੀ ਅਕਾਲੀ ਦਲ ਦੀ ਪਟੀਸ਼ਨ ਸਮੇਤ ਹੋਰ ਪਟੀਸ਼ਨਾਂ 'ਤੇ ਵੀਰਵਾਰ ਨੂੰ ਹਾਈ ਕੋਰਟ ਦੇ ਜਸਟਿਸ ਅਨਿਲ ਖੇਤਰਪਾਲ ਤੇ ਜਸਟਿਸ ਹਪ੍ਰੀਤ ਕੌਰ ਜੀਵਨ 'ਤੇ ਅਧਾਰਤ ਬੈਂਚ ਨੇ ਸਾਰੀਆਂ ਧਿਰਾਂ ਨੂੰ ਸੁਣਨ ਤੋਂ ਬਾਅਦ ਫ਼ੈਸਲਾ ਸੁਰੱਖਿਅਤ ਰੱਖ ਲਿਆ। ਸੰਭਾਵਨਾ ਹੈ ਕਿ ਕੋਰਟ ਸ਼ੁੱਕਰਵਾਰ ਨੂੰ ਇਸ ਮਾਮਲੇ 'ਚ ਫ਼ੈਸਲਾ ਸੁਣਾਏ। ਇਸ ਤੋਂ ਪਹਿਲਾਂ ਅਦਾਲਤ ਨੇ 19 ਦਸੰਬਰ ਨੂੰ ਗੁਰਦੁਆਰਾ ਚੋਣ ਕਮਿਸ਼ਨਰ ਜਸਟਿਸ ਐਅਚਐੱਸ ਭੱਲਾ ਤੋਂ ਮਾਮਲੇ 'ਚ ਹਲਫ਼ਨਾਮਾ ਦਾਖ਼ਲ ਕਰਨ ਦਾ ਨਿਰਦੇਸ਼ ਦਿੱਤਾ ਸੀ। ਸੁਣਵਾਈ 'ਚ ਇਹ ਹਲਫ਼ਨਾਮਾ ਅਦਾਲਤ 'ਚ ਪੇਸ਼ ਕੀਤਾ ਗਿਆ। ਗੁਰਦੁਆਰਾ ਚੋਣ ਕਮਿਸ਼ਨਰ ਨੇ ਚੋਣਾਂ ਬਾਰੇ ਜਾਣਕਾਰੀ ਦਿੱਤੀ। ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਅਗਲੀਆਂ ਚੋਣਾਂ ਤੋਂ ਅਯੋਗ ਠਹਿਰਾਏ ਜਾਣ ਖ਼ਿਲਾਫ਼ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਪਟੀਸ਼ਨ ਦਾਖ਼ਲ ਕੀਤੀ ਹੋਈ ਹੈ। ਅਕਾਲੀ ਦਲ ਨੂੰ ਅਯੋਗ ਠਹਿਰਾਉਣ ਦਾ ਆਧਾਰ ਇਹ ਹੈ ਕਿ ਉਹ ਚੋਣ ਕਮਿਸ਼ਨ 'ਚ ਨੁਮਾਇੰਦਾ ਐਕਟ, 1951 ਤਿਹਤ ਰਜਿਸਟਰਡ ਦਲ ਹੈ, ਜਿਸ ਕਾਰਨ ਚੋਣਾਂ ਲੜਨ ਦੀ ਇਜਾਜ਼ਤ ਨਹੀਂ ਦਿੱਤੀ ਗਈ।ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ 19 ਜਨਵਰੀ ਨੂੰ ਹੋਣ ਵਾਲੀ ਹੈ।

# 'ਮੇਰੀ ਦਸਤਾਰ ਮੇਰੀ ਸ਼ਾਨ' ਦਸਤਾਰਾਂ ਦਾ ਲੰਗਰ

**ਫਤਹਿਗੜ੍ਹ ਸਾਹਿਬ:** ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਦੀ ਯਾਦ ਵਿਚ ਯੂਥ ਅਕਾਲੀ ਦਲ ਵਲੋਂ 2 ਰੋਜ਼ਾ 'ਮੇਰੀ ਦਸਤਾਰ, ਮੇਰੀ ਸ਼ਾਨ' ਦਸਤਾਰਾਂ ਦਾ ਲੰਗਰ ਲਗਾਇਆ ਗਿਆ।

ਇਸ ਕੈਂਪ ਵਿਚ 3 ਹਜ਼ਾਰ ਤੋਂ ਵੱਧ ਸ਼ਰਧਾਲੂਆਂ, ਜਿਨ੍ਹਾਂ ਵਿਚ ਬੱਚੇ, ਔਰਤਾਂ ਅਤੇ ਹਰ ਵਰਗ ਦੇ ਨੌਜਵਾਨਾਂ ਨੇ ਵੀ ਸ਼ਮੂਲੀਅਤ ਕੀਤੀ ਅਤੇ ਉਨ੍ਹਾਂ ਦੇ ਦਸਤਾਰਾਂ ਸਜਾਈਆਂ ਗਈਆਂ। ਇਸ ਮੌਕੇ ਯੂਥ ਅਕਾਲੀ ਦਲ ਦੇ ਪ੍ਰਧਾਨ




ਸਰਬਜੀਤ ਸਿੰਘ ਝਿੰਜਰ ਨੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਸ਼ਹਾਦਤ ਅਤੇ ਬਹਾਦਰੀ ਸਾਡੀ ਸਿੱਖ ਕੌਮ ਦੀ ਸ਼ਰਧਾ ਦੀ ਚਮਕਦਾਰ ਉਦਾਹਰਣ ਹੈ, ਜੋ ਕਿ ਸਿੱਖੀ ਦਾ ਮੂਲ ਸਿਧਾਂਤ ਵੀ ਹੈ। ਝਿੰਜਰ ਨੇ ਕਿਹਾ ਸਾਡਾ ਉਦੇਸ਼ ਸਾਡੇ ਨੌਜਵਾਨਾਂ ਨੂੰ ਆਪਣੀਆਂ ਸਿੱਖ ਜੜ੍ਹਾਂ ਵੱਲ ਮੁੜਨ ਅਤੇ ਮਾਣ ਨਾਲ ਦਸਤਾਰ ਸਜਾਉਣ ਲਈ ਪ੍ਰੇਰਿਤ ਕਰਨਾ ਹੈ। ਉਨ੍ਹਾਂ ਸਮੁੱਚੀ ਯੂਥ ਅਕਾਲੀ ਦਲ ਟੀਮ ਅਤੇ ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਇਕਾਈ ਦਾ 2 ਰੋਜ਼ਾ ਕੈਂਪ ਨੂੰ ਸ਼ਾਨਦਾਰ ਢੰਗ ਨਾਲ ਸਫਲ ਬਣਾਉਣ ਲਈ ਕੀਤੇ ਅਣਥੱਕ ਯਤਨਾਂ ਲਈ ਧੰਨਵਾਦ ਵੀ ਕੀਤਾ। ਇਸ ਮੌਕੇ ਅਕਾਲੀ ਦਲ ਦੇ ਜਨਰਲ ਸਕੱਤਰ ਗੁਰਪ੍ਰੀਤ ਸਿੰਘ ਰਾਜੂ ਖੰਨਾ, ਦਰਬਾਰਾ ਸਿੰਘ ਗੁਰੂ ਇੰਚਾਰਜ ਹਲਕਾ ਬਸੀ. ਪਠਾਣਾਂ, ਸ਼ਰਨਜੀਤ ਸਿੰਘ ਚਨਾਰਥਲ ਜ਼ਿਲ੍ਹਾ ਪ੍ਰਧਾਨ ਦਿਹਾਤੀ, ਮਨਮੋਹਨ ਸਿੰਘ ਮੁਕਾਰੋਂਪੁਰ ਜ਼ਿਲ੍ਹਾ ਪ੍ਰਧਾਨ ਸ਼ਹਿਰੀ, ਬਲਜੀਤ ਸਿੰਘ ਭੁੱਟਾ, ਸੁਰਜੀਤ ਸਿੰਘ ਗੜ੍ਹੀ ਤੇ ਰਵਿੰਦਰ ਸਿੰਘ ਖਾਲਸਾ ਮੈਂਬਰ ਅੰਤ੍ਰਿੰਗ ਕਮੇਟੀ, ਭਾਈ ਅਵਤਾਰ ਸਿੰਘ ਰਿਆ ਮੈਂਬਰ ਸ਼੍ਰੋਮਣੀ ਕਮੇਟੀ, ਹਰਪ੍ਰੀਤ ਸਿੰਘ, ਮਨਦੀਪ ਸਿੰਘ ਪਨੇਚਾਂ, ਸਰਬਜੀਤ ਸਿੰਘ ਲਾਡੀ, ਪਰਮਿੰਦਰ ਸਿੰਘ ਸੋਮਲ, ਮੈਨੇਜਰ ਗੁਰਦੀਪ ਸਿੰਘ ਕੰਗ, ਰਣਦੀਪ ਸਿੰਘ ਢਿਲਵਾਂ, ਇੰਦਰਜੀਤ ਸਿੰਘ ਕੰਗ, ਚਿਤਬੀਰ ਸਿੰਘ ਜ਼ੀਰਾ, ਦੇਵਾਸ਼ੀਸ਼ ਮਲਿਕ, ਹਰਜੋਤ ਸਿੰਘ ਡੋਮਰੂ ਅਤੇ ਅਜਮੇਰ ਸਿੰਘ ਖੇੜਾ। ਆਦਿ ਸ਼ਾਮਿਲ ਸਨ।

# ਲਾਲੂ, ਅਖਿਲੇਸ਼ ਯਾਦਵ ਅਤੇ ਮਮਤਾ ਤੋਂ ਬਾਅਦ ਕੇਜਰੀਵਾਲ ਨੇ ਵੀ ਕਾਂਗਰਸ ਨੂੰ ਦਿਖਾਈਆਂ ਅੱਖਾਂ




**ਨਵੀਂ ਦਿੱਲੀ:** ਤ੍ਰਿਣਮੂਲ ਕਾਂਗਰਸ ਦੀ ਮੁਖੀ ਮਮਤਾ ਬੈਨਰਜੀ ਰਾਸ਼ਟਰੀ ਜਨਤਾ ਦਲ ਦੇ ਮੁਖੀ ਲਾਲੂ ਪ੍ਰਸ਼ਾਦ ਯਾਦਵ ਅਤੇ ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਤੋਂ ਬਾਅਦ ਹੁਣ ਆਮ ਆਦਮੀ ਪਾਰਟੀ ਨੇ ਵੀ ਕਾਂਗਰਸ ਨੂੰ ਅੱਖਾਂ ਦਿਖਾਉਣਗੀਆਂ ਸ਼ੁਰੂ ਕਰ ਦਿੱਤੀਆਂ ਹਨ।

ਲੋਕ ਸਭਾ ਚੋਣਾਂ 'ਚ ਇਕੱਠਿਆਂ ਮਿਲ ਕੇ ਚੋਣ ਲੜਨ ਤੋਂ ਬਾਅਦ ਹੁਣ ਦਿੱਲੀ ਵਿਧਾਨ ਜਭਾ ਚੋਣਾਂ 'ਚ ਦੋਵੇਂ ਪਾਰਟੀਆਂ ਇਕ-ਦੂਸਰੇ ਦੇ ਵਿਰੋਧ 'ਚ ਚੋਣ ਮੈਦਾਨ 'ਚ ਹਨ। ਕਾਂਗਰਸ ਆਪ ਸਰਕਾਰ ਦੀਆਂ ਨੀਤੀਆਂ ਦਾ ਵਿਰੋਧ ਕਰਨ ਦੇ ਨਾਲ ਹੀ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਅਰਵਿੰਦ ਕੇਜਰੀਵਾਲ ਨੂੰ ਘੇਰ ਰਹੀ ਹੈ। ਕੇਜਰੀਵਾਲ ਨੂੰ ਰਾਸ਼ਟਰ ਵਿਰੋਧੀ ਤੇ ਮੌਕਾਪ੍ਰਸਤ ਦੱਸਣ ਵਾਲੇ ਕਾਂਗਰਸ ਦੇ ਖਜ਼ਾਨਚੀ ਅਜੇ ਮਾਕਨ ਨੂੰ ਲੈ ਕੇ ਆਮ ਆਦਮੀ ਪਾਰਟੀ ਨਰਾਜ਼ ਹੋ ਗਈ ਹੈ। ਉਸ ਨੇ ਮਾਕਨ 'ਤੇ ਕਾਰਵਾਈ ਨਾ ਕੀਤੇ ਜਾਣ ਦੀ ਹਾਲਤ 'ਚ ਆਈ.ਐਨ.ਡੀ.ਆਈ. ਗੱਠਜੋੜ ਤੋਂ ਕਾਂਗਰਸ ਨੂੰ ਬਾਹਰ ਕਰਨ ਦੀ ਮੰਗ ਚੁੱਕੇਗੀ।

'ਆਪ' ਨੇਤਾ ਤੇ ਮੁੱਖ ਮੰਤਰੀ ਆਤਿਸ਼ੀ ਨੇ ਪ੍ਰੈਸ ਕਾਨਫਰੰਸ ਕਰ ਕੇ ਮਾਕਨ ਦੇ ਬਿਆਨ 'ਤੇ ਕਾਂਗਰਸ ਨਾਲ ਸਖ਼ਤ ਨਾਰਾਜ਼ਗੀ ਜਤਾਈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਦੇ ਮੁਖੀ ਕੇਜਰੀਵਾਲ 'ਤੇ ਇਸ ਤਰ੍ਹਾਂ ਦੇ ਬਿਆਨ ਤੋਂ ਬਾਅਦ ਕਾਂਗਰਸ ਦੇ ਨਾਲ ਰਹਿ ਸਕਣਾ ਸੰਭਵ ਨਹੀਂ ਹੈ। ਉਨ੍ਹਾਂ ਨੇ ਕੇਜਰੀਵਾਲ ਖ਼ਿਲਾਫ਼ ਬਿਆਨ ਦੇਣ 'ਤੇ ਕਾਂਗਰਸ ਨੂੰ ਮਾਕਨ ਦੇ ਖ਼ਿਲਾਫ਼ ਕਾਰਵਾਈ ਕਰਨ ਲਈ ਕਿਹਾ ਹੈ।

ਆਪ ਦੇ ਤੇਵਰ ਤੋਂ ਸਾਫ ਹੈ ਕਿ ਗੱਠਜੋੜ ਨੂੰ ਲੈ ਕੇ ਮਾਮਲਾ ਹੋਰ ਭਖ ਸਕਦਾ ਹੈ। ਕਿਉਂਕਿ ਜਿਸ ਤੇਵਰ 'ਚ ਮਾਕਨ ਨੇ ਆਪ 'ਤੇ ਹਮਲਾ ਬੋਲਿਆ ਹੈ ਅਤੇ ਬੀਤੀਆਂ ਲੋਕ ਸਭਾ ਚੋਣਾਂ 'ਚ ਆਪ ਨਾਲ ਗੱਠਜੋੜ ਨੂੰ ਵੱਡੀ ਭੁੱਲ ਦੱਸਿਆ ਹੈ, ਇਨ੍ਹਾਂ ਸਭ ਤੋਂ ਬਾਅਦ ਇਕ ਪਾਸੇ ਆਪ ਮਾਕਨ ਦੇ ਖ਼ਿਲਾਫ਼ ਕਾਰਵਾਈ ਚਾਹੁੰਦੀ ਹੈ ਤਾਂ ਉਥੇ ਸੂਤਰਾਂ ਅਨੁਸਾਰ, ਕਾਂਗਰਸ ਨਾ ਤਾਂ ਮਾਕਨ ਦੇ ਖ਼ਿਲਾਫ਼ ਕਾਰਵਾਈ ਕਰਨ ਵਾਲੀ ਹੈ ਅਤੇ ਨਾ ਹੀ ਆਪ ਦੇ ਦਬਾਅ ਅੱਗੇ ਝੁਕਣ ਵਾਲੀ ਹੈ।

ਜੋ ਹਾਲਾਤ ਬਣ ਰਹੇ ਹਨ, ਉਸ 'ਚ ਮਮਤਾ ਬੈਨਰਜੀ, ਲਾਲੂ ਪ੍ਰਸਾਦ ਯਾਦਵ ਅਤੇ ਅਖਿਲੇਸ਼ ਤੋਂ ਬਾਅਦ ਹੁਣ ਆਪ ਕਨਵੀਨਰ ਅਰਵਿੰਦ ਕੇਜਰੀਵਾਲ ਕਾਂਗਰਸ ਨੂੰ ਆਈਐੱਨਡੀਆਈ ਗੱਠਜੋੜ ਤੋਂ ਬਾਹਰ ਕਰਨ ਦੀ ਯੋਜਨਾ ਬਣਾਉਂਦੇ ਦਿਸ ਰਹੇ ਹਨ।

# ਸੁਖਬੀਰ ਸਿੰਘ ਬਾਦਲ ਨੂੰ ਮਿਲਣ ਤੋਂ ਬਾਅਦ ਡੇਰਾ ਬਿਆਸ ਦੇ ਮੁਖੀ ਦੀ ਜਥੇਦਾਰ ਹਰਪ੍ਰੀਤ ਸਿੰਘ ਨਾਲ ਮੁਲਾਕਾਤ

**ਬਠਿੰਡਾ:** ਡੇਰਾ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਵੀਰਵਾਰ ਨੂੰ ਸਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਮਿਲਣ ਲਈ ਦੋਵਾਂ ਵਿਚਾਲੇ ਬੰਦ ਕਮਰਾ ਗੱਲਬਾਤ ਹੋਈ। ਇਸ ਮੌਕੇ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਵੀ ਮੌਜੂਦ ਸਨ। ਦੋਵਾਂ ਧਾਰਮਿਕ ਆਗੂਆਂ 'ਚ ਕੀ ਗੱਲਬਾਤ ਹੋਈ? ਇਸ ਦੇ ਵੇਰਵੇ ਨਹੀਂ ਮਿਲ ਸਕੇ ਪਰ ਇਸ ਮੁਲਾਕਾਤ ਨੇ ਸਿਆਸੀ ਹਲਕਿਆਂ 'ਚ ਚਰਚਾ ਜ਼ਰੂਰ ਛੇੜ ਦਿੱਤੀ ਹੈ। ਬਾਬਾ ਗੁਰਿੰਦਰ ਸਿੰਘ ਆਪਣੇ ਚੌਪਰ ਰਾਹੀਂ ਸਵੇਰੇ ਸਥਾਨਕ ਥਰਮਲ ਕਾਲੋਨੀ 'ਚ ਬਣਾਏ ਗਏ ਹੈਲੀਪੈਡ 'ਤੇ ਉਤਰੇ ਤੇ ਉੱਥੋਂ ਸਿੱਧਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਗਰੀਨ ਸਿਟੀ ਵਿਚਲੀ ਰਿਹਾਇਸ਼ 'ਤੇ ਪੁੱਜੇ।

ਇੱਥੇ ਪੰਜਾਬ ਦੇ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਪਹਿਲਾਂ ਹੀ ਮੌਜੂਦ ਸਨ। ਬੈਠਕ ਤੋਂ ਪਹਿਲਾਂ ਭਾਰੀ ਸੁਰੱਖਿਆ ਵਿਵਸਥਾ ਕਾਰਨ ਮੀਡੀਆ ਨੂੰ ਦੂਰ ਹੀ ਰੱਖਿਆ ਗਿਆ ਪਰ ਸੂਚਨਾ ਮੁਤਾਬਕ ਦੋਵਾਂ ਨੇਤਾਵਾਂ ਵਿਚਕਾਰ ਬੰਦ ਕਮਰੇ 'ਚ ਲੰਬੀ ਬੈਠਕ ਹੋਈ। ਇਸ ਬੈਠਕ ਦਾ ਏਜੰਡਾ ਸਾਹਮਣੇ ਨਹੀਂ ਆ ਸਕਿਆ। ਪਰ ਮੰਨਿਆ ਜਾ ਰਿਹਾ ਹੈ ਕਿ ਦੋਵਾਂ ਧਾਰਮਿਕ ਆਗੂਆਂ ਵਿਚਾਲੇ ਸਿੱਖ ਪੰਥ 'ਚ ਬੀਤੇ ਕੁਝ ਦਿਨਾਂ 'ਚ ਵਾਪਰੇ ਘਟਨਾ ਚੱਕਰ ਬਾਰੇ ਚਰਚਾ ਹੋਈ। ਇਸ ਤੋਂ ਲਗਭਗ ਇਕ ਹਫਤਾ ਪਹਿਲਾਂ ਡੇਰਾ ਬਿਆਸ ਮੁੱਖੀ ਵਲੋਂ ਸੁਖਬੀਰ ਸਿੰਘ ਬਾਦਲ ਨਾਲ ਉਸਦੇ ਗੁੜਗਾਉਂ ਵਾਲੇ ਫਾਰਮ ਹਾਊਸ ਵਿੱਚ ਹੋਈ ਗੁਪਤ ਮੀਟਿੰਗ ਦੇ ਚਰਚੇ ਵੀ ਹਨ।



**ਦੋਵਾਂ ਵਿਚਾਲੇ ਬੰਦ ਕਮਰਾ ਗੱਲਬਾਤ ਹੋਈ। ਇਸ ਮੌਕੇ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਵੀ ਮੌਜੂਦ ਸਨ। ਦੋਵਾਂ ਧਾਰਮਿਕ ਆਗੂਆਂ 'ਚ ਕੀ ਗੱਲਬਾਤ ਹੋਈ?**

# ਭਾਰਤੀਆਂ ਵਿਚ ਵਧ ਰਹੀ ਵਿਦੇਸ਼ ਜਾਣ ਦੀ ਰੁਚੀ

## ਹੁਣ ਕੈਨੇਡਾ ਜਾਣਾ ਹੋਇਆ ਮੁਸ਼ਕਿਲ

**ਨਵੀਂ ਦਿੱਲੀ :** ਭਾਰਤੀਆਂ ਵਲੋਂ ਵਿਦੇਸ਼ਾਂ ਵਿੱਚ ਜਾ ਕੇ ਵਸਣ ਦੀ ਰੁਚੀ ਵਿੱਚ ਬਹੁਤ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਅਮਰੀਕਾ,ਕਨੇਡਾ, ਇੰਗਲੈਂਡ, ਆਸਟ੍ਰੇਲੀਆ, ਨਿਊਜ਼ੀਲੈਂਡ, ਡੁਬਈ ਅਤੇ ਸਪੇਨ ਉਹ ਦੇਸ਼ ਭਾਰਤੀ ਵੱਡੀ ਗਿਣਤੀ ਵਿੱਚ ਗਏ ਹਨ ਅਤੇ ਲਗਾਤਾਰ ਜਾ ਰਹੇ ਹਨ।

ਵੱਖ ਵੱਖ ਅਖ਼ਬਾਰਾਂ ਵਿੱਚ ਛਪੇ ਕੈਨੇਡਾ ਸਰਕਾਰ ਦੇ ਅੰਕੜਿਆਂ ਅਨੁਸਾਰ 30 ਨਵੰਬਰ 2024 ਤੱਕ 2267700 ਤੋਂ ਵੱਧ ਵਿਦੇਸ਼ੀ ਲੋਕ ਕੈਨੇਡਾ ਦੀ ਪੱਕੀ ਇਮੀਗ੍ਰੇਸ਼ਨ, ਸਟੱਡੀ ਪਰਮਿਟ, ਵਰਕ ਪਰਮਿਟ, ਸੈਲਾਨੀ ਵੀਜ਼ਾ ਆਦਿਕ ਅਪਲਾਈ ਕਰਕੇ ਆਪਣੀ ਵਾਰੀ ਦੀ ਉਡੀਕ ਕਰ ਰਹੇ ਸਨ । ਉਨ੍ਹਾਂ ਵਿਚ ਸਭ ਤੋਂ ਵੱਧ ਗਿਣਤੀ ਭਾਰਤੀ ਨਾਗਰਿਕਾਂ ਦੀ ਹੈ। ਕੈਨੇਡਾ ਵਿਖੇ ਕਾਲਜਾਂ ਤੇ ਯੂਨੀਵਰਿਸਟੀਆਂ ਦੇ ਜਨਵਰੀ ਵਿਚ ਸ਼ੁਰੂ ਹੋਣ ਵਾਲੇ ਸਮੈਸਟਰਾਂ ਵਿਚ ਦਾਖਲਾ ਲੈ ਕੇ ਇਨੀਂ ਦਿਨੀਂ ਪੁੱਜ ਰਹੇ ਭਾਰਤੀਆਂ ਦੀਆਂ ਲੰਬੀਆਂ ਲਾਈਨਾਂ ਦੇਸ਼ ਦੇ ਵੈਨਕੂਵਰ ਤੇ ਟੋਰਾਂਟੋ ਵਿਖੇ ਅੰਤਰਰਾਸ਼ਟਰੀ ਹਵਾਈ ਅੱਡਿਆਂ ਅੰਦਰ ਦਿਖਾਈ ਦਿੰਦੀਆਂ ਹਨ। ਜਿਨ੍ਹਾਂ ਨੂੰ ਇੰਮੀਗ੍ਰੇਸ਼ਨ ਅਫਸਰਾਂ ਤੋਂ ਆਪਣੇ ਸਟੱਡੀ ਪਰਮਿਟ ਲੈਣ ਵਾਸਤੇ ਕਈ ਘੰਟੇ ਇੰਤਜ਼ਾਰ ਕਰਨਾ ਪੈ ਜਾਂਦਾ ਹੈ । ਕੈਨੇਡਾ ਦੇ ਇੰਮੀਗ੍ਰੇਸ਼ਨ ਮੰਤਰਾਲੇ ਦੇ ਅੰਕੜਿਆਂ ਅਨੁਸਾਰ ਬੀਤੀ 30 ਨਵੰਬਰ ਤੱਕ 10 ਲੱਖ ਵੀਜ਼ਾ ਅਰਜੀਆਂ ਦਾ ਨਿਪਟਾਰਾ ਨਿਰਧਾਰਤ ਸਮੇਂ ਅਨੁਸਾਰ ਨਹੀਂ ਕੀਤਾ ਜਾ ਸਕਿਆ ਸੀ ਤੇ ਉਹ ਅਰਜ਼ੀਆਂ 'ਬੈਕਲਾਗ' ਵਿਚ ਹਨ। ਕੈਨੇਡਾ ਪ੍ਰਤੀ ਵਿਦੇਸ਼ੀਆਂ ਦੀ ਦਿਲਚਸਪੀ ਦੇ ਇਕ ਹੈਰਾਨਕਨ ਅੰਕੜੇ ਅਨੁਸਾਰ ਕੈਨੇਡੀਅਨ ਇਮੀਗ੍ਰੇਸ਼ਨ ਅਧਿਕਾਰੀਆਂ ਨੇ 2024 'ਚ 1 ਜਨਵਰੀ ਤੋਂ 30 ਨਵੰਬਰ ਤੱਕ 11.77,000 ਵਰਕ ਪਰਮਿਟ ਅਰਜੀਆਂ ਦਾ ਨਬੇੜਾ ਕੀਤਾ ਜਿਨ੍ਹਾਂ ਵਿਚ ਨਵੇਂ ਅਰਜੀਕਰਤਾ ਤੇ ਕੈਨੇਡਾ ਵਿਖੇ ਸਟੇਡੀ ਜਾਂ ਕੰਮ ਕਰ ਰਹੇ ਵਿਦੇਸ਼ੀਆਂ ਦੇ ਪਰਮਿਟ ਵਧਾਉਣ ਦੀਆਂ ਅਰਜ਼ੀਆਂ ਸ਼ਾਮਿਲ ਹਨ। ਇਕ ਸੀਨੀਅਰ ਅਧਿਕਾਰੀ ਅਨੁਸਾਰ ਕੈਨੇਡਾ ਦੇ ਇੰਮੀਗ੍ਰੇਸ਼ਨ ਮੰਤਰਾਲੇ ਕੋਲ ਫੈਸਲੇ ਕਰਨ ਲਈ 20 ਲੱਖ ਤੋਂ ਵੱਧ ਵਿਦੇਸ਼ੀਆਂ ਦੀਆਂ ਅਰਜੀਆਂ ਦਾ ਮੌਜੂਦ ਹੋਣਾ ਆਮ ਗੱਲ ਹੋ ਗਈ ਹੈ। ਪਤਾ ਲੱਗਾ ਹੈ ਕਿ 2023 ਦੌਰਾਨ ਕੈਨੇਡਾ ਦੇ ਕੱਚੇ ਤੇ ਪੱਕੇ ਵੀਜ਼ਿਆਂ ਵਾਸਤੇ 73 ਲੱਖ ਤੋਂ ਵੱਧ ਅਰਜੀਆਂ ਦਾ ਨਿਪਟਾਵਾ ਕੀਤਾ ਗਿਆ ਸੀ। ਕੈਨੇਡਾ ਦੇ ਸਟੱਡੀ ਪਰਮਿਟ ਦੀ ਆੜ ਹੇਠ ਏਜੰਟਾਂ ਦੀਆਂ ਜੁੰਡਲੀਆਂ ਵਲੋਂ ਲੋਕਾਂ ਨੂੰ ਕੈਨੇਡਾ ਤੇ ਅਮਰੀਕਾ ਵਿਚ ਲੰਘਾਉਣ ਦਾ ਗੈਰ-ਕਾਨੂੰਨੀ ਧੰਦਾ ਵੀ ਸਿਖਰਾਂ ਉੱਪਰ ਰਿਹਾ ਹੈ। ਜਿਸ ਵਿਚ ਕੈਨੇਡਾ ਵਿਖੇ ਕਾਲਜ ਸਥਾਪਤ ਕਰਕੇ ਨੌਜਵਾਨਾਂ ਦੇ ਦਾਖਲੇ ਕਰਨੇ ਤੇ ਵੀਜ਼ਾ ਦਵਾ ਕੇ ਕੈਨੇਡਾ ਪਹੁੰਚਾਉਣਾ ਜਾਂ ਉੱਥੋਂ ਅਮਰੀਕਾ ਲੰਘਾਉਣਾ ਸ਼ਾਮਿਲ ਸੀ। ਇਕ ਸਟੱਡੀ ਵਰਕ ਪਰਮਿਟ ਦੇ ਏਜੰਟਾਂ ਵਲੋਂ 20 ਤੋਂ 70 ਲੱਖ ਰੁਪਏ ਲਏ ਜਾਂਦੇ ਰਹੇ। ਇਸ ਸਿਲਸਿਲੇ ਨੇੜੇ ਕੁਝ ਭਾਰਤੀ ਪਰਿਵਾਰਾਂ ਦੀ ਉਨ੍ਹਾਂ ਦੇ ਬੱਚਿਆਂ ਸਮੇਤ ਮੌਤਾਂ ਹੋਣ ਦੀਆਂ ਘਟਨਾਵਾਂ ਵੀ ਵਾਪਰਦੀਆਂ ਰਹੀਆਂ। ਕੁਝ ਕੇਸਾਂ ਦੀ ਜਾਂਚ ਇਨਫੋਰਮੈਂਟ ਡਾਇਰੈਕਟੋਰੇਟ ਵਲੋਂ ਕੀਤੀ ਜਾ ਰਹੀ ਹੈ। ਜਾਂਚ ਅਧਿਕਾਰੀਆਂ ਅਨੁਸਾਰ ਭਾਰਤ 'ਚ ਟਰੈਵਲ ਏਜੰਟਾਂ (3500) ਤੇ ਕੈਨੇਡਾ ਵਿਚ (260 ਦੇ ਕਰੀਬ) ਕਾਲਜ ਚਲਾਉਣ ਵਾਲੇ ਵਿਅਕਤੀਆਂ ਦੀ ਸ਼ਮੂਲੀਅਤ ਤੇ ਕੈਨੇਡਾ ਸਰਕਾਰ ਦੀ ਢਿੱਲਮੱਠ ਕਰਨ ਦੀ ਨੀਤੀ ਤੋਂ ਬਿਨਾ ਇਹ ਗੈਰਕਾਨੂੰਨੀ ਧੰਦਾ ਚਮਕ ਨਹੀਂ ਸਕਦਾ ਸੀ । ਸਟੱਡੀ ਪਰਮਿਟ ਦਾ ਮਕਸਦ ਕੈਨੇਡਾ ਵਿਚ ਪੜ੍ਹਾਈ ਕਰਨਾ, ਕੈਨੇਡਾ ਜਾਂ ਅਮਰੀਕਾ ਵਿਚ ਵੜ ਕੇ ਉੱਥੇ ਪੱਕਾ ਵਾਸਾ ਕਰਨ ਦੀਆਂ ਸੰਭਾਵਨਾਵਾਂ ਦੀ ਤਲਾਸ਼ ਕਰਨਾ ਹੈ।



# ਇੰਗਲੈਂਡ ਦੇ ਹਸਪਤਾਲ ਵਿਚ ਸਿਖ ਬਜ਼ੁਰਗ ਦੀ ਦਾੜੀ ਕੱਟਣ ਦਾ ਮਸਲਾ ਭਖਿਆ

## ਕਾਨੂੰਨੀ ਨਜ਼ਰੀਏ ਤੋਂ ਵਾਲਾਂ ਦੇ ਜ਼ਬਰਦਸਤੀ ਕੱਟਣ ਨੂੰ ਗੈਰ-ਕਾਨੂੰਨੀ ਮਾਮਲਾ ਸਮਝਿਆ ਜਾਂਦਾ ਹੈ

ਇੰਗਲੈਂਡ ਦੇ ਇਕ ਹਸਪਤਾਲ ਵਿਚ 91 ਸਾਲਾ ਸਿੱਖ ਵਿਅਕਤੀ ਦੀ ਦਾੜ੍ਹੀ ਉਸਦੀ ਤੇ ਉਸਦੇ ਪਰਿਵਾਰ ਦੀ ਮਰਜ਼ੀ ਵਿਰੁੱਧ ਕੱਟਣ ਦਾ ਮਾਮਲਾ ਸਾਹਮਣੇ ਆਇਆ ਹੈ। ਰਿਪੋਰਟਾਂ ਅਨੁਸਾਰ ਪਰਿਵਾਰ ਨੇ ਵਾਲ ਕੱਟਣ ਲਈ ਬਿਲਕੁਲ ਨਹੀਂ ਕਿਹਾ ਸੀ । ਸਿੱਖ ਫੈਡਰੇਸ਼ਨ ਯੂ.ਕੇ. ਦੇ ਭਾਈ ਦਬਿੰਦਰਜੀਤ ਸਿੰਘ ਓ.ਬੀ.ਈ. ਨੇ ਕਿਹਾ ਕਿ ਇਹ ਬਹੁਤ ਹੀ ਨਿੰਦਣਯੋਗ ਤੇ ਚਿੰਤਾਜਨਕ ਵਰਤਾਰਾ ਹੈ ।

ਹਸਪਤਾਲ ਵਿਚ ਵਾਪਰੀ ਘਟਨਾ ਦੀ ਪੁਸ਼ਟੀ ਕਰਨ ਕਰਦਿਆਂ ਸਿੱਖ ਫੈਡਰੇਸ਼ਨ (ਯੂ.ਕੇ.) ਨੂੰ ਲਿਖਿਆ ਕਿ ਸਾਨੂੰ ਜੋ ਹੋਇਆ ਉਸ ਲਈ ਬਹੁਤ ਅਫ਼ਸੋਸ ਹੈ ਤੇ ਅਸੀਂ ਇਸ ਮਾਮਲੇ ਨੂੰ ਬਹੁਤ ਗੰਭੀਰਤਾ ਨਾਲ ਲੈ ਰਹੇ ਹਾਂ। ਇਹ ਇੱਕ ਗਲਤੀ ਸੀ ਜਿਸ ਲਈ ਅਸੀਂ ਮਰੀਜ਼ ਤੇ ਉਨ੍ਹਾਂ ਦੇ ਪਰਿਵਾਰ ਤੋਂ ਸਿੱਧੇ ਤੌਰ 'ਤੇ ਮੁਆਫੀ ਮੰਗੀ ਹੈ । ਕਾਨੂੰਨੀ ਨਜ਼ਰੀਏ ਤੋਂ ਵਾਲਾਂ ਦੇ ਜ਼ਬਰਦਸਤੀ ਕੱਟਣ ਨੂੰ ਗੈਰ ਕਾਨੂੰਨੀ ਮਾਮਲਾ ਸਮਝਿਆ ਜਾਂਦਾ ਹੈ। ਜਿਸ ਲਈ ਵੱਧ ਤੋਂ ਵੱਧ ਸੰਭਾਵਿਤ ਸਜ਼ਾ ਪੰਜ ਸਾਲ ਦੀ ਕੈਦ ਹੈ, ਨਸਲੀ ਜਾਂ ਧਾਰਮਿਕ ਤੌਰ 'ਤੇ ਇਹ ਵੱਧ ਕੇ ਸੱਤ ਸਾਲ ਤੱਕ ਵੀ ਹੋ ਸਕਦੀ ਹੈ। ਪੀੜਤ ਪਰਿਵਾਰ ਅਤੇ ਸਿੱਖ ਭਾਈਚਾਰੇ ਵਲੋਂ ਸਬੰਧਿਤ ਕਰਮਚਾਰੀਆਂ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਹੈ।

# ਬਠਿੰਡੇ ਨੇੜੇ ਬੱਸ ਹਾਦਸੇ ਵਿੱਚ ਅੱਠ ਮੌਤਾਂ

**ਹਾਦਸੇ ’ਚ 8 ਲੋਕਾਂ ਦੀ ਮੌਤ ਤੇ 35 ਦੇ ਜ਼ਖਮੀ ਹੋਣ ਦੀ ਸੂਚਨਾ ਹੈ। ਮਰਨ ਵਾਲਿਆਂ ‘ਚ ਇਕ ਬੱਚਾ, ਦੋ ਔਰਤਾਂ ਤੇ ਪੰਜ ਪੁਰਸ਼ ਦੱਸੇ ਜਾ ਰਹੇ ਹਨ। ਹਾਦਸੇ ਤੋਂ ਬਾਅਦ ਜ਼ਖ਼ਮੀਆਂ ਨੂੰ ਸਿਵਲ ਹਸਪਤਾਲ ਬਠਿੰਡਾ, ਤਲਵੰਡੀ ਸਾਬੋ ਤੇ ਏਮਜ਼ ’ਚ ਦਾਖ਼ਲ ਕਰਵਾਇਆ ਗਿਆ ਹੈ।**

**ਬਠਿੰਡਾ:** ਸਰਦੂਲਗੜ੍ਹ ਤੋਂ ਤਲਵੰਡੀ ਸਾਬੋ ਰਾਹੀਂ ਬਠਿੰਡਾ ਆ ਰਹੀ ਸਵਾਰੀਆਂ ਨਾਲ ਭਰੀ ਇਕ ਨਿੱਜੀ ਕੰਪਨੀ ਦੀ ਬੱਸ ਸ਼ੁੱਕਰਵਾਰ ਦੁਪਹਿਰ 1:30 ਵਜੇ ਪਿੰਡ ਜੀਵਨ ਸਿੰਘ ਵਾਲਾ ਨੇੜੇ ਲਸਾੜਾ ਡਰੇਨ (ਗੰਦਾ ਨਾਲਾ) ਵਿਚ ਜਾ ਡਿੱਗੀ। ਹਾਦਸਾ ਉਸ ਸਮੇਂ ਵਾਪਰਿਆ, ਜਦੋ ਬੱਸ ਨੇ ਸਾਹਮਣੇ ਤੋਂ ਆ ਰਹੇ ਇਕ ਟਰੱਕ ਨੂੰ ਰਸਤਾ ਦੇਣ ਲਈ ਬਰੇਕ ਲਾਉਣ ਦੀ ਕੋਸ਼ਿਸ਼ ਕੀਤੀ ਪਰ ਮੀਂਹ ਪੈਣ ਨਾਲ ਪੁਲ ‘ਤੇ ਚਿੱਕੜ ਹੋਣ ਕਾਰਨ ਬੱਸ ਆਪਣਾ ਸੰਤੁਲਨ ਗੁਆ ਬੈਠੀ ਤੇ ਪੁਲ ਦੀ ਰੇਲਿੰਗ ਤੋੜ ਕੇ ਹੇਠਾਂ ਡਿੱਗ ਗਈ।

ਇਸ ਹਾਦਸੇ ’ਚ 8 ਲੋਕਾਂ ਦੀ ਮੌਤ ਤੇ 35 ਦੇ ਜ਼ਖਮੀ ਹੋਣ ਦੀ ਸੂਚਨਾ ਹੈ। ਮਰਨ ਵਾਲਿਆਂ ‘ਚ ਇਕ ਬੱਚਾ, ਦੋ ਔਰਤਾਂ ਤੇ ਪੰਜ ਪੁਰਸ਼ ਦੱਸੇ ਜਾ ਰਹੇ ਹਨ। ਹਾਦਸੇ ਤੋਂ ਬਾਅਦ ਜ਼ਖ਼ਮੀਆਂ ਨੂੰ ਸਿਵਲ ਹਸਪਤਾਲ ਬਠਿੰਡਾ, ਤਲਵੰਡੀ ਸਾਬੋ ਤੇ ਏਮਜ਼ ‘ਚ ਦਾਖ਼ਲ ਕਰਵਾਇਆ ਗਿਆ ਹੈ।

ਘਟਨਾ ਦਾ ਪਤਾ ਲੱਗਦਿਆਂ ਹੀ ਡੀਸੀ ਸ਼ੌਕਤ ਅਹਿਮਦ ਪਰੇ, ਐੱਸਐੱਸਪੀ ਅਮਨੀਤ ਕੋਂਡਲ, ਐੱਸਡੀਐੱਮ ਤਲਵੰਡੀ ਸਾਬੋ ਤੋਂ ਇਲਾਵਾ ਪੁਲਿਸ ਤੇ ਪ੍ਰਸ਼ਾਸ਼ਿਨਕ ਅਧਿਕਾਰੀ ਮੌਕੇ ‘ਤੇ ਪਹੁੰਚ ਗਏ। ਬੱਸ ਸਵਾਰਾਂ ਨੂੰ ਬਚਾਉਣ ਲਈ ਐਨ.ਡੀ.ਆਰ.ਐੱਫ. ਦੀਆਂ ਟੀਮਾਂ ਨੂੰ ਵੀ ਮੌਕੇ ‘ਤੇ ਬੁਲਾਇਆ ਗਿਆ , ਜਿਨ੍ਹਾਂ ਸਥਾਨਕ ਲੋਕਾਂ ਦੀ ਮਦਦ ਨਾਲ ਯਾਤਰੀਆਂ ਨੂੰ ਬਾਹਰ ਕੱਢਣ ਦਾ ਕੰਮ ਕੀਤਾ। ਪੁਲਿਸ, ਸਰਕਾਰੀ ਐਂਬੂਲੈਂਸਾ ਤੇ ਸਮਾਜਸੇਵੀ ਸੰਸਥਾਵਾਂ ਨੇ ਵੀ ਮੌਕੇ ‘ਤੇ ਪਹੁੰਚ ਕੇ ਰਾਹਤ ਕਾਰਜ ਕੀਤੇ ਅਤੇ ਜ਼ਖ਼ਮੀਆਂ ਨੂੰ ਤਲਵੰਡੀ ਸਾਬੋ ਦੇ ਹਸਪਤਾਲ ਤੇ ਗੰਭੀਰ ਜ਼ਖ਼ਮੀਆਂ ਨੂੰ ਬਠਿੰਡਾ ਦੇ ਸਿਵਲ





ਹਸਪਤਾਲ ਪਹੁੰਚਾਇਆ ਗਿਆ। ਸ਼ੁੱਕਰਵਾਰ ਦੁਪਹਿਰ ਕਰੀਬ ਡੇਢ ਵਜੇ ਯਾਤਰੀਆਂ ਨੂੰ ਲੈ ਕੇ 52 ਸੀਟਰ ਪ੍ਰਾਈਵੇਟ ਬੱਸ ਸਰਦੂਲਗੜ੍ਹ ਤੋਂ ਬਠਿੰਡਾ ਲਈ ਰਵਾਨਾ ਹੋਈ ਸੀ ਤੇ ਰਸਤੇ ‘ਚੋਂ ਤਲਵੰਡੀ ਸਾਬੋ ਤੋਂ ਸਵਾਰੀਆਂ ਲੈ ਕੇ ਬਠਿੰਡਾ ਵੱਲ ਜਾ ਰਹੀ ਸੀ ਤਾਂ ਪਿੰਡ ਜੀਵਨ ਸਿੰਘ ਵਾਲਾ ਤੋਂ ਕੁਝ ਦੂਰੀ ‘ਤੇ ਪਿੰਡ ਭਾਗੀਵਾਂਦਰ ਨੇੜੇ ਡਰੇਨ ਦੇ ਪੁਲ ਤੋਂ ਹੇਠਾਂ ਡਿਗ ਪਈ

## ਬੱਸ ਡਰਾਈਵਰ ਸਣੇ ਮ੍ਰਿਤਕਾਂ ਤੇ ਜ਼ਖ਼ਮੀਆਂ ਦੀ ਹੋਈ ਪਛਾਣ

ਤਲਵੰਡੀ ਸਾਬੋ ਸਿਵਲ ਹਸਪਤਾਲ ‘ਚ ਪੰਜ ਮ੍ਰਿਤਕਾ ਦੀ ਪਛਾਣ ਅਮਨਦੀਪ ਕੌਰ ਪਤਨੀ ਸੁਖਵਿੰਦਰ ਸਿੰਘ (30) ਅਤੇ ਉਸਦੀ ਦੇ ਸਾਲਾ ਬੱਚੀ ਪ੍ਰਨੀਤ ਕੌਰ ਪੁੱਤਰੀ ਸੁਖਵਿੰਦਰ ਸਿੰਘ ਵਾਸੀ ਜੀਵਨ ਸਿੰਘ ਵਾਲਾ (ਬਠਿੰਡਾ), ਤਲਵੰਡੀ ਸਾਬੋ ਦੇ ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਦੀ ਇਕ ਵਿਦਿਆਰਥਣ ਰਵਨੀਤ ਕੌਰ ਪੁੱਤਰੀ ਹਰਜੀਤ ਸਿੰਘ ਵਾਸੀ ਜੰਡ ਵਾਲਾ ਮੀਰਾ ਸੰਦਲਾ (ਫਾਜ਼ਿਲਕਾ), ਪਰਮਜੀਤ ਕੌਰ ਵਾਸੀ ਫਤਿਆਬਾਦ (ਹਰਿਆਣਾ) ਅਤੇ ਬਿਹਾਰ ਦੇ ਰਹਿਣ ਵਾਲੇ ਅਰਜੁਨ ਕੁਮਾਰ ਵਜੋਂ ਹੋਈ ਹੈ। ਬਠਿੰਡਾ ਦੇ ਸਿਵਲ ਹਸਪਤਾਲ ‘ਚ ਪਹੁੰਚੀਆ ਤਿੰਨ ਮ੍ਰਿਤਕਾਂ ਦੀ ਪਛਾਣ ਬੱਸ ਡਰਾਈਵਰ ਬਲਕਾਰ ਸਿੰਘ ਵਾਸੀ ਕੋਟਧਰਮੂ (ਮਾਨਸਾ), ਮੁਖਤਿਆਰ ਕੌਰ ਵਾਸੀ ਜੀਵਨ ਸਿੰਘ ਵਾਲਾ ਅਤੇ ਮਹਿੰਦਰ ਸਿੰਘ ਵਾਸੀ ਰੋਹਣ ਜ਼ਿਲ੍ਹਾ ਸਿਰਸਾ (ਹਰਿਆਣਾ) ਵਜੋਂ ਹੋਈ ਹੈ। ਜ਼ਖ਼ਮੀਆਂ ਦੀ ਪਛਾਣ ਪਰਮਿੰਦਰ ਕੌਰ (34) ਵਾਸੀ ਬਠਿੰਡਾ, ਜਸ਼ਨਪ੍ਰੀਤ ਕੌਰ (19) ਵਾਸੀ ਅਬਲੂ ਬਠਿੰਡਾ, ਵੀਰ ਕੌਰ (25), ਹਰਮੀਤ ਸਿੰਘ (5), ਸਮਰ ਸਿੰਘ (3) ਵਾਸੀ ਅੰਮ੍ਰਿਤਸਰ, ਮਹਿਕਦੀਪ ਕੌਰ (4) ਵਾਸੀ ਹੁਕਮਾਵਾਲੀ ਫਤਿਹਗੜ੍ਹ, ਵੀਰਦਵਿੰਦਰ ਪਾਲ ਸਿੰਘ (42), ਗਗਨਦੀਪ ਕੌਰ (14), ਤਮੰਨਦੀਪ ਕੌਰ (19) ਵਾਸੀ ਧੂਰੀ ਜਿਲ੍ਹਾ ਸੰਗਰੂਰ, ਨਿੱਕਾ ਸਿੰਘ (45), ਕਾਜਲ (22), ਹਰਕੀਰਤ ਸਿੰਘ। (51), ਵਾਟੀ ਕੌਰ (50), ਛਿੰਦਰ ਕੌਰ। (70) ਵਾਸੀ ਤਲਵੰਡੀ ਸਾਬੋ, ਮਨਦੀਪ ਕੌਰ (17) ਗੰਗੂ ਕੌਰ (28) ਵਾਸੀ ਸਰਦੂਲਗੜ੍ਹ ਡਿੰਪਲ (13), ਜਸਵਿੰਦਰ ਕੌਰ ਪਿੰਡ ਜਿਉ ਸਿੰਘ ਵਾਲਾ, ਰਵੀ (27) ਵਾਸੀ ਸਰਦੂਲਗੜ੍ਹ, ਹਰਦੀਪ ਸਿੰਘ (25) ਵਾਸੀ ਝੰਡੂਕੇ ਜਿਲ੍ਹਾ ਮਾਨਸਾ ਰਵੀ ਕੌਰ (50) ਪਿੰਡ ਕੋਟਸ਼ਮੀਰ, ਅਸ਼ੋਕ ਕੁਮਾਰ (48) ) ਬਿਹਾਰ, ਕੁਸ਼ਲਾ ਦੇਵੀ (70) )ਰੋਧੀ, ਪਵਨਦੀਪ ਕੌਰ (22). ਮਨਦੀਪ ਸਿੰਘ (19), ਜਸਵਿੰਦਰ ਕੌਰ (44), ਬਲਦੀਪ ਸਿੰਘ (29) ਵਾਸੀ ਜੀਵਨ ਸਿੰਘ ਵਾਲਾ ਦੇ ਰੂਪ ਵਿਚ ਹੋਈ ਹੈ। ਉਧਰ, ਪ੍ਰਧਾਨ ਮੰਤਰੀ ਰਾਹਤ ਕੋਸ਼ ‘ਚ ਮ੍ਰਿਤਕਾਂ ਦੇ ਵਾਰਸਾਂ ਨੂੰ ਦੋ ਦੋ ਲੱਖ ਤੇ ਜ਼ਖਮੀਆਂ ਨੂੰ 50-50 ਹਜ਼ਾਰ ਰੁਪਏ ਦੀ ਸਹਾਇਤਾ ਦੇਣ ਦਾ ਐਲਾਨ ਕੀਤਾ ਗਿਆ ਹੈ।

# ਚੀਨ ਵਲੋਂ ਦੁਨੀਆ ਦੀ ਸਭ ਤੋਂ ਤੇਜ਼ ਬੁਲੇਟ ਟਰੇਨ ਦਾ ਪ੍ਰੀਖਣ

ਬੀਜਿੰਗ: ਚੀਨ ਨੇ ਆਪਣੀ ਹਾਈ-ਸਪੀਡ ਬੁਲੇਟ ਟਰੇਨ ਦੇ ਇਕ ਅਪਡੇਟ ਕੀਤੇ ਮਾਡਲ ਨੂੰ ਪੇਸ਼ ਕੀਤਾ, ਜਿਸਦੇ ਨਿਰਮਾਤਾ ਨੇ ਦਾਅਵਾ ਕੀਤਾ ਕਿ ਇਹ ਪਰੀਖਣ ਦੌਰਾਨ 450 ਕਿੱਲੋਮੀਟਰ ਪ੍ਰਤੀ ਘੰਟਾ ਦੀ ਸਪੀਡ ਤੱਕ ਪਹੁੰਚ ਗਈ, ਜੋ ਕਿ ਇਸ ਨੂੰ ਦੁਨੀਆ ਦੀ ਸਭ ਤੋਂ ਤੇਜ਼ ਹਾਈ-ਸਪੀਡ



ਟਰੈਨ ਬਣਾਉਂਦੀ ਹੈ।

ਸਰਕਾਰੀ ਮੀਡੀਆ ਨੇ ਕਿਹਾ ਕਿ ਸੀ.ਆਰ. 450 ਪ੍ਰੋਟੋਟਾਈਪ ਨੇ 450 ਕਿੱਲੋਮੀਟਰ ਪ੍ਰਤੀ ਘੰਟਾ ਦੀ ਟੈਸਟ ਸਪੀਡ ਪ੍ਰਾਪਤ ਕਰਨ ਦੇ ਓਪਰੇਟਿੰਗ ਸਪੀਡ, ਊਰਜਾ ਦੀ ਖਪਤ, ਅੰਦਰੂਨੀ ਸ਼ੋਰ ਅਤੇ ਬ੍ਰੇਕਿੰਗ ਦੂਰੀ ‘ਚ ਵੀ ਇਕ ਨਵਾਂ ਅੰਤਰਰਾਸ਼ਟਰੀ ਮਿਆਰ ਸਥਾਪਤ ਕੀਤਾ ਹੈ। ਤਾਜ਼ਾ ਅਧਿਕਾਰਤ ਅੰਕੜਿਆਂ ਦੇ ਅਨੁਸਾਰ ਚੀਨ ਦੇ ਸੰਚਾਲਿਤ ਐਚ.ਐਸ.ਆਰ. ਨਾਲ-ਨਾਲ ਮੁੱਖ ਪ੍ਰਦਰਸ਼ਨ ਸੂਚਕ (ਹਾਈ ਸਪੀਡ ਰੇਲ) ਟਰੈਕ ਲਗਭਗ 47,000 ਕਿਲੋਮੀਟਰ ਤੱਕ ਪਹੁੰਚ ਗਏ ਹਨ।

# ਸਿੱਖ ਚਿੰਤਕ ਬਖਸ਼ੀਸ਼ ਸਿੰਘ ’ਤੇ ਹਮਲਾ



**ਪਟਿਆਲਾ:** ਸਿੱਖ ਚਿੰਤਕ ਬਾਬਾ ਬਖਸ਼ੀਸ਼ ਸਿੰਘ ‘ਤੇ ਸ਼ਨਿਚਰਵਾਰ ਰਾਤ ਨੂੰ ਕਾਰ ਸਵਾਰਾਂ ਵੱਲੋਂ ਹਮਲਾ ਕਰਨ ਦੀ ਘਟਨਾ ਸਾਹਮਣੇ ਆਈ ਹੈ। ਬਖਸ਼ੀਸ਼ ਸਿੰਘ ਆਪਣੀ ਕਾਰ ਵਿਚ ਡਰਾਈਵਰ ਸਮੇਤ ਚੰਡੀਗੜ੍ਹ ਤੋਂ ਆਪਣੇ ਪਿੰਡ ਵੱਲ ਆ ਰਹੇ ਸੀ ਤੇ ਜਦੋਂ ਉਨ੍ਹਾਂ ਦੀ ਕਾਰ ਪਟਿਆਲਾ ਬਾਈਪਾਸ ਤੋਂ ਲੰਘਣ ਲੱਗੀ ਤਾਂ ਤਿੰਨ ਹੋਰ ਕਾਰਾਂ ਉਨ੍ਹਾਂ ਦਾ ਪਿੱਛਾ ਕਰਨ ਲੱਗੀਆਂ। ਇਕ ਕਾਰ ਅੱਗਿਓਂ ਅਤੇ ਦੋ ਕਾਰਾਂ ਦੇ ਸਵਾਰ ਪਿੱਛੇ ਆ ਲੱਗੇ। ਇਸ ‘ਤੇ ਉਨ੍ਹਾਂ ਦੇ ਡਰਾਈਵਰ ਨੇ ਕਾਰ ਭਜਾਉਣ ਦੀ ਕੋਸ੍ਰਿਸ਼ਿ ਕੀਤੀ ਹੀ ਸੀ ਕਿ ਤਿੰਨ ਕਾਰ ਸਵਾਰਾਂ ਨੇ ਗੋਲੀਆਂ ਚਲਾ ਦਿੱਤੀਆਂ ਜੋ ਕਿ ਬਖਸ਼ੀਸ਼ ਸਿੰਘ ਦੀ ਕਾਰ ‘ਤੇ ਲੱਗੀਆਂ ਤੇ ਉਸ ਦਾ ਬਚਾਅ ਰਿਹਾ। ਇਸ ਮਾਮਲੇ ਬਾਰੇ ਪੁਸ਼ਟੀ ਕਰਦਿਆਂ ਐੱਸਪੀ ਸਿਟੀ ਮੁਹੰਮਦ ਸਰਫਰਾਜ਼ ਆਲਮ ਨੇ ਦੱਸਿਆ ਕਿ ਹਮਲੇ ਵਿਚ ਬਖਸ਼ੀਸ਼ ਸਿੰਘ ਸੁਰੱਖਿਅਤ ਹਨ ਅਤੇ ਥਾਣਾ ਅਰਬਨ ਅਸਟੇਟ ਵਿਚ ਮਾਮਲਾ ਦਰਜ ਕੀਤਾ ਹੈ, ਇਸ ਤੋਂ ਇਲਾਵਾ ਵਿਸ਼ੇਸ਼ ਟੀਮ ਦਾ ਗਠਨ ਕੀਤਾ ਗਿਆ ਹੈ। ਸੂਤਰਾਂ ਅਨੁਸਾਰ ਬਖਸ਼ੀਸ਼ ਸਿੰਘ ਐਤਵਾਰ ਨੂੰ ਸੀਆਈਏ ਸਟਾਫ਼ ਪਟਿਆਲਾ ਵਿਖੇ ਮੌਜੂਦ ਰਹੇ ਤੇ ਪੁਲਿਸ ਨੇ ਮਾਮਲੇ ਬਾਰੇ ਪੁੱਛ- ਪੜਤਾਲ ਕੀਤੀ। ਪੁਲਿਸ ਉਨ੍ਹਾਂ ਨੂੰ ਲੈ ਕੇ ਘਟਨਾ ਵਾਲੀ ਥਾਂ ‘ਤੇ ਲੈ ਕੇ ਗਈ ਹੈ।

# ਅਤਿਵਾਦੀਆਂ ਅਤੇ ਪੁਲਿਸ ਵਿਚਕਾਰ ਗੋਲੀਬਾਰੀ

**ਬਟਾਲਾ:** ਪੁਲਿਸ ਨੇ ਐਤਵਾਰ ਸ਼ਾਮ ਨੂੰ ਬਟਾਲਾ ਦੇ ਥਾਣਾ ਘਣੀਏ ਕੇ ਬਾਂਗਰ ਪੁਲਿਸ ਚੌਂਕੀ ਵਡਾਲਾ ਬਾਂਗਰ ‘ਤੇ ਹੋਏ ਹਮਲੇ ਦੇ ਮਾਸਟਰਮਾਈਂਡ ਸਮੇਤ ਅੱਤਵਾਦੀ ਮਾਡਿਊਲ ਦੇ 5 ਮੁਲਜ਼ਮਾਂ ਨੂੰ ਦੋ ਪਿਸਤੌਲਾਂ ਸਣੇ ਗ੍ਰਿਫ਼ਤਾਰ ਕੀਤਾ ਗਿਆ ਹੈ। ਫੜੇ ਗਏ ਮੁਲਜ਼ਮਾਂ ਦੀ ਉਮਰ 22 ਤੋਂ 25 ਸਾਲ ਦਰਮਿਆਨ ਹੈ। ਪੁਲਿਸ ਨੇ ਮੁਲਜ਼ਮਾਂ ਨੂੰ ਐਤਵਾਰ ਨੂੰ ਕਿਲ੍ਹਾ ਲਾਲ ਸਿੰਘ ਤੋਂ ਗ੍ਰਿਫ਼ਤਾਰ ਕੀਤਾ ਹੈ।




ਜਦੋਂ ਬਟਾਲਾ ਪੁਲਿਸ ਵੱਲੋਂ ਹਿਰਾਸਤ ਵਿਚ ਲਏ ਪੰਜ ਮੁਲਜ਼ਮਾਂ ਵਿੱਚੋਂ ਦੋ ਨੂੰ ਬਰਾਮਦਗੀ ਲਈ ਥਾਣਾ ਘਣੀਏ ਕੇ ਬਾਂਗਰ ਅਧੀਨ ਆਉਂਦੇ ਪਿੰਡ ਚੱਠਾ ਲਾਗੇ ਨਹਿਰ ਕਿਨਾਰੇ ਲਿਜਾਇਆ ਗਿਆ ਤਾਂ ਮੁਲਜ਼ਮਾਂ ਨੇ ਪੁਲਿਸ ‘ਤੇ ਆਪਣੇ ਲੁਕੋਏ ਹੋਏ ਪਿਸਤੌਲ ਨਾਲ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ, ਜਦੋਂ ਦੋਵਾਂ ਮੁਲਜ਼ਮਾਂ ਨੇ ਭੱਜਣ ਦੀ ਕੋਸ਼ਿਸ਼ ਕੀਤੀ ਤਾਂ ਪੁਲਿਸ ਨਾਲ ਹੋਏ ਮੁਕਾਬਲੇ ਦੌਰਾਨ ਦੋਵਾਂ ਮੁਲਜ਼ਮਾਂ ਨੂੰ ਗੋਲੀ ਲੱਗ ਗਈ। ਦੋਵੇਂ ਜ਼ਖ਼ਮੀ ਮੁਲਜ਼ਮਾਂ ਨੂੰ ਬਟਾਲਾ ਦੇ ਸਿਵਲ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਹੈ। ਜ਼ਖ਼ਮੀਆਂ ਦੀ ਪਛਾਣ ਅਭਿਜੋਤ ਸਿੰਘ ਤੇ ਕੁਲਜੀਤ ਸਿੰਘ ਵਜੋਂ ਹੋਈ ਹੈ। ਇਸ ਦੌਰਾਨ ਡੀਆਈਜੀ ਬਾਰਡਰ ਰੇਂਜ ਸਤਿੰਦਰ ਸਿੰਘ ਅਤੇ ਐਸਐੱਸਪੀ ਬਟਾਲਾ ਸੁਹੇਲ ਮੀਰ ਕਾਸਿਮ ਤੇ ਬਾਕੀ ਅਧਿਕਾਰੀ ਮੌਕੇ ’ਤੇ ਜਾਂਚ ਕਰ ਰਹੇ ਹਨ। ਡੀਆਈਜੀ ਨੇ ਦੱਸਿਆ ਕਿ ਇਸ ਮਾਮਲੇ ਵਿਚ ਪੰਜ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਸਾਰੇ 5 ਮੁਲਜ਼ਮ ਬਟਾਲਾ ਦੇ ਕਿਲ੍ਹਾ ਲਾਲ ਸਿੰਘ ਦੇ ਰਹਿਣ ਵਾਲੇ ਹਨ। ਮੁਲਜ਼ਮ ਅਭਿਜੋਤ ਮਾਸਟਰਮਾਈਂਡ ਹੈ, ਉਸ ਤੋਂ ਇਲਾਵਾ ਫੜੇ ਗਏ ਮੁਲਜ਼ਮ ਕੁਲਜੀਤ ਸਿੰਘ, ਸ਼ੁਭਮ, ਰੋਹਿਤ ਘੇਸੀ, ਗੁਰਜਿੰਦਰ ਸਿੰਘ ਰਾਜਾ ਸਾਰੇ ਕਿਲ੍ਹਾ ਲਾਲ ਸਿੰਘ ਦੇ ਨਿਵਾਸੀ ਹਨ।

ਡੀਆਈਜੀ ਨੇ ਦੱਸਿਆ ਕਿ ਇਨ੍ਹਾਂ ਦੇ ਪਿੱਛੇ ਹੈਪੀ ਪਸ਼ੀਆ, ਹਨੀ ਸ਼ੇਰਾ ਅਤੇ ਹਰਿੰਦਰ ਰਿੰਦਾ ਹਨ। ਪੁਲਿਸ ਥਾਣਿਆਂ ‘ਤੇ ਜੋ ਗ੍ਰਨੇਡ ਸੁੱਟੇ ਗਏ ਸਨ, ਉਹ ਵੀ ਪਾਕਿਸਤਾਨ ਵਾਲੇ ਪਾਸਿਓਂ ਆਏ ਹਨ। ਅੱਤਵਾਦੀ ਗਿਰੋਹ ਬੱਬਰ ਖ਼ਾਲਸਾ ਇੰਟਰਨੈਸ਼ਨਲ (ਬੀਕੇਆਈ) ਨੇ ਸੋਸ਼ਲ ਮੀਡੀਆ ‘ਤੇ ਪੋਸਟਾਂ ਪਾ ਕੇ ਇਨ੍ਹਾਂ ਹਮਲਿਆਂ ਦੀ ਜ਼ਿੰਮੇਵਾਰੀ ਲਈ ਸੀ।

# ਰੂਸ ਨੇ ਡੇਗਿਆ ਸੀ ਯਾਤਰੀ ਜਹਾਜ਼: ਅਜ਼ਰਬਾਈਜਾਨ

**ਮਾਸਕੋ:** ਅਜ਼ਰਬਾਈਜਾਨ ਦੇ ਰਾਸ਼ਟਰਪਤੀ ਇਲਹਾਮ ਅਲੀਯੇਵ ਨੇ ਕਿਹਾ ਹੈ ਕਿ ਪਿਛਲੇ ਹਫ਼ਤੇ ਹਾਦਸਾਗ੍ਰਸਤ ਹੋਏ ਅਜ਼ਰਬਾਈਜਾਨੀ ਜਹਾਜ਼ ਨੂੰ ਰੂਸ ਨੇ ਡੇਗਿਆ ਸੀ।

ਹਾਲਾਂਕਿ, ਉਨ੍ਹਾਂ ਅਜਿਹਾ ਅਣਜਾਣੇ ‘ਚ ਕੀਤਾ ਸੀ। ਅਲੀਯੇਵ ਨੇ ਅਜ਼ਰਬਾਈਜਾਨੀ ਟੈਲੀਵਿਜ਼ਨ ਨੂੰ ਦੱਸਿਆ ਕਿ ਜਹਾਜ਼ ਰੂਸੀ ਹਵਾਈ ਖੇਤਰ ‘ਚ ਮਿਜ਼ਾਈਲ ਨਾਲ ਟਕਰਾ ਗਿਆ ਸੀ। ਉਨ੍ਹਾਂ ਕਿਹਾ ਕਿ ਜੈੱਟ ਨੂੰ ਜਾਣਬੁੱਝ ਕੇ ਨਿਸ਼ਾਨਾ ਨਹੀਂ ਬਣਾਇਆ ਗਿਆ ਪਰ ਉਨ੍ਹਾਂ ਰੂਸ ‘ਤੇ ਦੋਸ਼ ਲਾਇਆ ਕਿ ਉਹ ਕਈ ਦਿਨਾਂ ਤੋਂ ਇਸ ਮੁੱਦੇ ਨੂੰ ਛੁਪਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਬੁੱਧਵਾਰ ਨੂੰ ਹੋਏ ਇਸ ਹਾਦਸੇ ‘ਚ ਜਹਾਜ਼ ‘ਚ ਸਵਾਰ 67 ‘ਚੋਂ 38 ਲੋਕਾਂ ਦੀ ਮੌਤ ਹੋ ਗਈ ਸੀ। ਮਾਸਕੋ ਨੇ ਕਿਹਾ ਕਿ ਹਵਾਈ ਰੱਖਿਆ ਪ੍ਰਣਾਲੀ ਚੇਚਨੀਆ ਦੇ ਰੂਸੀ ਗਣਰਾਜ ਦੀ ਖੇਤਰੀ ਰਾਜਧਾਨੀ ਗਰੋਜ਼ਨੀ ਨੇੜੇ ਮਿਜ਼ਾਈਲਾਂ ਦਾਗ ਰਹੀ ਸੀ, ਜਿਥੇ ਜਹਾਜ਼ ਨੇ



ਯੁਕਰੇਨੀ ਡਰੋਨ ਹਮਲੇ ਤੋਂ ਬਚਣ ਲਈ ਲੈਂਡ ਕਰਨ ਦੀ ਕੋਸ਼ਿਸ਼ ਕੀਤੀ। ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਇਸ ਕਾਰਵਾਈ ਲਈ ਅਲੀਯੇਵ ਤੋਂ ਮੁਆਫ਼ੀ ਮੰਗੀ ਤੇ ਇਸ ਨੂੰ ਦੁਖਦਾਈ ਘਟਨਾ ਕਿਹਾ ਪਰ ਮਾਸਕੋ ਦੀ ਜ਼ਿੰਮੇਵਾਰੀ ਨੂੰ ਸਵੀਕਾਰ ਕਰਨ ਤੋਂ ਇਨਕਾਰ ਕੀਤਾ।

# ਦਿੱਲੀ ’ਚ ਵੋਟਰ ਸੂਚੀ ’ਚ ਹੇਰਾਫੇਰੀ ਕਰ ਰਹੀ ਹੈ ਭਾਜਪਾ: ਕੇਜਰੀਵਾਲ

**ਨਵੀਂ ਦਿੱਲੀ:** ‘ਆਪ’ ਮੁਖੀ ਅਰਵਿੰਦ ਕੇਜਰੀਵਾਲ ਨੇ ਭਾਜਪਾ ‘ਤੇ ਦਿੱਲੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵੋਟਰ ਸੂਚੀ ‘ਚ ਹੇਰਾਫੇਰੀ ਕਰਨ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਗਾਇਆ ਹੈ। ਰਾਜ ਸਭਾ ਮੈਂਬਰ ਰਾਘਵ ਚੱਢਾ ਅਤੇ ਦਿੱਲੀ ਦੇ ਮੁੱਖ ਮੰਤਰੀ ਆਤਿਸ਼ੀ ਦੇ ਨਾਲ ਇਕ ਪ੍ਰੈੱਸ ਕਾਨਫਰੰਸ ਦੌਰਾਨ ਕੇਜਰੀਵਾਲ ਨੇ ਦਾਅਵਾ ਕੀਤਾ ਕਿ ਭਾਜਪਾ ਮਜ਼ਬੂਤ ਉਮੀਦਵਾਰਾਂ, ਜਾਂ ਮੁੱਦਿਆਂ ਨੂੰ ਪੇਸ਼ ਕਰਨ ‘ਚ ਅਸਫ਼ਲ ਰਹਿਣ ਤੋਂ ਬਾਅਦ ਅਣਉਚਿਤ ਤਰੀਕਿਆਂ ਰਾਹੀਂ ਚੋਣਾਂ ਜਿੱਤਣ ਦੀ ਕੋਸ਼ਿਸ਼ ਕਰ ਰਹੀ ਹੈ।



ਦਿੱਲੀ ਦੇ ਸਾਬਕਾ ਮੁੱਖ ਮੰਤਰੀ ਨੇ ਇਹ ਵੀ ਦੋਸ਼ ਲਗਾਇਆ ਕਿ ਭਾਜਪਾ ਨੇ ਇਕੱਲੇ ਇਕ ਹਲਕੇ ‘ਚ 11,000 ਵੋਟਰ ਕੱਟਣ ਦੀਆਂ ਅਰਜ਼ੀਆਂ ਦਾਇਰ ਕੀਤੀਆਂ ਸਨ ਪਰ ਮੁੱਖ ਚੋਣ ਕਮਿਸ਼ਨਰ ਦੇ ਦਖਲ ‘ਤੇ ਇਸ ਕਦਮ ਨੂੰ ਰੋਕ ਦਿੱਤਾ ਗਿਆ ਸੀ।

ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀ ਹੇਰਾਫੇਰੀ ਲੋਕਤੰਤਰ ਨੂੰ ਕਮਜ਼ੋਰ ਕਰਦੀ ਹੈ। ਅਸੀਂ ਚੋਣ ਕਮਿਸ਼ਨ ਨੂੰ ਅਪੀਲ ਕਰਦੇ ਹਾਂ ਕਿ ਉਹ ਅਜਿਹੀ ਦੁਰਵਰਤੋਂ ਨੂੰ ਰੋਕਣ ਲਈ ਸਖ਼ਤ ਨਿਗਰਾਨੀ ਕੀਤੀ ਜਾਵੇ।

# ਅੰਗੀਠੀ ਦੇ ਧੂੰਏਂ ਨਾਲ ਦਮ ਘੁੱਟਿਆ: ਮਾਂ-ਪੁੱਤ ਦੀ ਮੌਤ

**ਮੁੱਲਾਂਪੁਰ:** ਨਿਊ ਚੰਡੀਗੜ੍ਹ ਦੀ ਇਕ ਕੋਠੀ ਦੇ ਸਰਵੈਂਟ ਕੁਆਰਟਰ ਵਿਚ ਕੋਲਿਆਂ ਵਾਲੀ ਅੰਗੀਠੀ ਬਾਲ ਕੇ ਸੁੱਤੇ ਪਏ ਇਕ ਪਰਿਵਾਰ 'ਚੋਂ ਡੇਢ ਸਾਲ ਦੇ ਬੱਚੇ ਅਤੇ ਉਸਦੀ ਮਾਂ ਦੀ ਧੂੰਏ ਨਾਲ ਦਮ ਘੁਟਣ ਕਰ ਕੇ ਮੌਤ ਹੋ ਗਈ ਜਦਕਿ ਬੱਚੇ ਦੇ ਪਿਤਾ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਨੇਪਾਲ ਦਾ ਮੂਲ ਨਿਵਾਸੀ ਦੀਪਕ ਆਪਣੀ ਪਤਨੀ ਪਰਸੂਪਤੀ ਤੇ ਕਰੀਬ ਡੇਢ ਸਾਲ ਦੇ ਪੁੱਤਰ ਦਵਿਆਸ਼ ਨਾਲ ਇੱਥੇ ਰਹਿੰਦਾ ਸੀ। ਵਧੇਰੇ ਠੰਢ ਦੇ ਮੱਦੇਨਜ਼ਰ ਪਰਿਵਾਰ ਕੋਲਿਆਂ ਵਾਲੀ ਅੰਗੀਠੀ ਬਾਲ ਕੇ ਨਿੱਘ ਵਿਚ ਸੁੱਤਾ ਪਿਆ ਸੀ। ਜਦੋਂ ਸਵੇਰੇ 11 ਵਜੇ ਤੱਕ ਦੀਪਕ ਹੇਠਾਂ ਨਾ ਆਇਆ ਤਾਂ ਮਕਾਨ ਮਾਲਕ ਨੇ ਉਸ ਨੂੰ ਫੋਨ ਕੀਤਾ ਪਰ ਅੱਗਿਓਂ ਕਿਸੇ ਨੇ ਫੋਨ ਨਹੀਂ ਸੁਣਿਆ। ਮਾਲਕ ਜਦੋਂ ਉਸਦੇ ਕਮਰੇ ਵਿਚ ਗਿਆ ਤਾਂ ਦਰਵਾਜ਼ਾ ਖੜਕਾਉਣ ਮਗਰੋਂ ਅੰਦਰੋਂ ਕੋਈ ਜਵਾਬ ਨਹੀਂ ਮਿਲਿਆ। ਉਨ੍ਹਾਂ ਪੁਲਿਸ ਨੂੰ ਫੋਨ ਕੀਤਾ ਅਤੇ ਆ ਕੇ ਜਦੋਂ ਦਰਵਾਜ਼ਾ ਤੋੜ ਕੇ ਅੰਦਰ ਦੇਖਿਆ ਤਾਂ ਮਾਂ ਤੇ ਬੱਚਾ ਦੋਵੇਂ ਜਣੇ ਮਰੇ ਪਏ ਸਨ ਅਤੇ ਦੀਪਕ ਦੇ ਸਾਹ ਚੱਲ ਰਹੇ ਸਨ। ਪੁਲਿਸ ਨੇ ਉਸ ਨੂੰ ਚੰਡੀਗੜ੍ਹ ਦੇ ਸੈਕਟਰ-16 ਸਥਿਤ ਹਸਪਤਾਲ ਵਿਚ ਦਾਖ਼ਲ ਕਰਵਾਇਆ, ਜਿੱਥੇ ਉਸ ਦੀ ਹਾਲਤ ਗੰਭੀਰ ਬਣੀ ਹੋਈ ਹੈ। ਏਐੱਸਆਈ ਦਲਵਿੰਦਰ ਸਿੰਘ ਤੇ ਜਸਵਿੰਦਰ ਸਿੰਘ ਅਨੁਸਾਰ ਮਾਂ-ਪੁੱਤ ਦੋਵਾਂ ਦੀਆਂ ਲਾਸ਼ਾਂ ਖਰੜ ਦੇ ਸਰਕਾਰੀ ਹਸਪਤਾਲ ਦੇ ਮੁਰਦਾ ਘਰ ਵਿਚ ਰਖਵਾ ਦਿੱਤੀਆਂ ਗਈਆਂ ਹਨ।



# ਕ੍ਰੈਡਿਟ ਕਾਰਡ ਦੇ ਬਕਾਏ 'ਤੇ ਵੱਧ ਵਿਆਜ ਵਸੂਲਣ ਉਤੇ ਸੁਪਰੀਮ ਕੋਰਟ ਵੱਲੋਂ ਰੋਕ




**ਨਵੀਂ ਦਿੱਲੀ**: ਸੁਪਰੀਮ ਕੋਰਟ ਨੇ ਰਾਸ਼ਟਰੀ ਖਪਤਕਾਰ ਵਿਵਾਦ ਨਿਵਾਰਣ ਕਮਿਸ਼ਨ(ਐਨ.ਸੀ.ਡੀ.ਆਰ.ਸੀ.) ਦੇ 16 ਸਾਲ ਪੁਰਾਣੇ ਇਕ ਫ਼ੈਸਲੇ ਨੂੰ ਪਲਟ ਦਿੱਤਾ ਹੈ ਜਿਸ ਤੋਂ ਬਾਅਦ ਬੈਂਕ ਗਾਹਕਾਂ ਤੋਂ ਕ੍ਰੈਡਿਟ ਕਾਰਡ ਬਕਾਇਆ 'ਤੇ ਵਿਆਜ ਵਸੂਲ ਸਕਦੇ ਹਨ। ਐਨਸੀਡੀਆਰਸੀ ਨੇ ਆਪਣੇ ਫ਼ੈਸਲੇ ਵਿਚ ਕਿਹਾ ਸੀ ਕਿ ਕ੍ਰੈਡਿਟ ਕਾਰਡ ਬਕਾਏ 'ਤੇ ਗਾਹਕਾਂ ਤੋਂ ਵੱਧ ਵਿਆਜ ਦਰ ਵਸੂਲਣਾ ਅਣਉਚਿਤ ਹੈ। ਸਿਖਰਲੀ ਅਦਾਲਤ ਨੇ ਕਿਹਾ ਕਿ ਕਮਿਸ਼ਨ ਦਾ 30 ਫੀਸਦੀ ਤੋਂ ਵੱਧ ਵਿਆਜ ਦਰ ਨਾ ਲੈਣ ਬਾਰੇ ਦਿੱਤਾ ਗਿਆ ਫ਼ੈਸਲਾ ਬੈਂਕਿੰਗ ਐਕਟ 1949 ਦੇ ਕਾਨੂੰਨੀ ਉਦੇਸ਼ ਦੇ ਉਲਟ ਹੈ।

ਇਹ ਫ਼ੈਸਲਾ ਸਿਟੀ ਬੈਂਕ, ਅਮਰੀਕਨ ਐਕਸਪ੍ਰੈੱਸ, ਐੱਚਐੱਸਬੀਸੀ ਅਤੇ ਸਟੈਂਡਰਡ ਚਾਰਟਿਡ ਬੈਂਕ ਵੱਲੋਂ ਐੱਨਡੀਸੀਆਰਸੀ ਦੇ ਸੱਤ ਜੁਲਾਈ, 2008 ਦੇ ਆਦੇਸ਼ ਖ਼ਿਲਾਫ਼ ਦਾਇਰ ਅਪੀਲਾਂ 'ਤੇ ਆਇਆ ਹੈ। ਕਮਿਸ਼ਨ ਨੇ ਕਿਹਾ ਸੀ ਕਿ ਕ੍ਰੈਡਿਟ ਕਾਰਡ ਬਕਾਏ 'ਤੇ 36 ਫੀਸਦੀ ਤੋਂ 49 ਫੀਸਦੀ ਪ੍ਰਤੀ ਸਾਲ ਤੱਕ ਦੀਆਂ ਵਿਆਜ ਦਰਾਂ ਬਹੁਤ ਵੱਧ ਹਨ ਅਤੇ ਗਾਹਕਾਂ ਦੇ ਸ਼ੋਸ਼ਣ ਵਾਂਗ ਹਨ।ਜਸਟਿਸ ਬੇਲਾ ਐੱਮ ਤ੍ਰਿਵੇਦੀ ਅਤੇ ਸਤੀਸ਼ ਚੰਦਰ ਸ਼ਰਮਾ ਦੇ ਬੈਂਚ ਨੇ ਕਿਹਾ ਕਿ ਐਨਸੀਡੀਆਰਸੀ ਦੀ ਟਿੱਪਣੀ ਗ਼ੈਰਕਾਨੂੰਨੀ ਹੈ ਅਤੇ ਭਾਰਤੀ ਰਿਜ਼ਰਵ ਬੈਂਕ ਦੀਆਂ ਸ਼ਕਤੀਆਂ 'ਚ ਦਖਲ ਹੈ। ਸਿਖਰਲੀ ਅਦਾਲਤ ਨੇ 20 ਦਸੰਬਰ ਦੇ ਆਪਣੇ ਫ਼ੈਸਲੇ ਵਿਚ ਕਿਹਾ ਕਿ ਬੈਂਕਾਂ ਨੇ ਕ੍ਰੈਡਿਟ ਕਾਰਡ ਧਾਰਕਾਂ ਨੂੰ ਧੋਖਾ ਦੇਣ ਲਈ ਕਿਸੇ ਵੀ ਤਰ੍ਹਾਂ ਕੋਈ ਗਲਤ ਬਿਆਨਬਾਜ਼ੀ ਨਹੀਂ ਕੀਤੀ।ਐਨਸੀਡੀਆਰਸੀ ਕੋਲ ਬੈਂਕਾਂ ਤੇ ਕ੍ਰੈਡਿਟ ਕਾਰਡ ਧਾਰਕਾਂ 'ਚ ਕੀਤੇ ਗਏ ਕੰਟਰੈਕਟ ਦੀਆਂ ਉਨ੍ਹਾਂ ਸ਼ਰਤਾਂ ਨੂੰ ਫਿਰ ਤੋਂ ਤੈਅ ਕਰਨ ਦਾ ਕੋਈ ਅਧਿਕਾਰ ਨਹੀਂ ਹੈ ਜਿਨ੍ਹਾਂ 'ਤੇ ਦੋਵਾਂ ਧਿਰਾਂ ਨੇ ਆਪਸੀ ਸਹਿਮਤੀ ਜਤਾਈ ਸੀ। ਅਸੀਂ ਭਾਰਤੀ ਰਿਜ਼ਰਵ ਬੈਂਕ ਦੀਆਂ ਇਨ੍ਹਾਂ ਦਲੀਲਾਂ ਨਾਲ ਸਹਿਮਤ ਹਾਂ ਕਿ ਵਰਤਮਾਨ ਮਾਮਲੇ ਦੇ ਤੱਥਾਂ ਤੇ ਹਾਲਾਤ 'ਚ ਕਿਸੇ ਵੀ ਬੈਂਕ ਵਿਰੁੱਧ ਕਾਰਵਾਈ ਕਰਨ ਲਈ ਆਰਬੀਆਈ ਨੂੰ ਨਿਰਦੇਸ਼ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।ਇਸ ਦੇ ਨਾਲ ਹੀ ਸਿਖਰਲੀ ਅਦਾਲਤ ਨੇ ਕਿਹਾ ਕਿ ਬੈਂਕਿੰਗ ਐਕਟ ਦੇ ਨਿਯਮਾਂ ਅਤੇ ਉਸ ਤਹਿਤ ਜਾਰੀ ਨਿਰਦੇਸ਼ਾਂ ਦੇ ਉਲਟ ਸਮੁੱਚੇ ਬੈਂਕਿੰਗ ਖੇਤਰ ਜਾਂ ਕਿਸੇ ਇਕ ਬੈਂਕ ਨੂੰ ਵਿਆਜ ਦਰ 'ਤੇ ਹੱਦ ਲਗਾਉਣ ਦਾ ਰਿਜ਼ਰਵ ਬੈਂਕ ਨੂੰ ਨਿਰਦੇਸ਼ ਦੇਣ ਦਾ ਸਵਾਲ ਨਹੀਂ ਉਠਦਾ ਹੈ। ਰਾਸ਼ਟਰੀ ਖਪਤਕਾਰ ਕਮਿਸ਼ਨ ਨੂੰ ਇਕਤਰਫਾ ਢੰਗ ਨਾਲ ਲਗਾਏ ਗਏ ਜਾਂ ਅਣਉਚਿਤ ਸ਼ਰਤਾਂ ਰੱਖਣ ਵਾਲੇ ਅਣਉਚਿਤ ਕੰਟਰੈਕਟਾਂ ਨੂੰ ਰੱਦ ਕਰਨ ਦਾ ਪੂਰਾ ਅਧਿਕਾਰ ਹੈ ਪਰ ਬੈਂਕਾਂ ਵੱਲੋਂ ਲਗਾਏ ਜਾਣ ਵਾਲੇ ਵਿਆਜ ਦੀ ਦਰ ਵਿੱਤੀ ਵਿਵੇਕ ਅਤੇ ਆਰਬੀਆਈ ਨਿਰਦੇਸ਼ਾਂ ਨਾਲ ਤੈਅ ਹੁੰਦੀ ਹੈ। ਕ੍ਰੈਡਿਟ ਕਾਰਡ ਧਾਰਕਾਂ ਨੂੰ ਵਿਧੀਪੂਰਵਕ ਜਾਣਕਾਰੀ ਦਿੱਤੀ ਜਾਂਦੀ ਹੈ ਅਤੇ ਉਨ੍ਹਾਂ ਨੂੰ ਸਮੇਂ ਸਿਰ ਭੁਗਤਾਨ ਕਰਨ ਤੇ ਦੇਰੀ 'ਤੇ ਜੁਰਮਾਨਾ ਲਗਾਉਣ ਸਮੇਤ ਉਨ੍ਹਾਂ ਦੇ ਵਿਸ਼ੇਸ਼ ਅਧਿਕਾਰਾਂ ਅਤੇ ਜ਼ਿੰਮੇਵਾਰੀ ਬਾਰੇ ਵੀ ਜਾਗਰੂਕ ਕੀਤਾ ਜਾਂਦਾ ਹੈ।

# ਨਾਬਾਲਗ ਕੁੜੀ ਤੋਂ ਬੈਗ ਖੋਹਿਆ

## ਜਲੰਧਰ ਦੇ ਮਾਡਲ ਟਾਊਨ 'ਚ ਵਾਰਦਾਤ

**ਜਲੰਧਰ:** ਮਾਡਲ ਟਾਊਨ 'ਚ ਰਾਤ ਸਾਢੇ 8 ਵਜੇ ਖ਼ਰੀਦਦਾਰੀ ਕਰਨ ਗਏ ਐਚ.ਡੀ.ਐੱਫ.ਸੀ. ਲਾਈਫ ਦੇ ਕਰਮਚਾਰੀ ਦੀ ਕਾਰ 'ਚ ਬੈਠੀ 14 ਸਾਲਾ ਧੀ ਦੀ ਧੌਣ 'ਤੇ ਚਾਕੂ ਰੱਖ ਕੇ ਉਸ ਦਾ ਬੈਗ ਖੋਹ ਕੇ ਲੁਟੇਰੇ ਫ਼ਰਾਰ ਹੋ ਗਏ। ਘਟਨਾ ਉੱਥੇ ਲੱਗੇ ਸੀਸੀਟੀਵੀ ਕੈਮਰੇ 'ਚ ਕੈਦ ਹੋ ਗਈ।

ਅਜੇ ਨੇ ਪੁਲਿਸ ਨੂੰ ਸ਼ਿਕਾਇਤ ਕੀਤੀ ਤੇ ਪੁਲਿਸ ਨੇ ਅਜੇ ਦੇ ਬਿਆਨਾਂ 'ਤੇ ਅਣਪਛਾਤਿਆਂ ਖ਼ਿਲਾਫ਼ ਕੇਸ ਦਰਜ ਕਰ ਕੇ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਪੁਲਿਸ ਨੂੰ ਦਿੱਤੀ ਸ਼ਿਕਾਇਤ 'ਚ ਗ੍ਰੀਨਵੁੱਡ ਐਵੇਨਿਊ ਫੇਜ਼-2 ਵਾਸੀ ਅਜੇ ਕੁਮਾਰ ਨੇ ਦੱਸਿਆ ਕਿ ਉਹ ਐੱਚ.ਡੀ.ਐੱਫ.ਸੀ. ਲਾਈਫ 'ਚ ਕੰਮ ਕਰਦਾ ਹੈ।

ਉਹ ਆਪਣੀ ਪਤਨੀ, 14 ਸਾਲਾ ਧੀ ਤੇ ਪੁੱਤਰ ਨਾਲ ਕਾਰ 'ਚ ਮਾਡਲ ਟਾਊਨ ਮਾਰਕੀਟ ਦੀ ਇਕ ਦੁਕਾਨ 'ਤੇ ਗਿਆ ਸੀ। ਉਸ ਦੀ ਪਤਨੀ ਕਰਿਆਨੇ ਦਾ ਸਾਮਾਨ ਲੈਣ ਲਈ ਦੁਕਾਨ 'ਤੇ ਗਈ । ਜਦੋਂ ਕਾਫੀ ਦੇਰ ਤੱਕ ਉਸ ਦੀ ਪਤਨੀ ਨਾ ਆਈ ਤਾਂ ਉਹ ਉਸ ਨੂੰ ਦੇਖਣ ਲਈ ਦੁਕਾਨ ਅੰਦਰ ਚਲਾ ਗਿਆ।



ਕੁਝ ਸਮੇਂ ਬਾਅਦ ਜਦ ਉਹ ਬਾਹਰ ਆਇਆ ਤਾਂ ਉਸ ਦਾ ਲੜਕਾ ਰੌਲਾ ਪਾ ਰਿਹਾ ਸੀ। ਉਸ ਦੇ ਲੜਕੇ ਨੇ ਦੱਸਿਆ ਕਿ ਉਸ ਦੇ ਦੁਕਾਨ ਅੰਦਰ ਜਾਂਦੇ ਹੀ ਇਕ ਨੌਜਵਾਨ ਆ ਗਿਆ। ਉਸ ਨੇ ਕਾਰ ਦਾ ਦਰਵਾਜ਼ਾ ਖੋਲ੍ਹਿਆ ਤੇ ਉਸ ਦੀ ਭੈਣ ਦੀ ਧੌਣ 'ਤੇ ਚਾਕੂ ਰੱਖ ਕੇ ਬੈਗ, ਜਿਸ 'ਚ ਇਕ ਲੈਪਟਾਪ, 1200 ਰੁਪਏ ਵਾਲਾ ਪਰਸ ਤੇ ਜ਼ਰੂਰੀ ਦਸਤਾਵੇਜ਼ ਸੀ, ਕੱਢ ਲਿਆ। ਮੁਲਜ਼ਮ ਸਾਥੀ ਨਾਲ ਐਕਟਿਵਾ 'ਤੇ ਫ਼ਰਾਰ ਹੋ ਗਿਆ।

# ਫੋਨ ਕਰ ਕੇ ਆਖਿਆ, ਬੈਗ ਚਾਹੀਦੈ ਤਾਂ ਦਿਓ 50 ਹਜ਼ਾਰ

ਅਜੇ ਕੁਮਾਰ ਨੇ ਦੱਸਿਆ ਕਿ ਇਹ ਘਟਨਾ 24 ਤਰੀਕ ਨੂੰ ਵਾਪਰੀ ਸੀ। 25 ਤਰੀਕ ਨੂੰ ਉਸ ਵਿਅਕਤੀ ਦਾ ਫੋਨ ਆਇਆ ਕਿ ਬੈਗ ਉਸ ਕੋਲ ਹੈ, ਜੇਕਰ ਤੁਸੀਂ ਬੈਗ ਵਾਪਸ ਲੈਣਾ ਚਾਹੁੰਦੇ ਹੋ ਤਾਂ 50 ਹਜ਼ਾਰ ਰੁਪਏ ਦੇ ਦਿਓ। ਉਕਤ ਵਿਅਕਤੀ ਨੇ ਸ਼ਾਮ ਨੂੰ ਦੁਬਾਰਾ ਫੋਨ ਕੀਤਾ ਤੇ ਪੈਸੇ ਦੇ ਕੇ ਬੈਗ ਲੈਣ ਲਈ ਨਕੋਦਰ ਰੋਡ 'ਤੇ ਆਉਣ ਲਈ ਕਿਹਾ ਪਰ ਇਸ ਤੋਂ ਬਾਅਦ ਨਾ ਤਾਂ ਉਹ ਖੁਦ ਆਇਆ ਅਤੇ ਨਾ ਹੀ ਉਸ ਦਾ ਫੋਨ ਆਇਆ। ਅਜੇ ਨੇ ਪੁਲਿਸ ਨੂੰ ਫੋਨ ਨੰਬਰ ਦਿੱਤਾ ਹੈ, ਜਿਸ ਦੇ ਆਧਾਰ 'ਤੇ ਪੁਲਿਸ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

# ਵਾਰਦਾਤ ਨੂੰ 10 ਸਕਿੰਟਾਂ 'ਚ ਦਿੱਤਾ ਅੰਜਾਮ

ਲੁਟੇਰਿਆਂ ਨੇ 10 ਸਕਿੰਟਾ 'ਚ ਵਾਰਦਾਤ ਨੂੰ ਅੰਜਾਮ ਦਿੱਤਾ। ਅਜੇ ਕੁਮਾਰ ਨੇ ਦੱਸਿਆ ਕਿ ਜਦੋਂ ਉਸ ਦੀ ਪਤਨੀ ਦੁਕਾਨ ਅੰਦਰ ਗਈ ਤਾਂ ਪਹਿਲਾਂ ਉਹ ਬਾਹਰ ਖੜ੍ਹਾ ਕਿਸੇ ਨਾਲ ਫੋਨ 'ਤੇ ਗੱਲ ਕਰ ਰਿਹਾ ਸੀ।

ਜਦੋਂ ਉਹ ਆਪਣੀ ਪਤਨੀ ਨੂੰ ਦੇਖਣ ਲਈ ਅੰਦਰ ਗਿਆ ਤਾਂ ਪਿੱਛੇ ਤੋਂ ਘਟਨਾ ਵਾਪਰ ਗਈ। ਉਸ ਦੇ ਪੁੱਤਰ ਨੇ ਦੱਸਿਆ ਕਿ ਇਕ ਵਿਅਕਤੀ ਆਇਆ ਅਤੇ ਉਸ ਨੇ ਕਾਰ ਦਾ ਦਰਵਾਜ਼ਾ ਖੋਲ੍ਹਿਆ ਅਤੇ ਉਸ ਦੀ ਭੈਣ ਦੇ ਗਲੇ 'ਤੇ ਚਾਕੂ ਰੱਖ ਦਿੱਤਾ।

ਉਸ ਸਮੇਂ ਉਸ ਦੇ ਲੜਕੇ ਨੇ ਦੂਜੇ ਪਾਸੇ ਦਾ ਦਰਵਾਜ਼ਾ ਖੋਲ੍ਹਿਆ ਅਤੇ ਬਾਹਰ ਆ ਕੇ ਰੌਲਾ ਪਾਇਆ। ਸਿਰਫ਼ 10 ਸਕਿੰਟਾਂ ਵਿਚ ਹੀ ਲੁਟੇਰਾ ਬੈਗ ਚੁੱਕ ਕੇ ਭੱਜ ਗਿਆ। ਹਾਲਾਂਕਿ ਕਾਰ ਅੰਦਰ ਕੁਝ ਹੋਰ ਸਾਮਾਨ ਵੀ ਪਿਆ ਸੀ ਪਰ ਰੌਲਾ ਪਾਉਣ ਕਾਰਨ ਉਹ ਬਾਕੀ ਸਾਮਾਨ ਨਹੀਂ ਲਿਜਾ ਸਕਿਆ।

ਲੜਕੀ ਇੰਨੀ ਡਰ ਗਈ ਕਿ ਉਹ ਰੋਣ ਲੱਗ ਪਈ। ਪੁੱਤਰ ਨੇ ਬਹਾਦਰੀ ਦਿਖਾਉਂਦੇ ਹੋਏ ਰੌਲਾ ਪਾਇਆ ਪਰ ਲੁਟੇਰਾ ਫ਼ਰਾਰ ਹੋ ਗਿਆ।

# ਬੇਜ਼ਮੀਨੇ ਪੇਂਡੂ ਮਜ਼ਦੂਰਾਂ ਨਾਲ ਵਿਤਕਰੇ ਵਿਰੁੱਧ ਧਰਨਾ

**ਬਠਿੰਡਾ**: ਦਿਹਾਤੀ ਮਜ਼ਦੂਰ ਸਭਾ ਪੰਜਾਬ ਦੀ ਬਠਿੰਡਾ ਜਿਲ੍ਹਾ ਕਮੇਟੀ ਦੇ ਸੱਦੇ 'ਤੇ ਅੱਜ ਇਥੋਂ ਦੇ ਡਿਪਟੀ ਕਮਿਸ਼ਨਰ ਦੇ ਦਫਤਰ ਦੇ ਮੂਹਰੇ ਭਾਰੀ ਗਿਣਤੀ ਇਸਤਰੀਆਂ ਸਮੇਤ ਪੁੱਜੇ ਸੈਂਕੜੇ ਬੇਜ਼ਮੀਨੇ-ਸਾਧਨਹੀਨ ਪੇਂਡੂ ਮਜ਼ਦੂਰਾਂ ਨੇ ਧਰਨਾ ਮਾਰ ਕੇ ਕੇਂਦਰੀ ਅਤੇ ਪੰਜਾਬ ਸਰਕਾਰਾਂ ਦੀਆਂ ਮਜ਼ਦੂਰ ਮਾਰੂ ਨੀਤੀਆਂ ਖਿਲਾਫ਼ ਆਕਾਸ਼ ਗੂੰਜਾਊ ਨਾਹਰਿਆਂ ਰਾਹੀਂ ਤਿੱਖੇ ਰੋਸ ਦਾ ਪ੍ਰਗਟਾਵਾ ਕੀਤਾ ਹੈ। ਰੋਸ ਧਰਨੇ ਦੀ ਅਗਵਾਈ ਜਿਲ੍ਹਾ ਕਮੇਟੀ ਦੇ ਜਨਰਲ ਸਕੱਤਰ ਸਾਥੀ ਪ੍ਰਕਾਸ਼ ਸਿੰਘ ਨੰਦਗੜ੍ਹ ਨੇ ਕੀਤੀ। ਸੂਬਾਈ ਵਿੱਤ ਸਕੱਤਰ ਸਾਥੀ ਮਹੀਪਾਲ ਨੇ ਮੁੱਖ ਬੁਲਾਰੇ ਵਜੋਂ ਵਿਚਾਰ ਰੱਖੇ।

ਇਸ ਮੌਕੇ ਅਧਿਕਾਰੀਆਂ ਜਰੀਏ ਸਰਕਾਰ ਨੂੰ ਭੇਜੇ ਮੰਗ ਪੱਤਰ ਰਾਹੀਂ ਮਨਰੇਗਾ ਐਕਟ ਨੂੰ ਖਤਮ ਕਰਨ ਦੀਆਂ ਸਾਜਸ਼ਿਾਂ ਬੰਦ ਕਰਕੇ, ਇਸ ਕਾਨੂੰਨ ਤਹਿਤ ਘੱਟੋ-ਘੱਟ 700 ਰੁਪਏ ਦੀ ਦਿਹਾੜੀ ਨਾਲ ਪੂਰੇ ਪਰਿਵਾਰ ਨੂੰ ਸਾਰਾ ਸਾਲ ਰੁਜ਼ਗਾਰ ਦੇਣ ਅਤੇ ਕਸਬਿਆਂ-ਸ਼ਹਿਰਾਂ, ਨਗਰ ਪੰਚਾਇਤਾਂ ਦੇ ਮਜ਼ਦੂਰਾਂ ਲਈ ਵੀ ਇਸੇ ਤਰਜ਼ ਦਾ ਕਾਨੂੰਨ ਬਣਾ ਕੇ ਬੱਝਵੇਂ, ਗਰੰਟੀਸ਼ੁਦਾ ਰੁਜ਼ਗਾਰ ਦਾ ਪ੍ਰਬੰਧ ਕੀਤਾ ਜਾਣ ਦੀ ਮੰਗ ਕੀਤੀ ਗਈ ਹੈ।

ਧਰਨੇ 'ਚ ਪੁੱਜੇ ਗੁੱਸੇ ਨਾਲ ਭਰੇ-ਪੀਤੇ ਕਿਰਤੀਆਂ ਨੇ ਦੋਸ਼ ਲਾਇਆ ਹੈ ਕਿ ਘੜੰਮ ਚੌਧਰੀਆਂ ਵਲੋਂ, ਸੂਬਾ ਸਰਕਾਰ ਦੀ ਸ਼ਹਿ 'ਤੇ ਅਫਸਰਸ਼ਾਹੀ ਦੀ ਮਿਲੀਭੁਗਤ ਨਾਲ ਮਨਰੇਗਾ ਕੰਮਾਂ ਵਿਚ ਨਾਜਾਇਜ਼ ਦਖਲ ਅੰਦਾਜ਼ੀ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਦੱਸਿਆ ਹੈ ਕਿ ਮੇਟ ਨਿਯੁਕਤ ਕਰਨ ਅਤੇ ਹਾਜ਼ਰੀ ਲਾਉਣ ਵੇਲੇ ਮਨਰੇਗਾ ਕਾਮਿਆਂ ਨੂੰ ਰੱਜ ਕੇ ਖੱਜਲ-ਖੁਆਰ ਕੀਤਾ ਜਾ ਰਿਹਾ ਹੈ। ਮਨਰੇਗਾ ਕਾਮਿਆਂ ਨੂੰ ਕਾਨੂੰਨ ਅਨੁਸਾਰ ਬਣਦਾ ਬੇਰੁਜ਼ਗਾਰੀ ਭੱਤਾ ਅਤੇ ਕੰਮ ਦੇ ਸੰਦ ਵੀ ਨਹੀਂ ਦਿੱਤੇ ਜਾ ਰਹੇ।



ਮੰਗ ਪੱਤਰ ਰਾਹੀਂ ਸਾਰੀ ਵਸੋਂ ਨੂੰ ਇੱਕਸਾਰ ਤੇ ਮਿਆਰੀ ਸਿੱਖਿਆ ਤੇ ਸਿਹਤ ਸਹੂਲਤਾਂ ਅਤੇ ਪੀਣ ਵਾਲਾ ਸਵੱਛ ਪਾਣੀ ਸਰਕਾਰ ਵਲੋਂ ਮੁਫਤ ਦਿੱਤੇ ਜਾਣ, ਹਰ ਕਿਰਤੀ ਪਰਿਵਾਰ ਨੂੰ ਘੱਟੋ-ਘੱਟ 5000 ਰੁਪਏ ਪ੍ਰਤੀ ਮਹੀਨਾ ਬੁਢਾਪਾ-ਵਿਧਵਾ-ਅੰਗਹੀਣ-ਆਸ਼ਰਿਤ ਪੈਨਸ਼ਨ ਦਿੱਤੇ ਜਾਣ, ਲੋੜਵੰਦਾਂ ਨੂੰ ਰਿਹਾਇਸ਼ੀ ਪਲਾਟ ਤੇ ਮਕਾਨ ਬਨਾਉਣ ਲਈ ਗ੍ਰਾਂਟ ਦੇਣ, ਸਰਕਾਰੀ ਡਿਪੂਆਂ ਰਾਹੀਂ ਨਿਗੂਣੇ ਭਾਅ 'ਤੇ ਰਸੋਈ ਦੀ ਵਰਤੋਂ ਦੀਆਂ ਸਾਰੀਆਂ ਵਸਤਾਂ ਦਿੱਤੇ ਜਾਣ ਦੀ ਗਰੰਟੀ ਕਰਦੀ ਸਰਵ ਵਿਆਪੀ ਜਨਤਕ ਵੰਡ ਪ੍ਰਣਾਲੀ ਕਾਇਮ ਕੀਤੇ ਜਾਣ, ਸਕੂਲਾਂ-ਹਸਪਤਾਲਾਂ ਸਮੇਤ ਸਾਰੇ ਵਿਭਾਗਾਂ 'ਚ ਕੱਚੇ, ਆਊਟਸੋਰਸਿੰਗ ਅਤੇ ਠੇਕਾ ਕਾਮੇ ਪੱਕੇ ਕੀਤੇ ਜਾਣ, ਲੋਕਾਂ ਦੀਆਂ ਲੋੜਾਂ ਅਨੁਸਾਰ ਨਵੀਂ, ਪੱਕੀ ਭਰਤੀ ਕੀਤੇ ਜਾਣ, ਕਿਰਤੀ ਪਰਿਵਾਰਾਂ ਦਾ ਸਮੁੱਚਾ ਕਰਜ਼ਾ ਮੁਆਫ ਕਰਨ ਅਤੇ 2022 ਦੀ ਵਿਧਾਨ ਸਭਾਈ ਚੋਣਾਂ ਜਿੱਤਣ ਲਈ ਆਮ ਆਦਮੀ ਪਾਰਟੀ ਵਲੋਂ ਕੀਤੇ ਗਏ ਵਾਅਦੇ ਤੇ ਗਾਰੰਟੀਆਂ ਲਾਗੂ ਕਰਨ ਦੀ ਵੀ ਮੰਗ ਕੀਤੀ ਗਈ ਹੈ।

ਜਿਲ੍ਹਾ ਪੱਧਰੀ ਆਗੂਆਂ ਗੁਰਮੀਤ ਸਿੰਘ ਜੈ ਸਿੰਘ ਵਾਲਾ, ਬਲਦੇਵ ਸਿੰਘ ਪੂਹਲੀ, ਜਗਦੇਵ ਸਿੰਘ ਬੁਲਾਢੇ ਵਾਲਾ, ਬਿੰਦਰ ਸਿੰਘ ਬੱਜੋਆਣਾ, ਬਲਦੇਵ ਸਿੰਘ ਨੇਹੀਆਂ ਵਾਲਾ, ਬਲਬੀਰ ਸਿੰਘ ਗਿੱਦੜ, ਮਲਕੀਤ ਕੌਰ ਰੁਲਦੂ ਸਿੰਘ ਵਾਲਾ, ਜੋਤੀ ਕੌਰ ਜੱਸੀ ਪੌ ਵਾਲੀ, ਜਸਵਿੰਦਰ ਸਿੰਘ ਬੁਲਾਢੇ ਵਾਲਾ, ਜਸਵੀਰ ਸਿੰਘ ਕੋਠੇ ਨਾਥਿਆਨਾ, ਅਮਰੀਕ ਸਿੰਘ ਤੁੰਗਵਾਲੀ, ਭੋਲਾ ਸਿੰਘ ਰਾਏ ਕੇ ਖੁਰਦ, ਬਲਵਿੰਦਰ ਸਿੰਘ ਜੰਗੀਰਾਣਾ, ਇੰਦਰ ਸਿੰਘ ਝੰਡੂਕੇ, ਜੋਗਿੰਦਰ ਸਿੰਘ ਕਲਿਆਣ, ਬੀਰ ਸਿੰਘ ਪੂਹਲੀ, ਜਸਵੀਰ ਸਿੰਘ ਸਾਬਕਾ ਸਰਪੰਚ ਬਲਾਹੜ ਵਿੰਝੂ, ਰਣਵੀਰ ਕੌਰ ਕਿਲੀ ਨਿਹਾਲ ਸਿੰਘ ਵਾਲਾ ਨੇ ਵੀ ਵਿਚਾਰ ਰੱਖੇ। ਜਿਲ੍ਹਾ ਪੱਧਰੀ ਵਫ਼ਦ ਨੇ ਡਿਪਟੀ ਕਮਿਸ਼ਨਰ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਮੰਗ ਪੱਤਰ ਸੌਂਪਿਆ।

ਭਰਾਤਰੀ ਜਥੇਬੰਦੀਆਂ ਜਮਹੂਰੀ ਕਿਸਾਨ ਸਭਾ ਅਤੇ ਪੰਜਾਬ ਨਿਰਮਾਣ ਮਜ਼ਦੂਰ ਯੂਨੀਅਨ ਦੇ ਆਗੂਆਂ ਸੰਪੂਰਨ ਸਿੰਘ ਅਤੇ ਮਲਕੀਤ ਸਿੰਘ ਨੇ ਵੀ ਧਰਨੇ 'ਚ ਪੁੱਜ ਕੇ ਮਜ਼ਦੂਰ ਮੰਗਾਂ ਪ੍ਰਤੀ ਸਮਰਥਨ ਜਤਾਇਆ।

# ਪੰਜਾਬ ਟਾਈਮਜ਼

## 'ਪੰਜਾਬ ਟਾਈਮਜ਼' ਦੇ ਸ਼ਾਨਾਂਮੱਤੇ 25 ਵਰ੍ਹੇ

'ਪੰਜਾਬ ਟਾਈਮਜ਼' ਨੇ ਆਪਣੇ ਮਾਣ-ਮੱਤੇ ਸਫ਼ਰ ਦੇ 25 ਵਰ੍ਹੇ ਪੂਰੇ ਕਰ ਲਏ ਹਨ। ਆਪਣੀ ਸਿਲਵਰ ਜੁਬਲੀ ਦੇ ਇਸ ਮੁਕਾਮ ਤੱਕ ਪਹੁੰਚਦਿਆਂ ਇਹ ਅਥਾਹ ਖੁਸ਼ੀ ਅਤੇ ਤਸੱਲੀ ਨਾਲ ਭਰਿਆ ਹੋਇਆ ਹੈ, ਕਿ ਜਿਸ ਆਸ਼ੇ ਅਤੇ ਉਦੇਸ਼ ਨੂੰ ਆਪਣੇ ਮਨ ਵਿਚ ਵਸਾ ਕੇ 25 ਸਾਲ ਪਹਿਲਾਂ, ਇਸ ਦੇ ਬਾਨੀ ਸੰਪਾਦਕ ਸ. ਅਮੋਲਕ ਸਿੰਘ ਜੰਮੂ ਨੇ, ਜੋ ਸ਼ਾਨਦਾਰ ਸੁਪਨਾ ਲਿਆ ਸੀ, ਉਹ ਆਪਣੇ ਸੁਨਹਿਰੀ ਯੁੱਗ ਵਿਚ ਪ੍ਰਵੇਸ਼ ਕਰ ਚੁੱਕਿਆ ਹੈ। ਕੀ ਸੀ ਇਹ ਸ਼ਾਨਦਾਰ ਸੁਪਨਾ? ਇਹ ਸੁਪਨਾ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਪ੍ਰਫੁੱਲਤਾ ਦਾ ਸੁਪਨਾ ਸੀ। ਪੰਜਾਬ ਦੀਆਂ ਭੂਗੋਲਿਕ ਹੱਦਾਂ-ਸਰਹੱਦਾਂ ਤੋਂ ਪਾਰ ਵਸਦੇ ਪੰਜਾਬੀਆਂ ਦੀ ਚੜ੍ਹਦੀ ਕਲਾ ਨੂੰ 'ਪੰਜਾਬ ਟਾਈਮਜ਼' ਦੇ ਸਫ਼ਿਆਂ ਰਾਹੀਂ ਸਾਕਾਰ ਹੁੰਦੇ ਵੇਖਣ ਦੀਆਂ ਅਥਾਹ ਅਕਾਂਖਿਆਵਾਂ ਨਾਲ ਲਬਰੇਜ਼ ਇਸ ਸੁਪਨੇ ਦੀਆਂ ਅਸੀਮ ਦਿਸ਼ਾਵਾਂ ਸਨ। ਵਿਸ਼ਵ ਦੇ ਕਿਸੇ ਵੀ ਹਿੱਸੇ ਵਿਚ ਵਸਦੇ ਪੰਜਾਬੀਆਂ ਨੂੰ ਆਪਣੀ ਭਾਸ਼ਾ, ਸੱਭਿਆਚਾਰ, ਆਪਣੀਆਂ ਰਵਾਇਤਾਂ ਅਤੇ ਰਹਿਤਲਾਂ ਨਾਲ ਜੋੜਦੇ ਹੋਏ, ਉਸਦੇ ਉਜਲੇ ਭਵਿੱਖ ਦੀਆਂ ਸੰਭਾਵਨਾਵਾਂ ਨੂੰ ਤਲਾਸ਼ਣਾ ਅਤੇ ਜਾਤਾਂ, ਧਰਮਾਂ, ਫ਼ਿਰਕਿਆਂ, ਰੰਗ-ਰੂਪਾਂ ਦੀਆਂ ਸੌੜੀਆਂ ਸੋਚਾਂ ਤੋਂ ਉੱਪਰ ਉੱਠ ਕੇ ਪੰਜਾਬੀ ਵਿਰਾਸਤ ਨੂੰ, ਗੁਰੂ ਸਾਹਿਬਾਨ ਵਲੋਂ ਮਿਲੇ ਵਰਦਾਨ ਅਨੁਸਾਰ ਸਰਬ-ਸਾਂਝੀਵਾਲਤਾ ਦੇ ਸੁਨੇਹੇ ਨੂੰ ਘਰ-ਘਰ ਪਹੁੰਚਾਉਣਾ ਹੀ ਇਸ ਸੁਪਨੇ ਦਾ ਉਦੇਸ਼ ਸੀ। ਇਸ ਉਦੇਸ਼ ਦਾ ਇੱਕ ਹੋਰ ਵਿਆਪਕ ਵਿਸਥਾਰ ਵਿਦੇਸ਼ਾਂ ਵਿਚ ਅਤੇ ਖਾਸ ਕਰਕੇ ਅਮਰੀਕਾ ਵਿਚ ਵੱਸਦੇ ਪੰਜਾਬੀ ਕਾਰੋਬਾਰੀਆਂ ਦੀਆਂ ਸਫ਼ਲਤਾਵਾਂ ਦਾ ਵਿਆਪਕ ਪੰਜਾਬੀ ਵਸੋਂ ਤੱਕ ਸੰਚਾਰ ਕਰਨਾ ਵੀ ਸੀ।

ਸ. ਅਮੋਲਕ ਸਿੰਘ ਜੰਮੂ ਜੀ ਵੱਲੋਂ ਲਏ ਗਏ ਇਨ੍ਹਾਂ ਸੁਪਨਿਆਂ, ਉਨ੍ਹਾਂ ਮਿੱਥੇ ਗਏ ਆਸ਼ਿਆਂ ਅਤੇ ਉਨ੍ਹਾਂ ਵਲੋਂ ਨਿਰਧਾਰਿਤ ਕੀਤੇ ਗਏ ਉਦੇਸ਼ਾਂ ਅਨੁਸਾਰ ਹੀ 'ਪੰਜਾਬ ਟਾਈਮਜ਼' ਵਲੋਂ ਜਿੱਥੇ ਵਿਸ਼ਵ ਭਰ ਵਿਚ ਵਾਪਰਦੀਆਂ ਘਟਨਾਵਾਂ ਨੂੰ ਪੰਜਾਬੀਅਤ ਦੇ ਨਜ਼ਰੀਏ ਤੋਂ ਵੇਖਦਿਆਂ ਆਪਣੇ ਸਫ਼ਿਆਂ ਦਾ ਸ਼ਿੰਗਾਰ ਬਣਾਇਆ ਜਾਂਦਾ ਹੈ, ਉੱਥੇ ਇਨ੍ਹਾਂ ਘਟਨਾਵਾਂ ਦਾ ਪੰਜਾਬ ਅਤੇ ਪੰਜਾਬੀਅਤ ਉੱਤੇ ਕਿਸ ਤਰ੍ਹਾਂ ਦਾ ਪ੍ਰਭਾਵ ਪੈ ਸਕਦਾ ਹੈ, ਇਸ ਦਾ ਵਿਸ਼ਲੇਸ਼ਣ ਵੀ ਪੇਸ਼ ਕੀਤਾ ਜਾਂਦਾ ਹੈ। ਪੰਜਾਬੀ ਫ਼ਿਲਮਕਾਰੀ, ਕਲਾ ਕੌਸ਼ਲਤਾ, ਸਾਹਿਤ, ਕਵਿਤਾ ਅਤੇ ਪੰਜਾਬੀ ਭਾਸ਼ਾ ਸਮੇਤ ਪੰਜਾਬੀਅਤ ਦੇ ਸਮੁੱਚੇ ਰੰਗ-ਰੂਪ ਦੀ ਸਮਕਾਲੀ ਦਸ਼ਾ ਅਤੇ ਦਿਸ਼ਾ ਨੂੰ 'ਪੰਜਾਬ ਟਾਈਮਜ਼' ਦੇ ਸਫ਼ਿਆਂ ਉੱਤੇ ਸਾਕਾਰ ਕਰਨ ਦੀ ਸਾਡੀ ਇਸ ਕੋਸ਼ਿਸ਼ ਨੂੰ ਪਾਠਕਾਂ ਵੱਲੋਂ ਜੋ ਹੁੰਗਾਰਾ ਮਿਲ ਰਿਹਾ ਹੈ, ਉਹ ਸਾਡੀਆਂ ਕਿਆਸ ਅਰਾਈਆਂ ਨਾਲੋਂ ਕਿਤੇ ਵਡੇਰਾ ਹੈ।

'ਪੰਜਾਬ ਟਾਈਮਜ਼' ਨਾਲ ਲਗਾਤਾਰ ਜੁੜੇ ਹੋਏ ਪਾਠਕ ਜਾਣਦੇ ਹਨ ਕਿ ਸ. ਅਮੋਲਕ ਸਿੰਘ ਜੰਮੂ ਨੇ 'ਪੰਜਾਬ ਟਾਈਮਜ਼' ਰੂਪੀ ਪੌਦਾ ਕਿਸ ਹਾਲਾਤ ਵਿਚ ਲਾਇਆ ਸੀ। ਫਿਰ ਇਸ ਪੌਦੇ ਨੂੰ ਪਾਲਣ ਲਈ ਉਨ੍ਹਾਂ ਨੇ ਕਿੰਨੀ ਘਾਲਣਾ ਘਾਲੀ ਅਤੇ ਕਿੰਨੀ ਜਾਤਨਾ ਝੱਲੀ ਸੀ। ਕੁਦਰਤ ਅਤੇ ਕਿਸਮਤ ਨਾਲ ਆਪਣੀ ਜ਼ਿੰਦਗੀ ਦੀ ਲੰਮੀ ਲੜਾਈ, ਜਿਸ ਹੌਸਲੇ ਅਤੇ ਹਿੰਮਤ ਨਾਲ ਉਨ੍ਹਾਂ ਵਲੋਂ ਲੜੀ ਗਈ, ਉਸਦੀ ਕੋਈ ਹੋਰ ਮਿਸਾਲ ਮਿਲਣੀ ਮੁਸ਼ਕਿਲ ਹੈ। ਉਨ੍ਹਾਂ ਵਲੋਂ ਝੱਲੀ ਗਈ ਸਰੀਰਕ ਅਤੇ ਮਾਨਸਿਕ ਪੀੜਾ ਦੀ ਅਕੱਥ ਕਥਾ ਨੂੰ ਸੁਣਨ ਵਾਲਾ ਵੀ ਸੁੰਨ ਹੋ ਕੇ ਰਹਿ ਜਾਂਦਾ ਹੈ।...ਉਨ੍ਹਾਂ ਦੇ ਸਿਰੜ, ਹਿੰਮਤ ਅਤੇ ਹੌਸਲੇ ਦੀ ਬੁਲੰਦੀ ਨੂੰ ਸਲਾਮ ਕਿ ਆਪਣੀ ਜ਼ਿੰਦਗੀ ਦੀ ਭਿਆਨਕ ਲੰਮੀ ਲੜਾਈ ਨੂੰ ਹਾਰ ਕੇ ਵੀ, ਉਨ੍ਹਾਂ ਨੇ 'ਪੰਜਾਬ ਟਾਈਮਜ਼' ਨੂੰ ਜਿਉਣ ਜੋਗਾ ਕਰ ਵਿਖਾਇਆ।

ਉਨ੍ਹਾਂ ਦੇ ਚਲੇ ਜਾਣ ਤੋਂ ਇੰਨੇ ਸਾਲ ਬਾਅਦ ਤੱਕ ਵੀ, ਜੇਕਰ ਇਹ ਜੋਤ ਜਗ ਰਹੀ ਹੈ ਤਾਂ ਇਹ ਉਨ੍ਹਾਂ ਦੀ ਮਿਹਨਤ ਅਤੇ ਲਗਨ ਦੇ ਨਾਲ-ਨਾਲ, ਉਨ੍ਹਾਂ ਦੇ ਉਸ ਬੁਲੰਦ ਜਜ਼ਬੇ ਦੀ ਹੀ ਦੇਣ ਹੈ, ਜੋ ਇਸ ਦੇ ਵਿਆਪਕ ਪਾਠਕਾਂ ਅਤੇ ਸਰਪ੍ਰਸਤਾਂ ਦੇ ਰੂਪ ਵਿਚ ਹਮੇਸ਼ਾ 'ਪੰਜਾਬ ਟਾਈਮਜ਼' ਦੀ ਸੰਗੀ-ਸਾਥੀ ਰਹੀ ਹੈ। ਪਾਠਕਾਂ ਦਾ ਅਥਾਹ ਪਿਆਰ, ਸਰਪ੍ਰਸਤਾਂ ਦਾ ਸਦੀਵੀ ਸਨੇਹ, ਅਤੇ ਸਹਿਯੋਗੀਆਂ ਦਾ ਸਹਿਜ ਸਾਥ 'ਪੰਜਾਬ ਟਾਈਮਜ਼' ਦੀ ਜਿੰਦ ਜਾਨ ਹੈ। ਸਾਨੂੰ ਇਹ ਸਵੀਕਾਰ ਕਰਨ ਵਿਚ ਕੋਈ ਸੰਕੋਚ ਨਜ਼ਰ ਨਹੀਂ ਕਿ ਜੇਕਰ ਸ. ਅਮੋਲਕ ਸਿੰਘ ਜੰਮੂ ਦੇ ਚਲੇ ਜਾਣ ਤੋਂ ਬਾਅਦ ਸਾਡੇ ਆਲੇ-ਦੁਆਲੇ ਪਸਰ ਗਏ ਘੋਰ ਹਨ੍ਹੇਰੇ ਵਿਚ ਸਾਡੇ ਪਾਠਕ, ਸਰਪ੍ਰਸਤ, ਸਹਿਯੋਗੀ, ਕਾਲਮਨਿਸਟ, ਲੇਖਕ ਅਤੇ ਹੋਰ ਸਨੇਹੀ ਸਾਡੇ ਲਈ ਟਿਮਟਿਮਾਉਂਦੇ ਜੁਗਨੂੰ ਬਣ ਕੇ ਨਾ ਵਿਚਰਦੇ ਤਾਂ 'ਪੰਜਾਬ ਟਾਈਮਜ਼' ਦੇ ਹਨੇਰੇ ਰਾਹਾਂ ਦਾ ਸਫ਼ਰ ਰੌਸ਼ਨ ਨਹੀਂ ਸੀ ਹੋਣਾ। ਇਸ ਕਰਕੇ 'ਪੰਜਾਬ ਟਾਈਮਜ਼' ਦੇ ਸਾਰੇ ਸ਼ੁਭਚਿੰਤਕਾਂ ਦਾ ਕੋਟਿ ਕੋਟਿ ਧੰਨਵਾਦ, ਜਿਨ੍ਹਾਂ ਨੇ ਇਸ ਬਿਖੜੇ ਪੈਂਡੇ ਵਿਚ ਸਾਡੀ ਉਂਗਲ ਫੜੀ, ਸਾਨੂੰ ਸਹਾਰਾ ਦਿੱਤਾ।

ਅੱਜ ਵੀ 'ਪੰਜਾਬ ਟਾਈਮਜ਼' ਦੀ ਆਰਥਿਕ ਸਥਿਤੀ ਓਨੀ ਮਜ਼ਬੂਤ ਨਹੀਂ ਹੈ, ਜਿੰਨੀ ਇਸ ਦੀ ਜ਼ਰੂਰਤ ਹੈ। ਇਸ ਕਰਕੇ ਸਾਨੂੰ ਇਸ ਦੇ ਸਫ਼ੇ ਵੀ ਘੱਟ ਕਰਨੇ ਪਏ ਹਨ, ਅਤੇ ਇਸਨੂੰ ਚੱਲਦਾ ਰੱਖਣ ਲਈ ਤਰ੍ਹਾਂ-ਤਰ੍ਹਾਂ ਦੇ ਸਮਝੌਤੇ ਵੀ ਕਰਨੇ ਪੈ ਰਹੇ ਹਨ। ਸਾਡੀ ਤਮੰਨਾ ਹੈ ਕਿ ਕਿਸੇ ਵੀ ਕੀਮਤ ਉੱਤੇ ਇਸ ਨੂੰ ਚੱਲਦਾ ਰੱਖੀਏ ਅਤੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਝੰਡਾ ਬਰਦਾਰ ਬਣ ਕੇ ਆਪਣੀ ਭਾਸ਼ਾ, ਆਪਣੇ ਸੱਭਿਆਚਾਰ, ਆਪਣੀਆਂ ਧਾਰਮਿਕ ਤੇ ਸਮਾਜਿਕ ਰਵਾਇਤਾਂ ਨੂੰ ਜਿਉਂਦੇ ਰੱਖਣ ਲਈ ਆਪਣਾ ਯੋਗਦਾਨ ਪਾਉਂਦੇ ਰਹੀਏ। ਆਪਣੀਆਂ ਰਹਿਤਲਾਂ ਦਾ ਸੰਚਾਰ ਅਗਲੀ ਪੀੜ੍ਹੀ ਤੱਕ ਕਰਦੇ ਹੋਏ, ਉਨ੍ਹਾਂ ਦੀ ਸ਼ਖ਼ਸੀਅਤ ਦੇ ਵਿਕਾਸ ਵਿਚ ਆਪਣਾ ਯੋਗਦਾਨ ਪਾਉਣ ਦੀ ਜ਼ਿੰਮੇਵਾਰੀ ਨਿਭਾਉਂਦੇ ਰਹੀਏ, ਕਿਉਂਕਿ 'ਪੰਜਾਬ ਟਾਈਮਜ਼' ਇੱਕ ਸਿਰੜੀ, ਸਜੱਗ ਅਤੇ ਸੂਝਵਾਨ ਇਨਸਾਨ ਅਮੋਲਕ ਸਿੰਘ ਜੰਮੂ ਦੀ ਮਾਣਯੋਗ ਵਿਰਾਸਤ ਦੀ ਸਦਾ ਜਗਦੀ ਜੋਤ ਹੈ, ਜਿਸਦਾ ਚਾਨਣ ਸਾਨੂੰ ਹੋਰ ਅੱਗੇ ਵਧਣ ਲਈ ਪ੍ਰੇਰਨਾ ਦਿੰਦਾ ਹੋਇਆ ਸਾਨੂੰ ਰਾਹ ਦਿਖਾਉਂਦਾ ਹੈ। ਸਾਡਾ ਵਿਸ਼ਵਾਸ ਹੈ ਕਿ ਸਾਡੇ ਪਾਠਕ, ਸਰਪ੍ਰਸਤ, ਸਹਿਯੋਗੀ, ਸਨੇਹੀ ਅਤੇ ਲੇਖਕ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਸਦਾ ਜਗਦੀ ਜੋਤ ਨੂੰ ਆਪਣਾ ਅਸ਼ੀਰਵਾਦ ਅਤੇ ਸਹਿਯੋਗ ਬਾਦਸਤੂਰ ਦਿੰਦੇ ਰਹਿਣਗੇ। ਅਸੀਂ ਆਪ ਜੀ ਨੂੰ ਵਿਸ਼ਵਾਸ ਦਿਵਾਉਂਦੇ ਹਾਂ ਕਿ ਅਸੀਂ ਕਿਸੇ ਵੀ ਔਖੀ ਘੜੀ ਤੋਂ ਘਬਰਾ ਕੇ ਕਦੇ ਹਿੰਮਤ ਨਹੀਂ ਹਾਰਾਂਗੇ!

ਸਾਨੂੰ ਆਪਣੇ ਸਾਹਾਂ ਦੀ ਪੂੰਜੀ 'ਪੰਜਾਬ ਟਾਈਮਜ਼' ਉਤੋਂ ਵਾਰਨ ਦਾ ਵਰਦਾਨ ਹੈ। ਜਿਸ ਨੂੰ ਨਿਭਾਉਣਾ ਸਾਡਾ ਫ਼ਰਜ਼ ਹੈ! ਸਾਡਾ ਅਕੀਦਾ ਹੈ!

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਬੁੱਕ.ਲ ਵਿਚ ਗੁੜ?

ਤਖਤ ਸਾਹਿਬ ਦਾ ਹੁਕਮ ਅਣਡਿੱਠ ਕੀਤਾ, ਨਿੱਤ 'ਚੁਸਤ-ਚਲਾਕੀਆਂ' ਕਰੀ ਜਾਂਦੇ।
ਚਿੰਤਾ ਕਰਦੇ ਨੇ ਸੱਜਣ ਕਈ ਪਾਰਟੀ ਦੀ, ਚਮਚੇ 'ਟੱਬਰ' ਦੇ ਹਿਤ ਲਈ ਮਰੀ ਜਾਂਦੇ।
ਅੰਦਰਖਾਤੇ ਸਰਗਰਮ ਕਰ 'ਜੁੰਡਲੀ' ਨੂੰ, 'ਕਾ.ਲੇ ਕਾਰੇ' ਇਤਿਹਾਸ ਵਿਚ ਭਰੀ ਜਾਂਦੇ।
ਹਿਰਖ ਲੋਕਾਂ ਦਾ ਦਿਨੋ-ਦਿਨ ਵਧੀ ਜਾਵੇ, ਸੁਣ ਕੇ ਲਾਹਣਤਾਂ 'ਢੀਠ ਬਣ' ਜਰੀ ਜਾਂਦੇ।
ਜਿਸ ਦਿਨ ਲਹੇ ਗੀ 'ਬਾਦਲੀ-ਵੇਲ' ਉੱਤੋਂ, 'ਦਲ' ਦੇ ਵਾਸਤੇ ਉਹ ਵੀ ਦਿਨ ਧੰਨ ਹੋਣਾ।
'ਸੋਸ਼ਲ ਮੀਡੀਏ' ਵਾਲੇ ਇਸ ਦੌਰ ਅੰਦਰ, 'ਗੁੜ ਬੁੱਕ.ਲ' ਵਿਚ ਹੁਣ ਨਹੀਂ ਭੰਨ ਹੋਣਾ!

# ਬਾਲ ਕਿਰਤ, ਭਾਰਤੀ ਸਮਾਜ 'ਤੇ ਵੱਡਾ ਧੱਬਾ

**ਬੇਰੁਜ਼ਗਾਰੀ, ਬਿਮਾਰੀ ਦਾ ਸਾਹਮਣਾ ਕਰਨ ਲਈ ਸਮਾਜਿਕ ਸੁਰੱਖਿਆ ਦਾ ਘੇਰਾ, ਸਿਹਤ ਬੀਮਾ ਅਤੇ ਮੁਫ਼ਤ ਇਲਾਜ ਜਿਹੜਾ ਪਿੰਡਾਂ ਵਿਚ ਕੇਂਦਰਿਤ ਹੋਵੇ ਅਤੇ ਉਸ ਦੇ ਨਾਲ ਡਾਇਗਨੋਸਟਿਕ ਲੈਬਾਰਟਰੀਆਂ ਜਾਂ ਹਰ ਆਧੁਨਿਕ ਇਲਾਜ ਦੀ ਸਹੂਲਤ ਹੋਵੇ ਉਹ ਹੋਣਾ ਚਾਹੀਦਾ ਹੈ।**

ਡਾ. ਸ.ਸ.ਛੀਨਾ

ਭਾਰਤ ਵਿੱਚ ਬਾਲ ਕਿਰਤ ਕਰਨ ਵਾਲੇ ਬੱਚੇ ਦੁਨੀਆਂ ਵਿੱਚ ਸਭ ਤੋਂ ਜ਼ਿਆਦਾ ਹਨ, ਜੋ ਕਿ ਭਾਰਤ ਦੇ ਵਸੋਂ ਦੇ ਹਿਸਾਬ ਪਹਿਲੇ ਨੰਬਰ ਦੇ ਕਾਰਨ ਹੋ ਸਕਦਾ ਹੈ ਪਰ ਫ਼ਿਕਰ ਵਾਲੀ ਗੱਲ ਇਹ ਹੈ ਕਿ ਭਾਰਤ ਦੀ ਸੁਤੰਤਰਤਾ ਤੋਂ ਬਾਦ ਇਹ ਗਿਣਤੀ ਲਗਾਤਾਰ ਵੱਧ ਰਹੀ ਹੈ ਜਿਹੜੀ 4 ਕਰੋੜ ਦੇ ਕਰੀਬ ਪਹੁੰਚ ਗਈ ਹੈ ਕੁੱਝ ਰਿਪੋਰਟਾਂ ਹੁਣ ਬਾਲ ਕਿਰਤ ਦੀ ਗਿਣਤੀ 3.3 ਕਰੋੜ ਬੱਚਿਆ ਨੂੰ ਬਾਲ ਕਿਰਤ ਤੇ ਲਗੇ ਦੱਸਦੀ ਹੈ ਇਹ ਉਹ ਬੱਚੇ ਹਨ ਜਿੰਨਾਂ ਦੀ ਪ੍ਰੀਭਾਸ਼ਾ ਬਾਲ ਕਿਰਤ ਵਾਲੇ ਬੱਚੇ ਕੀਤੀ ਜਾ ਸਕਦੀ ਹੈ। ਪਰ ਕਈ ਰਿਪੋਰਟਾਂ ਇੰਨ੍ਹਾਂ ਦੀ ਗਿਣਤੀ ਚਾਰ ਕਰੋੜ ਤੋਂ ਉਪਰ ਦੱਸਦੀਆਂ ਹਨ। ਇਹ ਰਿਪੋਰਟ ਇਸ ਕਰਕੇ ਠੀਕ ਲੱਗਦੀ ਹੈ ਕਿ 4.27 ਕਰੋੜ ਉਹ ਬੱਚੇ ਹਨ ਜਿਹੜੇ 8ਵੀਂ ਜਮਾਤ ਤੋਂ ਪਹਿਲਾਂ ਹੀ ਸਕੂਲ ਛੱਡ ਜਾਂਦੇ ਹਨ ਅਤੇ ਇਹ ਸੁਭਾਵਿਕ ਹੀ ਹੈ ਕਿ ਉਹ ਸਕੂਲ ਛੱਡਣ ਵਾਲੇ ਬੱਚੇ ਘਰ ਵਿਹਲੇ ਰਹਿਣ ਲਈ ਪੜ੍ਹਾਈ ਨਹੀਂ ਛੱਡਦੇ ਸਗੋਂ ਕਿਸੇ ਨਾ ਕਿਸੇ ਕੰਮ ਤੇ ਲੱਗ ਜਾਂਦੇ ਹਨ ਜਿੰਨਾਂ ਵਿੱਚ ਜ਼ਿਆਦਾ ਤਰ ਬੱਚੇ ਘਰਾਂ ਵਿੱਚ ਨੌਕਰ, ਢਾਬਿਆਂ ਤੇ, ਖੇਤੀ ਬਾੜੀ ਲਈ, ਉਦਯੋਗਾਂ ਵਿੱਚ ਅਤੇ ਖਾਨਾਂ ਆਦਿ ਵਿੱਚ ਕੰਮ ਕਰਦੇ ਹਨ।



ਭਾਰਤ ਦੀ ਸੁਤੰਤਰਤਾ ਦੇ ਸਮੇਂ ਇੰਨਾਂ ਦੀ ਗਿਣਤੀ ਇੱਕ ਕਰੋੜ ਦੇ ਕਰੀਬ ਸੀ ਉਸ ਤੋਂ ਇਹ ਗਿਣਤੀ ਲਗਾਤਾਰ ਵੱਧਦੀ ਗਈ, ਇਹ ਵੀ ਅਫ਼ਸੋਸ ਦੀ ਗੱਲ ਹੈ ਕਿ 1952 ਤੋਂ ਬਾਅਦ ਕਿੰਨੀਆਂ ਹੀ ਕੇਂਦਰੀ ਪਾਰਲੀਮੈਂਟ ਅਤੇ ਪ੍ਰਾਂਤਾਂ ਦੀਆਂ ਅਸੈਂਬਲੀਆਂ ਦੀਆਂ ਚੋਣਾਂ ਹੋਈਆਂ ਹਨ ਪਰ ਕਿਸੇ ਵੀ ਰਾਜਨੀਤਿਕ ਪਾਰਟੀ ਨੇ ਇਸ ਨੂੰ ਪਾਰਟੀ ਦੇ ਮੈਨੀਫੈਸਟੋ ਵਿੱਚ ਸ਼ਾਮਿਲ ਨਹੀਂ ਕੀਤਾ, ਨਾ ਹੀ ਕਿਸੇ ਸਰਕਾਰ ਨੇ ਇਸ ਨੂੰ ਬੰਦ ਕਰਨ ਦੇ ਉਪਾਅ ਕੀਤੇ ਹਨ। ਕਿਸੇ ਵੀ ਵਿਕਸਿਤ ਦੇਸ਼ ਵਿੱਚ ਬਾਲ ਕਿਰਤ ਨਹੀਂ ਮਿਲਦੀ ਪਰ ਭਾਰਤ ਦੀ ਆਮਦਨ ਅਸਮਾਨਤਾ ਕਰਕੇ ਕਈ ਘਰਾਂ ਵਿੱਚ 3 ਜਾਂ 4 ਬੱਚੇ ਕਿਰਤ ਰਹੇ ਹੁੰਦੇ ਹਨ। ਉਨ੍ਹਾਂ ਦੇ ਮਾਂ-ਬਾਪ ਉਨ੍ਹਾਂ ਸਵੇਰੇ ਸੂਰਜ ਨਿਕਲਣ ਤੋਂ ਕਾਫੀ ਪਹਿਲਾਂ ਬੜਾ ਸਖ਼ਤ ਮਨ ਬਣਾ ਕੇ ਨੀਂਦ ਵਿੱਚੋਂ ਉਨ੍ਹਾਂ ਨੂੰ ਕਿਸੇ ਹੋਰ ਦੇ ਘਰ ਕੰਮ ਲਈ ਭੇਜਦੇ ਹਨ ਅਤੇ ਦੇਰ ਰਾਤ ਤੱਕ ਉਡੀਕਦੇ ਰਹਿੰਦੇ ਹਨ। ਇਹ ਵੱਖਰੀ ਗੱਲ ਹੈ ਕਿ ਭਾਰਤ ਦਾ ਸੰਵਿਧਾਨ ਹਰ ਇੱਕ ਨੂੰ ਬਰਾਬਰ ਦੇ ਮੌਕੇ ਪ੍ਰਦਾਨ ਕਰਦਾ ਹੈ ਜਿਸ ਵਿੱਚ ਉਨ੍ਹਾਂ ਦੇ ਚੋਣ ਦਾ ਹੱਕ ਵੀ ਬਰਾਬਰ ਹੈ ਪਰ ਕੀ ਇਸ ਤਰ੍ਹਾਂ ਦੇ ਬੱਚੇ ਉਨ੍ਹਾਂ ਬਰਾਬਰ ਦੇ ਮੌਕਿਆਂ ਦਾ ਲਾਭ ਉਠਾ ਸਕਦੇ ਹਨ। ਇੱਥੋਂ ਤੱਕ ਕਿ ਭਾਵੇਂ ਵਿੱਦਿਅਕ ਸੰਸਥਾਵਾਂ ਵਿੱਚ ਕੁੱਝ ਪੱਛੜੀਆਂ ਸ਼੍ਰੇਣੀਆਂ ਦੀਆਂ ਸੀਟਾਂ ਸੁਰੱਖਿਅਤ ਹਨ ਪਰ ਕੀ ਇਹ ਬੱਚੇ ਉਨ੍ਹਾਂ ਸੀਟਾਂ ਨੂੰ ਹਾਸਿਲ ਕਰਨ ਲਈ ਮੁੱਢਲੀ ਯੋਗਤਾ ਲੈ ਸਕਦੇ ਹਨ?

ਬੱਚਿਆਂ ਦਾ ਇੱਕ ਹੋਰ ਵੱਖਰਾ ਉਹ ਭਾਗ ਹੈ ਜਿਹੜੇ ਸੜਕਾਂ ਤੇ ਕੂੜੇ ਵਿੱਚੋਂ ਕੁੱਝ ਚੁਣਦੇ ਨਜ਼ਰ ਆਉਂਦੇ ਹਨ ਜਾਂ ਜਿਹੜੇ ਸੜਕਾਂ ਤੇ ਹੱਥ ਵਿੱਚ ਠੂਠਾ ਫੜ ਕੇ ਮੰਗ ਰਹੇ ਹੁੰਦੇ ਹਨ। ਕਈ ਉਹ ਬੱਚੇ ਜਿਹੜੇ ਟਪਰੀਵਾਸਾਂ ਨਾਲ ਇੱਕ ਜਗ੍ਹਾ ਤੋਂ ਦੂਸਰੀ ਜਗ੍ਹਾ ਸਾਰਾ ਸਾਲ ਫਿਰਦੇ ਰਹਿੰਦੇ ਹਨ, ਉਹਨਾਂ ਵਿੱਚੋਂ ਕਈਆਂ ਨੇ ਸਕੂਲ ਦਾ ਨਾਂ ਵੀ ਨਹੀਂ ਸੁਣਿਆ ਹੁੰਦਾ। ਪਰ ਉਹ ਇਸ ਤਰ੍ਹਾਂ ਹੀ ਇੱਕ ਪੀੜ੍ਹੀ ਤੋਂ ਬਾਅਦ ਦੂਸਰੀ ਪੀੜ੍ਹੀ ਵਿੱਚ ਬਦਲਦੇ ਜਾ ਰਹੇ ਹਨ। ਭਾਵੇਂ ਕਿ ਬਾਲ ਕਿਰਤ ਦੇ ਖ਼ਿਲਾਫ਼ ਕਨੂੰਨ ਵੀ ਹੈ ਪਰ ਜਿਹੜੇ ਮਾਂ-ਬਾਪ ਆਪਣੇ ਬੱਚਿਆਂ ਨੂੰ ਆਪਣੀ ਮਰਜ਼ੀ ਨਾਲ ਅਤੇ ਖੁਸ਼ੀ ਨਾਲ ਕੰਮਾਂ ਤੇ ਭੇਜਦੇ ਹਨ ਉਹ ਕਿਸ ਤਰ੍ਹਾਂ ਬਾਲ ਕਿਰਤ ਦੇ ਖ਼ਿਲਾਫ਼ ਕਾਨੂੰਨ ਦੀ ਮਦਦ ਲੈ ਸਕਦੇ ਹਨ। ਕਈ ਮਾਂ ਬਾਪ ਦਾ ਇੱਕ ਹੀ ਬੱਚਾ ਹੁੰਦਾ ਹੈ ਪਰ ਉਹ ਵੀ ਕੰਮ ਤੇ ਲੱਗਾ ਹੁੰਦਾ ਹੈ।

ਬੱਚਿਆਂ ਦੀ ਕਿਰਤ ਦਾ ਸਭ ਤੋਂ ਵੱਡਾ ਕਾਰਣ ਬਾਲਗਾਂ ਲਈ ਨੌਕਰੀ ਨਾ ਹੋਣਾ ਬਲਕਿ ਬੱਚਿਆਂ ਦੀ ਕਿਰਤ ਲਈ ਬੇਅੰਤ ਮੌਕੇ ਹੋਣਾ ਭਾਵੇਂ ਕਿ ਬੱਚਿਆਂ ਨੂੰ ਬਾਲਗਾਂ ਦੀ ਉਜਰਤ ਤੋਂ ਚੌਥਾ ਹਿੱਸਾ ਉਜਰਤ ਦਿੱਤੀ ਜਾਂਦੀ ਹੈ ਪਰ ਉਨ੍ਹਾਂ ਕੋਲੋਂ ਬਾਲਗਾਂ ਤੋਂ ਦੁਗਣਾ ਕੰਮ ਲਿਆ ਜਾਂਦਾ ਹੈ ਕਿਉਂ ਜੋ ਕਾਨੂੰਨ ਅਨੁਸਾਰ ਬਾਲ ਕਿਰਤ ਨੂੰ ਕਿਰਤ ਸਮਝਿਆ ਹੀ ਨਹੀਂ ਜਾਂਦਾ ਇਸ ਲਈ ਇਹ ਕਿਰਤ ਕਾਨੂੰਨ ਅਧੀਨ ਨਹੀਂ ਆਉਂਦੀ। ਫਿਰ ਬੱਚਿਆਂ ਕੋਲੋਂ 6 ਜਾਂ 8 ਘੰਟੇ ਕੰਮ ਨਹੀਂ ਲਿਆ ਜਾਂਦਾ ਸਗੋਂ 16 ਘੰਟੇ ਤੱਕ ਕੰਮ ਲਿਆ ਜਾਂਦਾ ਹੈ। ਭਾਰਤ ਵਿੱਚ ਆਮਦਨ ਦੀ ਵੱਡੀ ਅਸਮਾਨਤਾ ਹੋਣ ਕਰਕੇ ਕਈ ਵਿਅਕਤੀ ਇਹ ਗੱਲ ਮਾਣ ਨਾਲ ਦੱਸਦੇ ਹਨ ਕਿ ਉਨ੍ਹਾਂ ਦੇ ਘਰ 4 ਬੱਚੇ ਕੰਮ ਕਰ ਰਹੇ ਹਨ।

ਦੁਨੀਆਂ ਦੇ ਕਿਸੇ ਵੀ ਵਿਕਸਿਤ ਦੇਸ਼ ਵਿੱਚ ਬਾਲ ਕਿਰਤ ਨਹੀਂ ਕਿਉਂ ਜੋ ਉੱਥੇ ਜਾਂ ਹਰ ਇੱਕ ਲਈ ਰੁਜ਼ਗਾਰ ਹੈ ਜਾਂ ਬੇਰੁਜ਼ਗਾਰੀ ਦੀ ਹਾਲਤ ਵਿੱਚ ਰੁਜ਼ਗਾਰ ਭੱਤਾ ਹੈ। ਇੱਥੋਂ ਤੱਕ ਕਿ ਸਿਵਾਏ ਮੁੱਖ ਮੰਤਰੀ ਜਾਂ ਪ੍ਰਧਾਨ ਮੰਤਰੀ ਦੇ ਬਾਕੀ ਮੰਤਰੀਆਂ ਕੋਲ ਡਰਾਇਵਰ ਜਾਂ ਘਰ ਦੇ ਨੌਕਰ ਵੀ ਨਹੀਂ ਜੋ ਬੱਚਿਆਂ ਜਾਂ ਕਿਰਤੀਆਂ ਦੇ ਸ਼ੋਸ਼ਣ ਨਾ ਹੋਣ ਦਾ ਸਬੂਤ ਹੈ ਜੋ ਕਿ ਆਮਦਨ ਦੀ ਬਰਾਬਰੀ 'ਤੇ ਆਧਾਰਿਤ ਹੈ। ਜੇ ਇੱਕ ਫੈਕਟਰੀ ਦਾ ਜਨਰਲ ਮੈਨੇਜਰ ਜਾਂ ਮੰਤਰੀ ਕੋਈ ਨੌਕਰ ਰੱਖਦਾ ਹੈ ਤਾਂ ਉਸ ਨੂੰ ਵੀ ਆਪਣੀ ਤਨਖਾਹ ਜਿੰਨੀ ਤਨਖਾਹ ਦੇਣੀ ਪਵੇਗੀ। ਇਹ ਉਨ੍ਹਾਂ ਦੇਸ਼ਾਂ ਦੀ ਸਮਾਜਿਕ ਬਰਾਬਰੀ ਦੀ ਤਸਵੀਰ ਹੈ, ਕਿਉਂ ਜੋ ਸਮਾਜਿਕ ਬਰਾਬਰੀ, ਆਰਥਿਕ ਬਰਾਬਰੀ ਤੇ ਨਿਰਭਰ ਕਰਦੀ ਹੈ। ਜਿਸ ਨੂੰ ਉਥੋਂ ਦੀ ਟੈਕਸੇਸ਼ਨ ਨੀਤੀ ਨਾਲ ਪੈਦਾ ਕੀਤਾ ਜਾਂਦਾ ਹੈ ਕਿਹਾ ਜਾਂਦਾ ਹੈ ਕਿ ਵਿਕਸਿਤ ਦੇਸ਼ ਵਿੱਚ ਧਨ ਦੀ ਨਾ ਬਰਾਬਰੀ ਤਾਂ ਜ਼ਰੂਰ ਹੈ ਪਰ ਆਮਦਨ ਦੀ ਨਾ ਬਰਾਬਰੀ ਨਹੀਂ।

ਇਸ ਦਾ ਕੀ ਉਪਾਅ ਹੋ ਸਕਦਾ ਹੈ? ਬਾਲਗਾਂ ਦੀ ਬੇਰੁਜ਼ਗਾਰੀ, ਬਿਮਾਰੀ, ਕਰਜ਼ਾ ਇਸ ਦੇ ਮੁੱਖ ਕਾਰਨ ਹੈ ਅਤੇ ਸੁਭਾਵਿਕ ਹੈ ਕਿ ਇਹ ਤੱਤ ਦੂਰ ਕੀਤੇ ਜਾਣ। ਬੇਰੁਜ਼ਗਾਰੀ ਲਈ ਵੱਡੇ-ਵੱਡੇ ਪ੍ਰੋਜੈਕਟ ਜਿਹੜੇ ਰੁਜ਼ਗਾਰ ਪੈਦਾ ਕਰਨ। ਉਨ੍ਹਾਂ ਤੇ ਸਰਕਾਰ ਵੱਲੋਂ ਹਰ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਉਸ ਵਿੱਚ ਇੱਕ ਵੱਡਾ ਕਾਰਨ ਵਿਦੇਸ਼ੀ ਵਸਤੂਆਂ ਹਨ ਜਿਹੜੀਆਂ ਭਾਰਤ ਦੀਆਂ ਬਣੀਆਂ ਵਸਤੂਆਂ ਦੀ ਜਗ੍ਹਾ ਲੈ ਰਹੀਆਂ ਹਨ ਅਤੇ ਉਹ ਇਕਾਈਆਂ ਜਿਹੜੀਆਂ ਭਾਰਤ ਵਿੱਚ ਉਹ ਵਸਤੂਆਂ ਪੈਦਾ ਕਰਦੀਆਂ ਸਨ। ਉਹ ਖ਼ਤਮ ਹੋ ਗਈਆਂ ਜਿਸ ਨਾਲ ਲੱਖਾਂ ਦੀ ਤਦਾਦ ਵਿੱਚ ਭਾਰਤੀ ਕਿਰਤੀ ਬੇਰੁਜ਼ਗਾਰ ਹੋ ਰਹੇ ਹਨ ਇਸ ਸਬੰਧੀ ਇੱਕ ਸਾਰਥਿਕ ਯੋਜਨਾ ਬਣਨੀ ਚਾਹੀਦੀ ਹੈ ਜਿਹੜੀ ਉਨ੍ਹਾਂ ਇਕਾਈਆਂ ਨੂੰ ਵਧਾਉਣ ਤੇ ਕੇਂਦਰਿਤ ਹੋਵੇ ਜਿਹੜੀਆਂ ਵਿਦੇਸ਼ੀ ਵਸਤੂਆਂ ਦਾ ਮੁਕਾਬਲਾ ਕਰ ਸਕਦੀਆਂ ਹਨ ਆਮ ਵੇਖਿਆ ਗਿਆ ਹੈ ਕਿ ਬਾਲ ਕਿਰਤ ਕਰਨ ਵਾਲੇ ਜ਼ਿਆਦਾਤਰ ਬੱਚੇ ਪਿੰਡਾਂ ਤੋਂ ਜਾਂਦੇ ਹਨ ਪਿੰਡਾਂ ਵਿੱਚ ਰੁਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਪੈਦਾ ਕਰਨ ਲਈ ਪੇਂਡੂ ਵਿਕਾਸ ਨੂੰ ਯੋਜਨਾ ਬਣਾ ਕੇ ਪਹਿਲ ਦੇਣੀ ਚਾਹੀਦੀ ਹੈ।

ਬੇਰੁਜ਼ਗਾਰੀ, ਬਿਮਾਰੀ ਦਾ ਸਾਹਮਣਾ ਕਰਨ ਲਈ ਸਮਾਜਿਕ ਸੁਰੱਖਿਆ ਦਾ ਘੇਰਾ, ਸਿਹਤ ਬੀਮਾ ਅਤੇ ਮੁਫ਼ਤ ਇਲਾਜ ਜਿਹੜਾ ਪਿੰਡਾਂ ਵਿੱਚ ਕੇਂਦਰਿਤ ਹੋਵੇ ਅਤੇ ਉਸ ਦੇ ਨਾਲ ਡਾਇਗਨੋਸਟਿਕ ਲੈਬਾਰਟਰੀਆਂ ਜਾਂ ਹਰ ਆਧੁਨਿਕ ਇਲਾਜ ਦੀ ਸਹੂਲਤ ਹੋਵੇ ਉਹ ਹੋਣਾ ਚਾਹੀਦਾ ਹੈ। ਭਾਰਤ ਦਾ 93 ਫ਼ੀਸਦੀ ਕਾਰੋਬਾਰ ਗ਼ੈਰ ਸੰਗਠਿਤ ਖੇਤਰ ਵਿੱਚ ਆਉਂਦਾ ਹੈ ਜਿੰਨਾਂ ਦੀ ਕੋਈ ਵੀ ਸਮਾਜਿਕ ਸੁਰੱਖਿਆ ਨਹੀਂ ਉਨ੍ਹਾਂ ਦੀ ਕੋਈ ਪੈਨਸ਼ਨ, ਪ੍ਰਾਵੀਡੈਂਟ ਫੰਡ, ਦੁਰਘਟਨਾ ਅਤੇ ਬਿਮਾਰੀ ਲਈ ਛੁੱਟੀ ਜਾਂ ਮੁਆਵਜਾ ਆਦਿ ਕਿਸੇ ਕਿਸਮ ਦੀ ਸਹੂਲਤ ਨਹੀਂ। ਇਸ ਸਮਾਜਿਕ ਸੁਰੱਖਿਆ ਨੂੰ ਵਧਾਉਂਦੇ ਹੋਏ ਵਿਕਸਿਤ ਦੇਸ਼ਾਂ ਦੀ ਸਮਾਜਿਕ ਸੁਰੱਖਿਆ ਦੇ ਬਰਾਬਰ ਕਰਨਾ ਚਾਹੀਦਾ ਹੈ।

ਭਾਰਤ ਵਿੱਚ ਪੇਂਡੂ ਖੇਤਰ ਅਤੇ ਪਛੜੇ ਵਰਗ ਵਿੱਚ ਕਰਜ਼ੇ ਦੀ ਬਹੁਤ ਜ਼ਿਆਦਾ ਮਾਤਰਾ ਹੈ ਇਹ ਕਰਜ਼ਾ ਘਰੇਲੂ ਖ਼ਰਚ ਪੂਰੇ ਕਰਨ ਲਈ ਲਿਆ ਜਾਂਦਾ ਹੈ ਫਿਰ ਇਹ ਕਰਜ਼ਾ ਬੈਂਕਾਂ ਜਾਂ ਸਹਿਕਾਰੀ ਸਭਾਵਾਂ ਦਾ ਨਹੀਂ ਸਗੋਂ ਗ਼ੈਰ ਸੰਗਠਿਤ ਖੇਤਰ ਦਾ ਕਰਜ਼ਾ ਹੈ ਜਿਸ ਤੇ ਬਹੁਤ ਉੱਚਾ ਵਿਆਜ ਲਿਆ ਜਾਂਦਾ ਹੈ। ਇਹ ਵੇਖਿਆ ਗਿਆ ਹੈ ਕਿ ਬਹੁਤ ਸਾਰੇ ਬੱਚੇ ਮਾਂ-ਬਾਪ ਵੱਲੋਂ ਲਏ ਕਰਜ਼ੇ ਦੇ ਵਿਆਜ਼ ਦੀ ਅਦਾਇਗੀ ਤੇ ਹੀ ਕੰਮ ਤੇ ਲੱਗੇ ਹੋਏ ਹਨ। ਉਨ੍ਹਾਂ ਬੱਚਿਆਂ ਨੂੰ ਇਹ ਵੀ ਨਹੀਂ ਪਤਾ ਕਿ ਉਨ੍ਹਾਂ ਦੀ ਕੀ ਤਨਖਾਹ ਹੈ ਅਤੇ ਉਨ੍ਹਾਂ ਦੇ ਬਾਪ ਨੇ ਉਨ੍ਹਾਂ ਦੀ ਤਨਖਾਹ ਕਦੋਂ ਲਈ ਸੀ।

ਇਨ੍ਹਾਂ ਬੱਚਿਆਂ ਦਾ ਸ਼ੋਸ਼ਣ ਕੀਤਾ ਜਾਂਦਾ ਹੈ ਜ਼ਿਆਦਾ ਕੰਮ ਲਿਆ ਜਾਂਦਾ ਹੈ ਉਨ੍ਹਾਂ ਨੂੰ ਮਾੜੀ ਜਹੀ ਗਲਤੀ ਕਰਨ ਤੇ ਕੁੱਟ ਮਾਰ ਵੀ ਕੀਤੀ ਜਾਂਦੀ ਹੈ, ਉਹ ਕਿਸੇ ਕੋਲ ਸ਼ਿਕਾਇਤ ਵੀ ਨਹੀਂ ਕਰ ਸਕਦੇ, ਉਸ ਹਾਲਤ ਵਿੱਚ ਉਨ੍ਹਾਂ ਦੇ ਮਾਂ-ਬਾਪ ਦੀ ਹਮਦਰਦੀ ਵੀ ਨਹੀਂ ਮਿਲਦੀ ਜਿਸ ਨਾਲ ਮਾਨਸਿਕ ਤੌਰ 'ਤੇ ਉਹ ਬੱਚੇ ਬਹੁਤ ਪਛੜ ਜਾਂਦੇ ਹਨ। ਉਨ੍ਹਾਂ ਦਾ ਸਰੀਰਕ ਅਤੇ ਮਾਨਸਿਕ ਵਿਕਾਸ ਰੁੱਕ ਜਾਂਦਾ ਹੈ ਜਿਹੜਾ ਉਨ੍ਹਾਂ ਦੀ ਤਰਸਯੋਗ ਹਾਲਤ ਦੀ ਤਰਜਮਾਨੀ ਹੈ ਅਤੇ ਬਾਲ ਕਿਰਤ ਭਾਰਤ ਦੇ ਸਮਾਜ ਤੇ ਵੱਡਾ ਧੱਬਾ ਹੈ।

**ਲੇਖਕ - ਅਕਾਲ ਯੂਨੀਵਰਸਿਟੀ ਤਲਵੰਡੀ ਸਾਬੋ 'ਚ ਪ੍ਰੋਫ਼ੈਸਰ ਅਮੈਰੀਟਸ ਹੈ।**

## "ਪੰਜਾਬ ਟਾਈਮਜ਼" ਦੇ ਲੇਖਕਾਂ, ਰਿਪੋਰਟਰਾਂ ਅਤੇ ਪੱਤਰਕਾਰਾਂ ਲਈ ਬੇਨਤੀ

"ਪੰਜਾਬ ਟਾਈਮਜ਼" ਨੂੰ ਛਪਣ-ਸਮੱਗਰੀ ਭੇਜਣ ਵਾਲੇ ਸਾਰੇ ਲੇਖਕਾਂ, ਵਿਦਵਾਨਾਂ, ਪੱਤਰਕਾਰਾਂ ਅਤੇ ਰਿਪੋਰਟਰਾਂ ਨੂੰ ਬੇਨਤੀ ਹੈ ਕਿ ਉਹ ਪਰਚੇ ਵਿੱਚ ਛਪਣ ਲਈ ਭੇਜੇ ਜਾਣ ਵਾਲੀ ਸਮੱਗਰੀ ਗੁਰਮੁੱਖੀ ਦੇ ਚਾਤ੍ਰਿਕ ਫੌਂਟ ਵਿੱਚ ਭੇਜਣ ਦੀ ਕ੍ਰਿਪਾਲਤਾ ਕਰਨ, ਤਾਂ ਕਿ ਫੌਂਟ ਦੀ ਤਬਦੀਲੀ ਸਮੇਂ ਹੋ ਜਾਣ ਵਾਲੀਆਂ ਗ਼ਲਤੀਆਂ ਤੋਂ ਬਚਿਆ ਜਾ ਸਕੇ। **-ਸੰਪਾਦਕ**

# ਪੀਲੀਭੀਤ ਮੁਕਾਬਲਾ: ਗ਼ੈਰਅਦਾਲਤੀ ਕਤਲਾਂ ਦੀ ਇਕ ਹੋਰ ਘਸੀਪਿਟੀ ਕਹਾਣੀ

***ਪਿਛਲੇ ਦਿਨੀਂ ਪੀਲੀਭੀਤ 'ਚ ਹੋਏ ਤਿੰਨ ਪੰਜਾਬੀ ਨੌਜਵਾਨਾਂ ਦੇ ਮੁਕਾਬਲੇ ਨੂੰ ਲੈ ਕੇ ਬਹੁਤ ਸਾਰੇ ਸਵਾਲ ਉੱਠ ਰਹੇ ਹਨ। ਭਾਰਤੀ ਰਾਜ ਵਿਚ 'ਮੁਕਾਬਲੇ' ਕਈ ਦਹਾਕਿਆਂ ਤੋਂ ਚਲਿਆ ਆ ਰਿਹਾ ਵਰਤਾਰਾ ਹੈ। ਰਾਜਨੀਤਕ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਮੁਕਾਬਲਿਆਂ ਦੇ ਨਾਂ ਹੇਠ ਗ਼ੈਰਅਦਾਲਤੀ ਕਤਲ ਰਾਜ ਕਰਦਾ ਜਮਾਤ ਦੀ ਬਕਾਇਦਾ ਨੀਤੀ ਹੈ। ਇਸੇ ਪ੍ਰਸੰਗ 'ਚ ਹਾਲੀਆ ਮੁਕਾਬਲੇ ਦੀ ਚਰਚਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਇਸ ਲੇਖ ਵਿਚ ਕੀਤੀ ਹੈ।-ਸੰਪਾਦਕ***




**ਬੂਟਾ ਸਿੰਘ ਮਹਿਮੂਦਪੁਰ**

23 ਦਸੰਬਰ ਨੂੰ ਪੰਜਾਬ ਪੁਲਿਸ ਵੱਲੋਂ ਯੂ.ਪੀ. ਪੁਲਿਸ ਨਾਲ ਮਿਲ ਕੇ ਗੁਰਦਾਸਪੁਰ ਜ਼ਿਲ੍ਹੇ ਦੇ 18 ਤੇ 24 ਸਾਲ ਦੇ ਤਿੰਨ ਨੌਜਵਾਨਾਂ ਨੂੰ ਪੀਲੀਭੀਤ (ਯੂ.ਪੀ.) ਦੇ ਪੂਰਨਪੁਰ ਇਲਾਕੇ 'ਚ ਮੁਕਾਬਲਾ ਬਣਾ ਕੇ ਮਾਰ ਦਿੱਤਾ ਗਿਆ। ਜੁਲਾਈ 1991 'ਚ ਵੀ ਯੂ.ਪੀ. ਪੁਲਿਸ (ਪੀਏਸੀ) ਨੇ ਪੀਲੀਭੀਤ 'ਚ 10 ਸਿੱਖ ਸ਼ਰਧਾਲੂਆਂ ਨੂੰ ਬੱਸ 'ਚੋਂ ਉਤਾਰ ਕੇ ਅਤੇ ਜੰਗਲ ਵਿਚ ਤਿੰਨ ਵੱਖ-ਵੱਖ ਥਾਵਾਂ 'ਤੇ ਲਿਜਾ ਕੇ ਬੇਕਿਰਕੀ ਨਾਲ ਕਤਲ ਕਰ ਦਿੱਤਾ ਸੀ। ਜਾਂਚ ਕੀਤੇ ਜਾਣ 'ਤੇ ਉਹ ਕਥਿਤ ਮੁਕਾਬਲਾ ਪੂਰੀ ਤਰ੍ਹਾਂ ਝੂਠਾ ਸਾਬਤ ਹੋਇਆ ਸੀ ਅਤੇ 2016 'ਚ ਅਦਾਲਤ ਨੇ 43 ਪੁਲਸੀਆਂ ਨੂੰ ਦੋਸ਼ੀ ਕਰਾਰ ਦੇ ਕੇ ਉਮਰ ਕੈਦ ਦੀ ਸਜ਼ਾ ਸੁਣਾਈ ਸੀ, ਜੋ ਬਾਅਦ ਵਿਚ ਹਾਈਕੋਰਟ ਵੱਲੋਂ ਘਟਾ ਕੇ 7 ਸਾਲ ਦੀ ਕੈਦ 'ਚ ਬਦਲ ਦਿੱਤੀ ਗਈ। ਬੇਸ਼ੱਕ ਹੁਣ ਪੰਜਾਬ ਵਿਚ ਖ਼ਾਲਿਸਤਾਨ ਪੱਖੀ ਕੋਈ ਹਥਿਆਰਬੰਦ ਲਹਿਰ ਨਹੀਂ ਹੈ, ਜੋ ਭਾਰਤੀ ਰਾਜ ਲਈ ਖ਼ਤਰਾ ਹੋਵੇ, ਪਰ ਹੁਣ ਵੀ ਹੁਕਮਰਾਨਾਂ ਨੇ ਪੁਲਿਸ ਨੂੰ ਬੇਕਸੂਰਾਂ ਅਤੇ ਮਾਮੂਲੀ ਅਪਰਾਧੀਆਂ ਦੀਆਂ ਜਾਨਾਂ ਲੈਣ ਦੀ ਖੁੱਲ੍ਹੀ ਛੁੱਟੀ ਦੇ ਰੱਖੀ ਹੈ। ਪੰਜਾਬ 'ਚ ਭਗਵੰਤ ਮਾਨ ਸਰਕਾਰ ਦੇ ਰਾਜ ਵਿਚ ਗੈਂਗਸਟਰਾਂ ਦੇ 'ਮੁਕਾਬਲੇ' ਵੀ ਇਸੇ ਹਕੂਮਤੀ ਨੀਤੀ ਦਾ ਹਿੱਸਾ ਹਨ।

ਉਪਰੋਕਤ ਮੁਕਾਬਲੇ 'ਚ ਮਾਰੇ ਗਏ ਤਿੰਨੋਂ ਨੌਜਵਾਨ-ਵਰਿੰਦਰ ਸਿੰਘ, ਗੁਰਵਿੰਦਰ ਸਿੰਘ ਅਤੇ ਜਸ਼ਨਪ੍ਰੀਤ ਸਿੰਘ ਗ਼ਰੀਬ ਕਿਸਾਨ ਪਰਿਵਾਰਾਂ 'ਚੋਂ ਸਨ। ਇਕ ਮਜ਼ਦੂਰੀ ਕਰਦਾ ਸੀ ਅਤੇ ਦੋ ਟਰੱਕ ਡਰਾਇਵਰੀ ਕਰਦੇ ਸਨ। ਪੁਲਿਸ ਵੱਲੋਂ ਪੇਸ਼ ਕੀਤੀ ਕਹਾਣੀ ਅਨੁਸਾਰ ਇਹ ਤਿੰਨੋਂ ਕਥਿਤ 'ਖ਼ਾਲਿਸਤਾਨ ਜ਼ਿੰਦਾਬਾਦ ਫੋਰਸ' ਨਾਲ ਸੰਬੰਧਤ ਦਹਿਸ਼ਤਗਰਦ ਸਨ ਜੋ ਪਾਕਿਸਤਾਨ ਅਤੇ ਯੂਰਪ ਆਧਾਰਤ ਦਹਿਸ਼ਤੀ ਮੌਡਿਊਲ ਦੀ ਸਾਜ਼ਿਸ਼ ਤਹਿਤ ਪੁਲਿਸ ਥਾਣਿਆਂ 'ਤੇ ਗਰਨੇਡ ਹਮਲੇ ਕਰਨ ਲਈ ਜ਼ਿੰਮੇਵਾਰ ਸਨ। ਇਹ ਜੱਗ ਜ਼ਾਹਿਰ ਹੈ ਕਿ ਭਾਰਤੀ ਪੁਲਿਸ ਅਮਨ-ਕਾਨੂੰਨ ਬਣਾਈ ਰੱਖਣ ਵਾਲੀ ਸੁਤੰਤਰ ਏਜੰਸੀ ਨਹੀਂ ਹੈ। ਇਹ ਮੂਲ ਰੂਪ 'ਚ ਅੰਗਰੇਜ਼ ਬਸਤੀਵਾਦੀਆਂ ਵੱਲੋਂ ਭਾਰਤੀ ਲੋਕਾਂ ਦੀ ਆਜ਼ਾਦੀ ਦੀ ਤਾਂਘ ਨੂੰ ਕੁਚਲਣ ਲਈ ਬਣਾਈ ਕਰੂਰ ਏਜੰਸੀ ਹੈ ਜੋ ਹੁਕਮਰਾਨ ਧਿਰ ਦਾ ਸੰਦ ਬਣ ਕੇ ਕਾਨੂੰਨੀ ਤੌਰ-ਤਰੀਕਿਆਂ ਦੀਆਂ ਬੇਖ਼ੌਫ਼ ਹੋ ਕੇ ਧੱਜੀਆਂ ਉਡਾਉਂਦੀ ਹੈ ਅਤੇ ਅਕਸਰ ਹੀ ਗ਼ੈਰਕਾਨੂੰਨੀ ਤਰੀਕਿਆਂ 'ਤੇ ਚੱਲਦੀ ਦੇਖੀ ਜਾ ਸਕਦੀ ਹੈ। ਪਿਛਲੇ ਪੰਜ ਦਹਾਕਿਆਂ 'ਚ ਪੰਜਾਬ ਪੁਲਿਸ ਦੇ ਨਕਸਲੀ ਲਹਿਰ ਦੇ ਸਮੇਂ ਤੋਂ ਲੈ ਕੇ ਝੂਠੇ ਮੁਕਾਬਲੇ ਬਣਾਉਣ ਦੇ ਬਦਨਾਮ ਰਿਕਾਰਡ ਨੂੰ ਦੇਖਦਿਆਂ ਇਸ ਵੱਲੋਂ ਪੇਸ਼ ਕੀਤੀ ਜਾਂਦੀ ਮੁਕਾਬਲੇ ਦੀ ਕੋਈ ਵੀ ਕਹਾਣੀ ਹਮੇਸ਼ਾ ਸ਼ੱਕੀ ਮੰਨੀ ਜਾਂਦੀ ਹੈ ਅਤੇ ਅਕਸਰ ਹੀ ਝੂਠੀ ਸਾਬਤ ਹੁੰਦੀ ਹੈ। ਉਪਰੋਕਤ ਮੁਕਾਬਲੇ 'ਚ ਮਾਰੇ ਗਏ ਕਥਿਤ ਖ਼ਾਲਿਸਤਾਨੀਆਂ ਨਾਲ ਜੁੜੇ ਘਟਨਾਕ੍ਰਮ ਅਤੇ ਉਨ੍ਹਾਂ ਦੇ ਪਰਿਵਾਰਕ ਪਿਛੋਕੜ ਉੱਪਰ ਸਰਸਰੀ ਨਜ਼ਰ ਮਾਰਿਆਂ ਹੀ ਇਹ ਪਤਾ ਲੱਗ ਜਾਂਦਾ ਹੈ ਕਿ ਇਹ ਮੁਕਾਬਲਾ ਬਿਲਕੁਲ ਝੂਠਾ ਹੈ ਅਤੇ ਇਹ ਕਿਸੇ ਡੂੰਘੀ ਸਾਜ਼ਿਸ਼ ਤਹਿਤ ਬਣਾਇਆ ਗਿਆ ਹੈ।

ਪਿਛਲੇ ਦਿਨੀਂ ਪਾਕਿਸਤਾਨ ਨਾਲ ਲੱਗਦੇ ਸਰਹੱਦੀ ਖੇਤਰ 'ਚ ਉੱਪਰੋਥਲੀਂ ਛੇ 'ਦਹਿਸ਼ਤੀ' ਵਾਰਦਾਤਾਂ ਹੋਈਆਂ। ਇਨ੍ਹਾਂ 'ਚੋਂ ਇਕ ਵਾਰਦਾਤ ਬੰਦ ਹੋ ਚੁੱਕੀ ਬਖ਼ਸ਼ੀਵਾਲਾ ਪੁਲਿਸ ਚੌਂਕੀ ਉੱਪਰ ਕਥਿਤ ਗਰਨੇਡ ਹਮਲੇ ਦੀ ਹੈ ਜਿਸ ਨੂੰ ਲੈ ਕੇ ਬਹੁਤ ਸਾਰੇ ਸਵਾਲ ਹਨ। ਸਭ ਤੋਂ ਪਹਿਲਾ ਸਵਾਲ ਤਾਂ ਇਹ ਬਣਦਾ ਹੈ ਕਿ ਕੋਈ ਦਹਿਸ਼ਤਗਰਦ ਗਰੁੱਪ ਬੰਦ ਪਈ ਪੁਲਿਸ ਚੌਂਕੀ ਉੱਪਰ ਹਮਲਾ ਕਿਉਂ ਕਰੇਗਾ। ਹਰ ਹਮਲੇ ਦਾ ਕੋਈ ਮਕਸਦ ਹੁੰਦਾ ਹੈ ਅਤੇ ਪੁਲਿਸ ਨੇ ਇਹ ਸਪਸ਼ਟ ਨਹੀਂ ਕੀਤਾ ਕਿ ਬੰਦ ਪਈ ਚੌਂਕੀ ਉੱਪਰ ਹਮਲਾ ਕਰਨ ਜਾਂ ਹੋਰ ਹਾਲੀਆ ਵਾਰਦਾਤਾਂ ਦਾ ਮਕਸਦ ਕੀ ਸੀ। ਇਸੇ ਤਰ੍ਹਾਂ ਮਜੀਠਾ ਪੁਲਿਸ ਥਾਣੇ ਵਿਖੇ ਧਮਾਕੇ ਨੂੰ ਪੁਲਿਸ ਅਧਿਕਾਰੀਆਂ ਵਲੋਂ ਪਹਿਲਾਂ ਟਾਇਰ ਫਟਣ ਨਾਲ ਆਈ ਆਵਾਜ਼ ਦੱਸਿਆ ਗਿਆ ਅਤੇ ਫਿਰ ਬੱਬਰ ਖ਼ਾਲਸਾ ਵੱਲੋਂ ਧਮਾਕੇ ਦੀ ਕਥਿਤ ਜ਼ਿੰਮੇਵਾਰੀ ਲਈ ਗਈ। ਇਹ ਕੀ ਚੱਕਰ ਸੀ? ਇਹ 'ਦਹਿਸ਼ਤਗਰਦ' ਵਾਰਦਾਤਾਂ ਸਰਹੱਦੀ ਖੇਤਰ 'ਚ ਵਾਪਰੀਆਂ ਅਤੇ ਰਾਜ ਦਾ ਇਹ 50 ਕਿਲੋਮੀਟਰ ਖੇਤਰ ਬੀਐੱਸਐੱਫ ਦੇ ਕੰਟਰੋਲ 'ਚ ਹੈ। ਪੰਜਾਬ ਸਰਕਾਰ ਇਨ੍ਹਾਂ ਘਟਨਾਵਾਂ ਬਾਰੇ ਚੁੱਪ ਹੈ।

ਇਹ ਸਵਾਲ ਬਹੁਤ ਵਾਜਬ ਹੈ ਕਿ ਤਿੰਨ ਸਧਾਰਨ ਨੌਜਵਾਨ ਗੁਰਦਾਸਪੁਰ 'ਚ ਵਾਰਦਾਤ ਕਰਨ ਉਪਰੰਤ ਹਥਿਆਰਾਂ ਸਮੇਤ ਪੀਲੀਭੀਤ ਕਿਵੇਂ ਪਹੁੰਚ ਗਏ। ਮਿਹਨਤ ਮਜ਼ਦੂਰੀ ਕਰਦੇ ਤਿੰਨ ਨੌਜਵਾਨਾਂ ਦਾ ਅਚਾਨਕ ਗ਼ਾਇਬ ਹੋਣਾ (ਜੋ ਨਾ ਖ਼ਾਲਿਸਤਾਨ ਪੱਖੀ ਸਨ ਅਤੇ ਨਾ ਸਿੱਖੀ ਸਰੂਪ 'ਚ) ਅਤੇ ਪੀਲੀਭੀਤ ਪਹੁੰਚ ਕੇ ਜਾਅਲੀ ਸ਼ਨਾਖ਼ਤੀ ਕਾਰਡਾਂ 'ਤੇ ਹੋਟਲ 'ਚ ਠਹਿਰਨਾ, ਹੋਟਲ ਦਾ ਕਿਰਾਇਆ ਘਟਾਉਣ ਲਈ ਕਿਸੇ ਤੋਂ ਫ਼ੋਨ ਕਰਾਉਣਾ, ਬਿਨਾਂ ਕਿਸੇ ਭਾਰੀ ਸਮਾਨ ਦੇ ਪੈਦਲ ਤੁਰਦਿਆਂ ਦੀ ਸੀਸੀਟੀਵੀ ਫੁਟੇਜ ਪਰ ਮੁਕਾਬਲੇ 'ਚ ਦੋ ਅਸਾਲਟਾਂ, ਹੋਰ ਅਸਲਾ ਅਤੇ ਕੈਸ਼ ਮਿਲਣਾ, ਹੋਟਲ 'ਚ ਠਹਿਰਨ ਤੋਂ ਦੋ ਘੰਟਿਆਂ 'ਚ ਹੀ ਉਨ੍ਹਾਂ ਕੋਲ ਚੋਰੀ ਦਾ ਮੋਟਰਸਾਈਕਲ ਹੋਣਾ, ਸਵੇਰੇ ਪੰਜ ਵਜੇ ਸੰਘਣੀ ਧੁੰਦ ਵਾਲੇ ਇਲਾਕੇ 'ਚ ਮੋਟਰਸਾਈਕਲ ਉੱਪਰ ਜਾ ਰਹੇ 'ਦਹਿਸ਼ਤਗਰਦਾਂ' ਨਾਲ ਮੁਕਾਬਲਾ ਹੋਣਾ ਜਿੱਥੇ ਸਵੇਰ ਦੇ ਸਮੇਂ ਪੈਦਲ ਚੱਲਣਾ ਵੀ ਮੁਸ਼ਕਲ ਹੁੰਦਾ ਹੈ, ਪੁਲਿਸ ਵੱਲੋਂ ਜ਼ਿੰਦਾ ਫੜਨ ਦੀ ਬਜਾਏ ਉਨ੍ਹਾਂ ਨੂੰ 'ਢੇਰ ਕਰਨ' ਲਈ ਦਿਖਾਈ ਫ਼ੁਰਤੀ, ਪੁਲਿਸ ਵੱਲੋਂ ਜਾਰੀ ਕੀਤੀਆਂ ਤਸਵੀਰਾਂ 'ਚ ਅਤੇ ਮੁਕਾਬਲੇ 'ਚ ਮਾਰੇ ਜਾਣ ਸਮੇਂ ਵੀ ਉਹੀ ਕੱਪੜੇ ਪਹਿਨੇ ਹੋਣਾ, ਇਕ ਨੌਜਵਾਨ ਦੇ ਸਰੀਰ ਉੱਪਰ ਗੋਲੀ ਦਾ ਕੋਈ ਨਿਸ਼ਾਨ ਨਾ ਹੋਣਾ ਅਤੇ ਗਲਾ ਘੁੱਟ ਕੇ ਮਾਰਨ ਦੇ ਸੰਕੇਤ ਮਿਲਣਾ, ਦੋ ਨੌਜਵਾਨਾਂ ਦੇ ਜਿਸਮਾਂ ਉੱਪਰ ਦੂਰੋਂ ਮੁਕਾਬਲੇ 'ਚ ਗੋਲੀਆਂ ਲੱਗਣ ਦੀ ਬਜਾਏ ਨੇੜਿਓਂ ਗੋਲੀਆਂ ਮਾਰੇ ਜਾਣ ਦੇ ਨਿਸ਼ਾਨ ਹੋਣਾ, ਮੁਕਾਬਲੇ ਵਾਲੀ ਜਗ੍ਹਾ ਸਿਰਫ਼ ਇਕ ਥਾਂ ਲਹੂ ਦੇ ਨਿਸ਼ਾਨ ਹੋਣਾ ਅਤੇ ਕੋਈ ਫਾਰੈਂਸਿਕ ਰਿਪੋਰਟ ਵੀ ਨਾ ਹੋਣਾ ਕਿ ਇਹ ਲਹੂ ਕਿਸੇ ਇਕ ਦਾ ਹੈ ਜਾਂ ਤਿੰਨਾਂ ਦਾ, ਨੇੜਲੇ ਫਾਰਮ 'ਤੇ ਰਹਿਣ ਵਾਲਿਆਂ ਤੱਕ 'ਤਾਬੜਤੋੜ' ਫਾਇਰਿੰਗ ਦੀ ਕੋਈ ਆਵਾਜ਼ ਨਾ ਪਹੁੰਚਣਾ, ਪੁਲਿਸ ਵੱਲੋਂ ਪਰਿਵਾਰ ਦੀ ਸਹਿਮਤੀ ਲਏ ਬਿਨਾਂ ਪੋਸਟ ਮਾਰਟਮ ਕਰਾਉਣਾ ਅਤੇ ਮੁਕਾਬਲੇ ਦੀ ਕੋਈ ਵੀਡੀਓਗ੍ਰਾਫ਼ੀ ਨਾ ਕਰਾਉਣਾ, ਇਕ ਲੜਕੇ ਦੇ ਪਰਿਵਾਰ ਵੱਲੋਂ ਮੰਗ ਕਰਨ ਦੇ ਬਾਵਜੂਦ ਉਨ੍ਹਾਂ ਨੂੰ ਲਾਸ਼ ਨਾ ਦੇਖਣ ਦੇਣਾ ਅਤੇ ਪਰਿਵਾਰ ਦੀ ਦੁਬਾਰਾ ਪੋਸਟ ਮਾਰਟਮ ਕਰਾਉਣ ਦੀ ਮੰਗ ਨੂੰ ਸਵੀਕਾਰ ਕਰਨ ਦੀ ਬਜਾਏ ਪੁਲਿਸ ਵੱਲੋਂ ਜ਼ਬਰਦਸਤੀ ਸੰਸਕਾਰ ਕਰਾਉਣਾ ਆਦਿ ਸਭ ਕੁਝ ਸ਼ੱਕੀ ਹੈ।

ਇਹ ਕਹਾਣੀ ਭਾਰਤੀ ਪੁਲਿਸ ਦੇ ਝੂਠ ਦਾ ਇਕ ਹੋਰ ਪੁਲੰਦਾ ਹੈ ਅਤੇ ਇਸ ਨੂੰ ਜਚਣਹਾਰ ਬਣਾਉਣ ਲਈ ਹੁਣ ਜਾਂਚ ਦੇ ਨਾਂ ਹੇਠ ਤਰ੍ਹਾਂ-ਤਰ੍ਹਾਂ ਦੇ ਖ਼ੁਲਾਸੇ ਕਰਕੇ ਖਾਲੀ ਥਾਵਾਂ ਭਰੀਆਂ ਜਾ ਰਹੀਆਂ ਹਨ। ਇਹ ਗੱਲ ਹੀ ਮੰਨਣਯੋਗ ਨਹੀਂ ਹੈ ਕਿ ਮਜ਼ਦੂਰੀ ਤੇ ਡਰਾਇਵਰੀ ਨਾਲ ਜੁੜੇ ਸਧਾਰਨ ਨੌਜਵਾਨ ਅਜਿਹੀਆਂ ਵਾਰਦਾਤਾਂ ਕਰਨ ਦੇ ਸਮਰੱਥ ਦਹਿਸ਼ਤਗਰਦ ਹੋਣਗੇ। ਸਿਰਫ਼ ਇਕ ਨੌਜਵਾਨ ਉੱਪਰ ਆਪਣੇ ਮਿੱਤਰ ਦੀ ਕਥਿਤ ਹੱਤਿਆ ਕਰਨ ਦਾ ਦੋਸ਼ ਹੈ ਅਤੇ ਉਹ ਵੀ ਅਜੇ ਅਦਾਲਤ 'ਚ ਸਾਬਤ ਹੋਣਾ ਬਾਕੀ ਹੈ। ਇਸ ਤੋਂ ਬਿਨਾਂ ਇਨ੍ਹਾਂ ਨੌਜਵਾਨਾਂ ਦਾ ਨਾ ਕੋਈ ਮੁਜਰਮਾਨਾ ਪਿਛੋਕੜ ਸੀ ਅਤੇ ਨਾ ਉਨ੍ਹਾਂ ਦੇ ਸਿਖਲਾਈਸ਼ੁਦਾ ਦਹਿਸ਼ਤਗਰਦ ਹੋਣ ਦਾ ਕੋਈ ਸਬੂਤ ਹੈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਬਦੇਸ਼ਾਂ 'ਚ ਬੈਠੇ ਖ਼ਾਲਿਸਤਾਨੀ ਸੰਚਾਲਕਾਂ ਵੱਲੋਂ ਨੌਜਵਾਨਾਂ ਨੂੰ ਪੈਸੇ ਅਤੇ ਵਿਦੇਸ਼ ਭੇਜਣ ਦਾ ਲਾਲਚ ਦੇ ਕੇ ਅਜਿਹੀਆਂ ਦਹਿਸ਼ਤੀ ਵਾਰਦਾਤਾਂ ਨੂੰ ਅੰਜਾਮ ਦੇਣ ਲਈ ਭਰਤੀ ਕੀਤਾ ਜਾ ਰਿਹਾ ਹੈ। ਪੁਲਿਸ ਦੀ ਕਹਾਣੀ ਅਨੁਸਾਰ ਇਹ ਵਾਰਦਾਤਾਂ ਯੂਰਪ 'ਚ ਕੰਮ ਕਰਦੇ ਦਹਿਸ਼ਤੀ ਮੌਡਿਊਲ ਵੱਲੋਂ ਕਰਵਾਈਆਂ ਗਈਆਂ, ਜਿਸਦਾ ਸੰਚਾਲਕ ਇੰਗਲੈਂਡ ਦੀ ਫ਼ੌਜ ਵਿਚ ਨੌਕਰੀ ਕਰਦਾ ਫ਼ੌਜੀ ਜਗਜੀਤ ਸਿੰਘ ਹੈ। ਯੂ.ਕੇ. ਦੇ ਰੱਖਿਆ ਮੰਤਰਾਲੇ ਨੇ ਪੰਜਾਬ ਪੁਲਿਸ ਦੇ ਇਸ ਦਾਅਵੇ ਨੂੰ ਰੱਦ ਕੀਤਾ ਹੈ ਕਿ ਜਗਜੀਤ ਸਿੰਘ ਨਾਂ ਦਾ ਜਾਂ ਇਸ ਹੁਲੀਏ ਵਾਲਾ ਕੋਈ ਵਿਅਕਤੀ ਉਨ੍ਹਾਂ ਦੀ ਫ਼ੌਜ ਵਿਚ ਨੌਕਰੀ ਕਰਦਾ ਹੈ। ਹੁਣ ਐੱਨਆਈਏ ਦੀ ਜਾਂਚ 'ਚ ਬੱਬਰ ਖ਼ਾਲਸਾ ਇੰਟਰਨੈਸ਼ਨਲ ਦੇ ਕੁਲਵੀਰ ਸਿੰਘ ਸਿੱਧੂ ਦੀ ਭੂਮਿਕਾ ਦੱਸੀ ਜਾ ਰਹੀ ਹੈ ਕਿ ਉਸ ਦੇ ਕਹਿਣ 'ਤੇ ਹੀ ਇਹ ਤਿੰਨੋਂ ਪੰਜਾਬ ਤੋਂ ਫਰਾਰ ਹੋ ਕੇ ਪੂਰਨਪੁਰ 'ਚ ਆਏ ਸਨ। ਇਹ ਵੀ ਕਿਹਾ ਜਾ ਰਿਹਾ ਹੈ ਕਿ ਸਿੱਧੂ ਉੱਥੇ ਪੀਲੀਭੀਤ ਇਲਾਕੇ 'ਚ ਜਾਅਲੀ ਪਾਸਪੋਰਟ ਅਤੇ ਜਾਅਲੀ ਵੀਜ਼ਾ ਸਕੈਂਡਲ ਨਾਲ ਵੀ ਜੁੜਿਆ ਹੋਇਆ ਹੈ। ਸਭ ਨੂੰ ਪਤਾ ਹੈ ਕਿ ਐੱਨਆਈਏ ਕਿਸ ਦੇ ਇਸ਼ਾਰੇ 'ਤੇ ਕੰਮ ਕਰਦੀ ਹੈ। ਕਥਿਤ ਮੁਕਾਬਲੇ ਉੱਪਰ ਉੱਠ ਰਹੇ ਸਵਾਲਾਂ ਤੋਂ ਧਿਆਨ ਹਟਾਉਣ ਲਈ ਹੁਣ ਡੀਜੀਪੀ ਵੱਲੋਂ ਵਡਾਲਾ ਵਾਂਗਰ ਪੁਲਿਸ ਚੌਂਕੀ (ਗੁਰਦਾਸਪੁਰ) ਅਤੇ ਘਣੀਏ ਕੇ ਵਾਂਗਰ ਥਾਣੇ (ਬਟਾਲਾ) ਉੱਪਰ ਹੋਏ ਕਥਿਤ ਗਰਨੇਡ ਹਮਲਿਆਂ ਦੀ ਗੁੱਥੀ ਸੁਲਝਾਉਣ ਅਤੇ ਇਸ ਪਿੱਛੇ ਕੰਮ ਕਰਦੇ ਦਹਿਸ਼ਤੀ ਮੌਡਿਊਲ ਦਾ ਪਰਦਾਫਾਸ਼ ਕਰਨ ਦੇ ਨਵੇਂ 'ਖ਼ੁਲਾਸੇ' ਕੀਤੇ ਜਾ ਰਹੇ ਹਨ।

ਪੁਲਿਸ ਦੀ ਉਪਰੋਕਤ ਕਹਾਣੀ ਦਾ ਵੱਧ ਤੋਂ ਵੱਧ ਇਹੀ ਅਰਥ ਕੱਢਿਆ ਜਾ ਸਕਦਾ ਹੈ ਕਿ ਇਨ੍ਹਾਂ ਨੌਜਵਾਨਾਂ ਨੂੰ ਕਿਸੇ ਖ਼ਾਲਿਸਤਾਨੀ ਗਰੁੱਪ ਨੇ ਕਥਿਤ ਦਹਿਸ਼ਤੀ ਵਾਰਦਾਤਾਂ ਦੀ ਸਾਜ਼ਿਸ਼ ਨੂੰ ਅੰਜਾਮ ਦੇਣ ਲਈ ਵਰਤਿਆ ਹੋ ਸਕਦਾ ਹੈ। ਇਸ ਤਰ੍ਹਾਂ, ਜੇ ਇਹ ਵੀ ਮੰਨ ਲਿਆ ਜਾਵੇ ਕਿ ਉਨ੍ਹਾਂ ਨੇ ਕਿਸੇ ਖ਼ਾਲਿਸਤਾਨੀ ਗਰੁੱਪ ਦੀ ਸਾਜ਼ਿਸ਼ ਤਹਿਤ ਉਪਰੋਕਤ ਗਰਨੇਡ ਹਮਲੇ ਕੀਤੇ, ਫਿਰ ਵੀ ਪੁਲਿਸ ਵੱਲੋਂ ਉਨ੍ਹਾਂ ਨੂੰ ਮੁਕਾਬਲੇ 'ਚ ਮਾਰਨਾ ਕਿਵੇਂ ਸਹੀ ਹੈ? ਵੱਡੀ ਤਾਦਾਦ 'ਚ ਘੇਰਾ ਪਾਉਣ ਲਈ ਲਈ ਅਤਿ ਸਿਖਲਾਈਸ਼ੁਦਾ ਪੁਲਿਸ ਫੋਰਸ ਤਿੰਨ ਸਧਾਰਨ ਨੌਜਵਾਨਾਂ ਨੂੰ ਘੇਰਾ ਪਾ ਕੇ ਸਹਿਜੇ ਹੀ ਗ੍ਰਿਫ਼ਤਾਰ ਕਰ ਸਕਦੀ ਸੀ। ਚਾਹੇ ਦਹਿਸ਼ਤਵਾਦੀ ਵਾਰਦਾਤ ਹੋਵੇ ਜਾਂ ਕੋਈ ਹੋਰ ਜੁਰਮ, ਪੁਲਿਸ ਦੀ ਡਿਊਟੀ ਹੈ ਐੱਫ ਆਈ ਆਰ ਦਰਜ ਕਰਨਾ, ਉਚਿਤ ਜਾਂਚ ਰਾਹੀਂ ਸਬੂਤ ਕੱਠੇ ਕਰਕੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨਾ ਅਤੇ ਅਦਾਲਤੀ ਪ੍ਰਕਿਰਿਆ ਰਾਹੀਂ ਉਨ੍ਹਾਂ ਦਾ ਦੋਸ਼ ਸਾਬਤ ਕਰਨਾ ਅਤੇ ਅਦਾਲਤ ਕੋਲੋਂ ਦੋਸ਼ੀਆਂ ਨੂੰ ਸਜ਼ਾ ਦਿਵਾਉਣਾ। ਕਾਨੂੰਨੀ ਪ੍ਰਕਿਰਿਆ ਅਖ਼ਤਿਆਰ ਕਰਨ ਦੀ ਬਜਾਏ ਉਨ੍ਹਾਂ ਨੂੰ ਬੇਕਿਰਕੀ ਨਾਲ ਕਤਲ ਕੀਤਾ ਗਿਆ। ਕਾਨੂੰਨੀ ਪ੍ਰਕਿਰਿਆ ਰਾਹੀਂ ਜਾਂਚ ਕਰਕੇ ਅਤੇ ਸਬੂਤ ਜੁਟਾ ਕੇ ਉਨ੍ਹਾਂ ਦਾ ਦਹਿਸ਼ਤੀ ਸੰਬੰਧ ਸਾਬਤ ਕਰਨ ਦੀ ਬਜਾਏ ਡੀਜੀਪੀ ਤੇ ਹੋਰ ਪੁਲਿਸ ਅਧਿਕਾਰੀਆਂ ਵੱਲੋਂ ਖ਼ੁਦ ਹੀ ਜੱਜ ਬਣ ਕੇ ਮ੍ਰਿਤਕਾਂ ਨੂੰ ਖ਼ਾਲਿਸਤਾਨੀ ਦਹਿਸ਼ਤਗਰਦ ਐਲਾਨ ਦਿੱਤਾ ਗਿਆ ਅਤੇ ਖ਼ੁਦ ਹੀ ਜਲਾਦ ਬਣ ਕੇ ਮੌਤ ਦੀ ਸਜ਼ਾ ਵੀ ਦੇ ਦਿੱਤੀ ਗਈ। ਗੋਦੀ ਮੀਡੀਆ ਸਰਕਾਰੀ ਬਿਰਤਾਂਤ ਨੂੰ ਸਨਸਨੀਖ਼ੇਜ਼ ਰੂਪ ਦੇ ਕੇ ਗ਼ੈਰਅਦਾਲਤੀ ਕਤਲਾਂ ਦੀ 'ਢੇਰ ਕਰਨ' ਦੀ ਨੀਤੀ ਦੀ ਜੈ-ਜੈਕਾਰ ਕਰ ਰਿਹਾ ਹੈ ਅਤੇ ਜਾਣ-ਬੁੱਝ ਕੇ ਘੱਟਗਿਣਤੀ ਸਿੱਖ ਭਾਈਚਾਰੇ ਵਿਰੁੱਧ ਨਫ਼ਰਤ ਫੈਲਾ ਰਿਹਾ ਹੈ।

ਪੰਜਾਬ ਵਿਚ ਵਾਰਦਾਤਾਂ ਕਰਨ ਵਾਲਿਆਂ ਦਾ ਮੁਕਾਬਲਾ ਪੀਲੀਭੀਤ 'ਚ ਹੋਣਾ ਅਤੇ ਇਸ ਵਿਚ ਯੂ.ਪੀ. ਪੁਲਿਸ ਦਾ ਸ਼ਾਮਲ ਹੋਣਾ ਕਿਸੇ ਡੂੰਘੀ ਸਾਜ਼ਿਸ਼ ਵੱਲ ਇਸ਼ਾਰਾ ਕਰਦਾ ਹੈ। ਪੀਲੀਭੀਤ ਦਾ ਮੌਜੂਦਾ ਐੱਸ.ਪੀ. ਤਤਕਾਲੀ ਕੇਂਦਰੀ ਭਾਜਪਾਈ ਮੰਤਰੀ ਅਜੈ ਮਿਸ਼ਰਾ ਟੈਣੀ ਦਾ ਕਰੀਬੀ ਦੱਸਿਆ ਜਾ ਰਿਹਾ ਹੈ। ਇਹ ਲਖੀਮਪੁਰ ਖੀਰੀ ਦੇ ਬਿਲਕੁਲ ਨਾਲ ਲੱਗਦਾ ਇਲਾਕਾ ਹੈ ਜਿੱਥੇ ਇਤਿਹਾਸਕ ਕਿਸਾਨ ਅੰਦੋਲਨ ਸਮੇਂ ਸਤੰਬਰ 2020 'ਚ ਅਜੈ ਮਿਸ਼ਰਾ ਟੈਣੀ ਦੇ ਛੋਕਰੇ ਮੋਨੂ ਮਿਸ਼ਰਾ ਵੱਲੋਂ ਸੱਤਾ ਦੇ ਹੰਕਾਰ 'ਚ ਚਾਰ ਕਿਸਾਨਾਂ ਅਤੇ ਇਕ ਪੱਤਰਕਾਰ ਨੂੰ ਗੱਡੀ ਹੇਠ ਕੁਚਲ ਕੇ ਮਾਰ ਦਿੱਤਾ ਗਿਆ ਸੀ। ਜਦੋਂ ਇੱਥੋਂ ਦੇ ਹਜ਼ਾਰਾਂ ਕਿਸਾਨ, ਮੁੱਖ ਤੌਰ 'ਤੇ ਪੰਜਾਬੀ ਕਿਸਾਨ, 'ਨਿਆਂ ਰੈਲੀ' ਕਰਕੇ ਨਿਆਂ ਦੀ ਮੰਗ ਕਰ ਰਹੇ ਸਨ ਤਾਂ ਅਜੈ ਮਿਸ਼ਰੇ ਨੇ ਧਮਕੀ ਦਿੱਤੀ ਸੀ ਕਿ ਉਹ ਪੰਜਾਬੀ ਕਿਸਾਨਾਂ ਨੂੰ ਸਬਕ ਸਿਖਾਏਗਾ ਅਤੇ ਉੱਥੋਂ ਉਜਾੜ ਦੇਵੇਗਾ। ਕੀ ਪੰਜਾਬ ਦੇ ਕੁਝ ਨੌਜਵਾਨਾਂ ਨੂੰ ਉੱਥੇ ਲਿਜਾ ਕੇ ਮੁਕਾਬਲੇ 'ਚ ਮਾਰਨ ਅਤੇ ਮੱਦਦ ਕਰਨ ਵਾਲਿਆਂ ਦੇ ਰੂਪ 'ਚ ਕੁਝ ਸਥਾਨਕ ਪੰਜਾਬੀ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰਨ ਦਾ ਮਕਸਦ ਪੰਜਾਬੀ ਕਿਸਾਨਾਂ ਬਾਰੇ ਸ਼ੱਕ ਖੜ੍ਹੇ ਕਰਨ ਅਤੇ ਦਹਿਸ਼ਤ ਪਾਉਣ ਦੀ ਡੂੰਘੀ ਸਾਜ਼ਿਸ਼ ਤਾਂ ਨਹੀਂ ਹੈ?

ਮੁਕਾਬਲੇ ਲਈ ਚੁਣਿਆ ਸਮਾਂ ਵੀ ਧਿਆਨ ਦੇਣ ਵਾਲਾ ਹੈ। ਪੰਜਾਬ ਵਿਚ ਪਿਛਲੇ ਇਕ ਸਾਲ ਤੋਂ ਡੱਲੇਵਾਲ-ਪੰਧੇਰ ਦੀ ਅਗਵਾਈ ਵਾਲੇ ਦੋ ਕਿਸਾਨ ਫੋਰਮਾਂ ਦੇ ਸਾਂਝੇ ਅੰਦੋਲਨ ਤਹਿਤ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਵੱਲੋਂ ਰੱਖੇ ਮਰਨ ਵਰਤ ਨਾਲ ਕੇਂਦਰ ਸਰਕਾਰ ਕਸੂਤੀ ਹਾਲਤ 'ਚ ਫਸੀ ਹੋਈ ਹੈ। ਮੋਦੀ ਵਜ਼ਾਰਤ ਦੇ ਫਾਸ਼ੀਵਾਦੀ ਰਵੱਈਏ ਕਾਰਨ ਆਉਣ ਵਾਲੇ ਦਿਨਾਂ 'ਚ ਅੰਦੋਲਨ ਦੇ ਤਿੱਖਾ ਹੋਣ ਦੇ ਆਸਾਰ ਹਨ। ਤਰਾਈ ਖੇਤਰ (ਪੱਛਮੀ ਉੱਤਰ ਪ੍ਰਦੇਸ਼) ਦੇ ਪੰਜਾਬੀ ਕਿਸਾਨ ਪਹਿਲੇ ਕਿਸਾਨ ਅੰਦੋਲਨ 'ਚ ਨਿਭਾਈ ਸਰਗਰਮ ਭੂਮਿਕਾ ਕਾਰਨ ਭਗਵਾ ਹਕੂਮਤ ਨੂੰ ਪਹਿਲਾਂ ਹੀ ਬਹੁਤ ਚੁਭਦੇ ਹਨ। ਅਜੈ ਮਿਸ਼ਰੇ ਨੂੰ ਲਖੀਮਪੁਰ ਖੀਰੀ ਕਤਲ ਕਾਂਡ ਲਈ ਗ੍ਰਿਫ਼ਤਾਰ ਕਰਾਉਣ ਦਾ ਮੁੱਦਾ ਕਿਸਾਨ ਅੰਦੋਲਨ ਦਾ ਵੱਡਾ ਮੁੱਦਾ ਚਲਿਆ ਆ ਰਿਹਾ ਹੈ। ਇਸ ਤੋਂ ਇਲਾਵਾ, ਭਾਜਪਾ ਹਕੂਮਤ ਦੀ ਅੱਖ ਪੰਜਾਬੀ ਕਿਸਾਨਾਂ ਵੱਲੋਂ ਲਹੂ-ਪਸੀਨਾ ਵਹਾ ਕੇ ਅਤੇ ਜੰਗਲ-ਬੇਲੇ ਸਾਫ਼ ਕਰਕੇ ਆਬਾਦ ਕੀਤੀ ਤਰਾਈ ਦੀ ਵਡਮੁੱਲੀ ਜ਼ਮੀਨ ਉੱਪਰ ਵੀ ਹੈ। ਇਹ ਸੰਭਵ ਹੈ ਕਿ ਕਿਸਾਨਾਂ ਨੂੰ ਅੰਦੋਲਨ 'ਚ ਸ਼ਾਮਲ ਹੋਣ ਤੋਂ ਰੋਕਣ ਲਈ ਉੱਥੇ ਖ਼ਾਲਿਸਤਾਨੀਆਂ ਦੇ ਪਨਾਹ ਲੈਣ ਦਾ ਮੁੱਦਾ ਖੜ੍ਹਾ ਕੀਤਾ ਗਿਆ ਹੋਵੇ। ਇਸ ਝੂਠੇ ਬਿਰਤਾਂਤ ਰਾਹੀਂ ਪੰਜਾਬੀਆਂ ਨੂੰ ਬਦਨਾਮ ਕਰਨ ਅਤੇ ਮੱਦਦ ਕਰਨ ਦੇ ਨਾਂ ਹੇਠ ਗ੍ਰਿਫ਼ਤਾਰੀਆਂ ਕਰਕੇ ਦਹਿਸ਼ਤ ਪਾਉਣ ਦੀ ਯੋਜਨਾ ਹੋਵੇ। ਜ਼ਿਆਦਾ ਸੰਭਾਵਨਾ ਤਾਂ ਇਹ ਜਾਪਦੀ ਹੈ ਕਿ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ 'ਚ ਕਾਰਜਸ਼ੀਲ ਖ਼ੁਫ਼ੀਆ ਏਜੰਸੀਆਂ ਦੇ ਏਜੰਟਾਂ ਵੱਲੋਂ ਉਪਰੋਕਤ ਸਧਾਰਨ ਨੌਜਵਾਨਾਂ ਨੂੰ ਵਰਗਲਾ ਕੇ ਬੰਦ ਪਈ ਪੁਲਿਸ ਚੌਂਕੀ ਉੱਪਰ ਹਮਲੇ ਦਾ ਨਾਟਕ ਕਰਵਾਇਆ ਗਿਆ ਅਤੇ ਫਿਰ ਪੁਲਿਸ ਵੱਲੋਂ ਦੋਸ਼ੀਆਂ ਦੀ ਭਾਲ ਕਰਨ ਦਾ ਡਰ ਦਿਖਾ ਕੇ ਉਨ੍ਹਾਂ ਨੂੰ ਪੀਲੀਭੀਤ ਪਹੁੰਚਾ ਕੇ ਹੋਟਲ 'ਚ ਲਿਜਾਇਆ ਗਿਆ ਹੋਵੇਗਾ। ਜਿੱਥੇ ਫਿਰ ਉਨ੍ਹਾਂ ਦਾ ਮੁਕਾਬਲਾ ਬਣਾ ਦਿੱਤਾ ਗਿਆ।

ਖ਼ਾਲਿਸਤਾਨ ਲਈ ਕਿਸੇ ਹਥਿਆਰਬੰਦ ਲਹਿਰ ਦੀ ਅਣਹੋਂਦ ਦੇ ਹਾਲਾਤ 'ਚ ਖ਼ਾਲਿਸਤਾਨੀ ਵਾਰਦਾਤਾਂ ਅਤੇ ਮੁਕਾਬਲਿਆਂ ਦਾ ਹਾਲੀਆ ਘਟਨਾਕ੍ਰਮ ਡੂੰਘੀ ਘੋਖ-ਪੜਤਾਲ ਦੀ ਮੰਗ ਕਰਦਾ ਹੈ। ਇਹ ਸਮਝਣਾ ਮੁਸ਼ਕਲ ਨਹੀਂ ਹੈ ਕਿ ਖ਼ਾਲਿਸਤਾਨੀ ਕਾਰਵਾਈਆਂ ਦੀਆਂ ਕਹਾਣੀਆਂ ਜਾਣ-ਬੁੱਝ ਕੇ ਵਧਾ-ਚੜ੍ਹਾ ਕੇ ਪੇਸ਼ ਕਰਨ ਦੇ ਪਿੱਛੇ ਹੁਕਮਰਾਨਾਂ ਅਤੇ ਪੁਲਿਸ ਅਧਿਕਾਰੀਆਂ ਦੋਹਾਂ ਦੇ ਹਿਤ ਹਨ। ਸਰਕਾਰਾਂ ਖ਼ਾਲਿਸਤਾਨ ਦੇ ਹਊਏ ਦੀ ਵਰਤੋਂ ਆਵਾਮ ਦਾ ਧਿਆਨ ਅਸਲ ਮੁੱਦਿਆਂ ਤੋਂ ਹਟਾਉਣ ਅਤੇ ਦਹਿਸ਼ਤਵਾਦ ਦੇ ਨਾਂ ਹੇਠ ਪੁਲਿਸ ਰਾਜ ਦੇ ਹਾਲਾਤ (ਵਿਸ਼ੇਸ਼ ਅਧਿਕਾਰਾਂ ਤਹਿਤ ਮਨਮਾਨੀਆਂ ਦੀ ਖੁੱਲ੍ਹ) ਬਣਾਈ ਰੱਖਣ ਲਈ ਕਰਦੀਆਂ ਹਨ। ਪੁਲਿਸ ਨੂੰ ਦਹਿਸ਼ਤਵਾਦ ਦੇ ਬਹਾਨੇ ਆਪਣੀ ਦਹਿਸ਼ਤ ਪਾਉਣ ਅਤੇ ਤਰੱਕੀਆਂ ਤੇ ਸਨਮਾਨ ਲੈਣ ਦੀ ਲਾਲਸਾ ਪੂਰੀ ਕਰਨ ਦਾ ਖੁੱਲ੍ਹਾ ਮੌਕਾ ਮਿਲਦਾ ਹੈ। ਦਹਿਸ਼ਤਵਾਦ ਨਾਲ ਨਜਿੱਠਣ ਦੇ ਨਾਂ ਹੇਠ ਬਣਾਏ ਗਏ ਵਿਸ਼ੇਸ਼ ਕਾਨੂੰਨ ਸੰਵਿਧਾਨ ਵਿਚ ਗਾਰੰਟੀ ਦਿੱਤੇ ਮੌਲਿਕ ਹੱਕਾਂ ਨੂੰ ਖ਼ਾਰਜ ਕਰਦੇ ਹਨ। ਪੁਲਿਸ-ਫ਼ੌਜ ਦੇ ਅਧਿਕਾਰੀ ਬੇਖ਼ੌਫ਼ ਹੋ ਕੇ ਹਕੂਮਤ ਦੇ ਇਸ਼ਾਰੇ 'ਤੇ ਗ਼ੈਰਅਦਾਲਤੀ ਕਤਲਾਂ ਨੂੰ ਅੰਜਾਮ ਦਿੰਦੇ ਹਨ ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਵਿਸ਼ੇਸ਼ ਕਾਨੂੰਨਾਂ ਕਾਰਨ ਉਨ੍ਹਾਂ ਵਿਰੁੱਧ ਕਾਨੂੰਨੀ ਕਾਰਵਾਈ ਸਰਕਾਰ ਦੀ ਮਨਜ਼ੂਰੀ ਨਾਲ ਹੀ ਹੋਵੇਗੀ। ਇਹ ਸਾਂਝੇ ਹਿਤ ਹੀ ਮੁਲਜ਼ਮਾਂ ਦਾ ਦੋਸ਼ ਸਾਬਤ ਕਰਨ ਲਈ ਬਣਾਈ ਕਾਨੂੰਨੀ ਪ੍ਰਕਿਰਿਆ ਨੂੰ ਟਿੱਚ ਸਮਝਣ ਅਤੇ ਕਿਸੇ ਨੂੰ ਵੀ ਚੁੱਕ ਕੇ ਮੁਕਾਬਲੇ 'ਚ ਮਾਰ ਦੇਣ ਦਾ ਰਾਹ ਖੋਲ੍ਹਦੇ ਹਨ।

ਜਿੱਥੋਂ ਤੱਕ ਮੁਕਾਬਲੇ ਦੀ ਮੈਜਿਸਟ੍ਰੇਟੀ ਜਾਂਚ ਦਾ ਸਵਾਲ ਹੈ, ਇਹ ਲੋਕਾਂ ਦੀਆਂ ਅੱਖਾਂ 'ਚ ਘੱਟਾ ਪਾਉਣ ਦੇ ਸਰਕਾਰੀ ਨਾਟਕ ਤੋਂ ਸਿਵਾਏ ਕੁਝ ਨਹੀਂ ਹੈ। ਨਿਰਪੱਖ ਜੁਡੀਸ਼ੀਅਲ ਜਾਂਚ ਹੀ ਕਥਿਤ ਮੁਕਾਬਲਿਆਂ ਦਾ ਸੱਚ ਸਾਹਮਣੇ ਲਿਆ ਸਕਦੀ ਹੈ, ਜੋ ਹੁਕਮਰਾਨ ਹੋਣ ਨਹੀਂ ਦਿੰਦੇ। ਨਿਸ਼ਚੇ ਹੀ, ਦਹਿਸ਼ਤਵਾਦ ਦਾ ਸਭ ਤੋਂ ਵੱਡਾ ਸਰੋਤ ਖ਼ੁਦ ਭਾਰਤੀ ਰਾਜ ਹੈ। ਬਸਤਰ ਵਿਚ ਇਕ ਸਾਲ 'ਚ 220 ਮਾਓਵਾਦੀਆਂ ਦੇ ਮੁਕਾਬਲਿਆਂ 'ਚ ਮਾਰੇ ਜਾਣ 'ਤੇ ਉੱਠ ਰਹੇ ਸਵਾਲ, ਨਕਸਲੀਆਂ ਦੇ ਮੁਕਾਬਲਿਆਂ ਦੇ ਜਸ਼ਨ ਮਨਾਉਣ ਦੀ ਭਗਵਾ ਸਿਆਸਤ, ਪੰਜਾਬ ਵਿਚ 1980-90ਵਿਆਂ 'ਚ ਬਣਾਏ ਦਹਿ-ਹਜ਼ਾਰਾਂ ਝੂਠੇ ਮੁਕਾਬਲੇ ਅਤੇ ਸੀ.ਬੀ.ਆਈ. ਦੀ ਜਾਂਚ 'ਚ 70 ਮੁਕਾਬਲੇ ਝੂਠੇ ਸਾਬਤ ਹੋਣ 'ਤੇ ਦਰਜ ਕੀਤੇ ਗਏ ਮੁਕੱਦਮੇ ਅਤੇ ਉਨ੍ਹਾਂ ਕੁਝ 'ਮੁਕਾਬਲਿਆਂ' 'ਚ ਪੁਲਿਸ ਅਧਿਕਾਰੀਆਂ ਨੂੰ ਅਦਾਲਤਾਂ ਵੱਲੋਂ ਦਿੱਤੀਆਂ ਜਾ ਰਹੀਆਂ ਸਜ਼ਾਵਾਂ, ਮਨੀਪੁਰ 'ਚ 1528 ਮੁਕਾਬਲਿਆਂ ਦੀ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਚੱਲ ਰਹੀ ਜਾਂਚ, ਜੰਮੂ-ਕਸ਼ਮੀਰ 'ਚ 'ਲਾਪਤਾ' ਕਰਨ ਅਤੇ ਕਥਿਤ ਮੁਕਾਬਲਿਆਂ ਦਾ ਦਹਾਕਿਆਂ ਤੋਂ ਚਲਿਆ ਆ ਰਿਹਾ ਸਿਲਸਿਲਾ, ਯੂਪੀ ਅਤੇ ਹੋਰ ਥਾਈਂ ਭਾਜਪਾ ਦਾ 'ਐਨਕਾਊਂਟਰ ਰਾਜ', ਇਹ ਸਭ ਸਟੇਟ ਵੱਲੋਂ ਦਹਿਸ਼ਤਵਾਦ ਨਾਲ ਲੜਨ ਦੇ ਬਹਾਨੇ ਹਥਿਆਈਆਂ ਖ਼ੂੰਖ਼ਾਰ ਤਾਕਤਾਂ ਅਤੇ ਪੁਲਿਸ ਤੇ ਹੋਰ ਸਰਕਾਰੀ ਲਸ਼ਕਰਾਂ ਨੂੰ ਸਮੇਂ ਦੀਆਂ ਸਰਕਾਰਾਂ ਵੱਲੋਂ ਆਪਣੇ ਰਾਜਨੀਤਕ ਮੁਫ਼ਾਦਾਂ ਦੇ ਸੰਦ ਬਣਾ ਕੇ ਵਰਤਣ ਦਾ ਮੂੰਹ ਬੋਲਦਾ ਸਬੂਤ ਹੈ।

ਹਰ ਇਨਸਾਫ਼ਪਸੰਦ ਇਨਸਾਨ ਨੂੰ ਇਨ੍ਹਾਂ ਗ਼ੈਰਅਦਾਲਤੀ ਕਤਲਾਂ 'ਚ ਸਮੋਏ ਭਵਿੱਖੀ ਖ਼ਤਰਿਆਂ ਨੂੰ ਸਮਝਣਾ ਚਾਹੀਦਾ ਹੈ। ਭਾਰਤੀ ਰਾਜ, ਯੂਰਪੀ ਫਾਸ਼ੀਵਾਦੀ ਰਾਜਾਂ ਦੇ ਨਕਸ਼ੇ-ਕਦਮਾਂ 'ਤੇ ਚੱਲਣ ਦੇ ਸਪਸ਼ਟ ਸੰਕੇਤ ਦੇ ਰਿਹਾ ਹੈ।

# ਮੱਖਣ ਸਿੰਘ ਬੈਂਸ ਤੇ ਰਵਿੰਦਰ ਸਿੰਘ ਵਲੋਂ
## ਸਮੂਹ ਗਾਹਕਾਂ ਤੇ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ

# ਨਵੇਂ ਸਾਲ ਦੀ ਲੱਖ ਲੱਖ ਵਧਾਈ


ਮਖਣ ਸਿਘ ਬਸ ਤ ਰਵਿਦਰ ਸਿਘ

**Raja™ SWEETS & CATERING®**
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

**Fresh Sweets, Snacks & Food**
Catering with Portable Tandoor for up to 10000 guests
Lunch - Dinner - Take Out - Banquets

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

**Services Include**
- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including
  table cloth, napkins, chairs etc.

**Paradise Ballrooms**
4100 Peralta Blvd. Fremont, CA 94536
(510) 900-6319
info@paradiseballrooms.com
www.paradiseballrooms.com

# A & I Transport Inc.


123 E Lee Rd Watsonville, CA Ph: 831-763-7805

## ਗਾਖਲ ਭਰਾਵਾਂ ਵਲੋਂ ਪੰਜਾਬ ਟਾਈਮਜ਼ ਦੇ ਪਾਠਕਾਂ, ਸਮੂਹ ਪੰਜਾਬੀ ਭਾਈਚਾਰੇ ਤੇ ਟਰੱਕਰ ਭਰਾਵਾਂ ਨੂੰ


## ਨਵੇਂ ਵਰ੍ਹੇ 2025 ਦੀ

# ਲੱਖ ਲੱਖ ਵਧਾਈ


**ਵਾਹਿਗੁਰੂ ਅੱਗੇ ਅਰਦਾਸ ਹੈ, ਨਵਾਂ ਸਾਲ ਸਭਨਾਂ ਲਈ ਖੁਸ਼ੀਆਂ-ਖੇੜਿਆਂ ਤੇ ਅਮਨ ਭਰਿਆ ਰਹੇ**



ਅਮੋਲਕ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ



ਇਕਬਾਲ ਸਿੰਘ ਗਾਖਲ

ਹੋਰ ਜਾਣਕਾਰੀ ਲਈ ਸੰਪਰਕ ਕਰੋ

**ਫੋਨ: 831-763-7805**

Fax: 831-724-2010, e-mail: aa@aitruckingllc.com

ਗਾਖਲ ਭਰਾਵਾਂ ਦੀ ਕੰਪਨੀ

**ਏ. ਐਂਡ ਆਈ. ਟਰਾਂਸਪੋਰਟ**

ਵਾਟਸਨਵਿਲ, ਕੈਲੀਫੋਰਨੀਆ

*11 ਵੈਸਟਰਨ ਸਟੇਟਾਂ ਅਤੇ ਲੋਕਲ (ਕੈਲੀਫੋਰਨੀਆ) ਵਾਸਤੇ*

**ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ**

- ਅਸੀਂ 1990 ਤੋਂ ਕੁਆਲਿਟੀ ਸੇਵਾਵਾਂ ਦੇ ਰਹੇ ਹਾਂ
- 28 ਸਾਲਾਂ ਤੋਂ ਸਮੇਂ ਸਿਰ ਪੇਮੈਂਟ

**Weekly Pay Roll**



# ਟੋਡਰ ਮੱਲ ਦੀ ਹਵੇਲੀ ਦੀ ਦਾਸਤਾਨ

***ਮੁ਼ਗਲ ਕਾਲ ਵਿਚ ਇਹ ਹਵੇਲੀ ਵਜ਼ੀਰ ਖਾਨ ਦੇ ਮਹਿਲ ਦੇ ਸਾਹਮਣੇ ਸੀ। ਟੋਡਰ ਮਲ ਦੀ ਹਵੇਲੀ ਨਾਨਕਸ਼ਾਹੀ ਜਾਂ ਸਰਹਿੰਦੀ ਇੱਟਾਂ ਨਾਲ ਬਣੀ ਹੈ। ਹਵੇਲੀ ਕੰਪਲੈਕਸ ਕਈ ਫੁਆਰਿਆਂ ਤੇ ਤਲਾਬ ਨਾਲ ਸਜਿਆ ਹੈ। ਹਰ ਢਾਂਚਾ ਇਸ ਮਹਿਲ ਦੀ ਵਾਸਤੂਕਲਾ ਦੀ ਚਮਕ ਨੂੰ ਬਾਖੂਬੀ ਦਰਸਾਉਂਦਾ ਹੈ। ਮਹਿਮਾਨਾਂ ਦੇ ਸਵਾਗਤ ਤੇ ਲੋਕਾਂ ਨੂੰ ਮਿਲਣ ਲਈ ਵਿਸ਼ਾਲ ਸਵਾਗਤੀ ਖੇਤਰ ਵੀ ਬਣਾਇਆ ਗਿਆ ਹੈ। ਹੁਣ ਇਸ ਦੇ ਕਾਇਆ ਕਲਪ ਦਾ ਕੰਮ ਚੱਲ ਰਿਹਾ ਹੈ।***

ਫ਼ਤਹਿਗੜ੍ਹ ਸਾਹਿਬ ਸਰਹਿੰਦ ਦੀਆਂ ਲਹੂ ਭਿੱਜੀਆਂ ਨੀਂਹਾਂ ਦਾ ਇਤਿਹਾਸ ਦੀਵਾਨ ਟੋਡਰ ਮੱਲ ਜੈਨ ਦੇ ਤਿਆਗ ਨੂੰ ਸਮੋਅ ਕੇ ਬੈਠਾ ਹੈ। ਓਸਵਾਲ ਜੈਨ ਭਾਈਚਾਰੇ ਨਾਲ ਸਬੰਧ ਰੱਖਣ ਵਾਲੇ ਟੋਡਰ ਮਲ ਇਕ ਸਾਧਨ ਸੰਪੰਨ ਵਪਾਰੀ, ਵਿਦਵਾਨ ਤੇ ਮੁਗਲ ਸ਼ਾਸਨ ਵਿਚ ਉੱਚ ਅਧਿਕਾਰੀ ਸਨ। ਫੂਲਕੀਆਂ ਗਜ਼ਟੀਅਰ ਮੁਤਾਬਕ ਦੀਵਾਨ ਟੋਡਰ ਮਲ ਪਟਿਆਲਾ ਲਾਗੇ ਸਮਾਣਾ ਦੇ ਪਿੰਡ ਕਾਕੜਾ ਦੇ ਵਸਨੀਕ ਸਨ। ਉਹ ਮੁਗ਼ਲ ਰਾਜ ਦੌਰਾਨ ਜ਼ਮੀਨ ਤੇ ਮਾਲੀਏ ਦਾ ਕੰਮ ਦੇਖਦੇ ਸਨ।

ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਤੋਂ ਬਾਅਦ ਦੀਵਾਨ ਟੋਡਰ ਮਲ ਦੇ ਸਾਹਮਣੇ ਦੋ ਬਦਲ ਸਨ- ਇਨਸਾਨੀਅਤ ਅਤੇ ਗੁਰੂ ਸਾਹਿਬ ਪ੍ਰਤੀ ਸਮਰਪਣ ਜਾਂ ਪ੍ਰਸ਼ਾਸਨਕ ਦਬਦਬੇ ਨਾਲ ਐਸ਼ ਵਾਲੀ ਜ਼ਿੰਦਗੀ ਜਿਊਣੀ। ਉਨ੍ਹਾਂ ਨੇ ਤਿਆਗ਼ ਦਾ ਰਾਹ ਚੁਣਿਆ। ਛੋਟੇ ਸਾਹਿਬਜ਼ਾਦਿਆਂ ਬਾਬਾ ਫ਼ਤਹਿ ਸਿੰਘ ਤੇ ਬਾਬਾ ਜ਼ੋਰਾਵਰ ਸਿੰਘ 'ਤੇ ਧਰਮ ਬਦਲਣ ਦੇ ਦਬਾਅ ਦਾ ਉਨ੍ਹਾਂ ਨੇ ਵਿਰੋਧ ਕੀਤਾ ਸੀ। ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਦੀ ਸ਼ਹਾਦਤ ਤੋਂ ਬਾਅਦ ਉਨ੍ਹਾਂ ਦੀਆਂ ਦੇਹਾਂ ਸਰਹਿੰਦ ਕਿਲ੍ਹੇ ਦੇ ਪਿੱਛੇ ਮੈਦਾਨ ਵਿਚ ਰੱਖ ਦਿੱਤੀਆਂ ਗਈਆਂ ਸਨ। ਸੂਬਾ ਸਰਹਿੰਦ ਦੇ ਗਵਰਨਰ ਵਜ਼ੀਰ ਖ਼ਾਨ ਨੇ ਮੁਗਲ ਧਰਤੀ 'ਤੇ ਸਸਕਾਰ ਨਾ ਕਰਨ ਦਾ ਹੁਕਮ ਜਾਰੀ ਕੀਤਾ ਸੀ। ਇਸ ਕਾਰਨ ਕੋਈ ਵੀ ਜ਼ਿਮੀਦਾਰ ਸਸਕਾਰ ਲਈ ਥਾਂ ਦੇਣ ਲਈ ਤਿਆਰ ਨਹੀਂ ਸੀ। ਮਾਤਾ ਚਕਰੇਸ਼ਵਰੀ ਦੇਵੀ ਦੇ ਭਗਤ ਦੀਵਾਨ ਟੋਡਰ ਮਲ ਇਸ ਸਲੂਕ ਨੂੰ ਸਹਿਣ ਨਾ ਕਰ ਸਕੇ। ਉਨ੍ਹਾਂ ਨੇ ਬਿਨਾਂ ਡਰ ਤੋਂ ਵਜ਼ੀਰ ਖ਼ਾਨ ਤੋਂ ਦੇਹਾਂ ਦੇ ਸਸਕਾਰ ਦੀ ਮੰਗ ਕੀਤੀ।

ਵਜ਼ੀਰ ਖ਼ਾਨ ਨੇ ਸ਼ਰਤ ਰੱਖੀ ਕਿ ਜਿੰਨੀ ਜ਼ਮੀਨ 'ਤੇ ਸੋਨੇ ਦੀਆਂ ਮੋਹਰਾਂ ਖੜ੍ਹੀਆਂ ਕਰ ਸਕੋਗੇ, ਓਨੀਂ ਜ਼ਮੀਨ ਸਸਕਾਰ ਲਈ ਮਿਲ ਜਾਵੇਗੀ। ਚੌਧਰੀ ਅੱਤਾ ਇਸ ਕੀਮਤ 'ਤੇ ਆਪਣੀ ਜ਼ਮੀਨ ਦਾ ਟੁੱਕੜਾ ਦੇਣ ਨੂੰ ਤਿਆਰ ਹੋ ਗਏ। ਦੀਵਾਨ ਟੋਡਰ ਮਲ ਨੇ ਸੋਨੇ ਦੀਆਂ 78,000 ਮੋਹਰਾਂ ਖੜ੍ਹੀਆਂ ਕਰ ਕੇ ਸਸਕਾਰ ਲਈ ਚਾਰ ਵਰਗਮੀਟਰ ਜ਼ਮੀਨ ਖ਼ਰੀਦ ਲਈ।



ਮੁ਼ਗਲ ਕਾਲ ਵਿਚ ਸੋਨੇ ਦੇ ਜਿਹੜੇ ਸਿੱਕੇ ਪ੍ਰਚੱਲਤ ਸਨ, ਉਨ੍ਹਾਂ ਦਾ ਆਕਾਰ ਕਰੀਬ ਤਿੰਨ ਸੈਂਟੀਮੀਟਰ ਸੀ। ਇਹ (3 ਗੁਣਾ 3) 9 ਸੈਂਟੀਮੀਟਰ ਵਰਗ ਦੀ ਥਾਂ ਘੇਰਦਾ ਹੈ। ਸ਼ਹੀਦ ਸਾਹਿਬਜ਼ਾਦਿਆਂ ਦੇ ਸਸਕਾਰ ਲਈ ਲੋੜੀਂਦੀ ਜ਼ਮੀਨ ਲਗਭਗ 2 ਗੁਣਾ 2 ਮੀਟਰ ਹੋਵੇਗੀ। ਕੁਲ ਖੇਤਰਫਲ 40,000 ਵਰਗ ਸੈਂਟੀਮੀਟਰ ਯਾਨੀ ਚਾਰ ਵਰਗ ਮੀਟਰ ਹੋਵੇਗਾ, ਜੇ ਉਨ੍ਹਾਂ ਨੂੰ ਇਕ-ਦੂਸਰੇ ਦੇ ਬਗਲ ਵਿਚ ਰੱਖਿਆ ਜਾਵੇ। ਇਸ ਵਿਚ ਮਾਤਾ ਜੀ ਲਈ ਜ਼ਰੂਰੀ ਖੇਤਰ (2 ਗੁਣਾ 1.5 ਮੀਟਰ) ਜੋੜੇ ਸਨ।

ਜੇ ਸਿੱਕਿਆਂ ਨੂੰ ਸਿੱਧਾ ਕਰ ਕੇ ਰੱਖਿਆ ਜਾਵੇ ਤਾਂ ਇਸ ਥਾਂ ਨੂੰ ਕਵਰ ਕਰਨ ਲਈ ਕਰੀਬ 7800 ਸੋਨੇ ਦੇ ਸਿੱਕਿਆਂ ਦੀ ਜ਼ਰੂਰਤ ਪਵੇਗੀ। ਯਾਨੀ ਸੋਨੇ ਦੇ 78,000 ਸਿੱਕੇ। ਇਸ ਰਕਮ ਨੂੰ ਇਕੱਠੀ ਕਰਨ ਲਈ ਦੀਵਾਨ ਟੋਡਰ ਮਲ ਨੇ ਆਪਣੀ ਪੂਰੀ ਜਾਇਦਾਦ ਦਾਅ 'ਤੇ ਲਗਾ ਦਿੱਤੀ। ਸਸਕਾਰ ਤੋਂ ਬਾਅਦ ਦੇਹਾਂ ਦੇ ਫੁਲ ਚੁੱਗ ਕੇ ਇਕ ਗਾਗਰ ਵਿਚ ਭਰ ਕੇ ਉਸੇ ਜ਼ਮੀਨ ਵਿਚ ਦਫਨਾ ਦਿੱਤਾ ਗਿਆ। ਇਹ ਅਸਥਾਨ ਹੁਣ ਗੁਰਦੁਆਰਾ ਜੋਤੀ ਸਰੂਪ ਦੇ ਰੂਪ ਵਿਚ ਜਾਣਿਆ ਜਾਂਦਾ ਹੈ।

ਸਾਹਿਬਜ਼ਾਦਿਆਂ ਤੇ ਮਾਤਾ ਗੁੱਜਰੀ ਜੀ ਦੇ ਸਸਕਾਰ ਤੋਂ ਬਾਅਦ ਦੀਵਾਨ ਟੋਡਰ ਮਲ ਤੇ ਉਨ੍ਹਾਂ ਦੇ ਪਰਿਵਾਰ ਦਾ ਕੀ ਹੋਇਆ, ਇਸ ਬਾਰੇ ਇਤਿਹਾਸਕਾਰ ਇਕਮਤ ਨਹੀਂ ਹਨ। ਕੁਝ ਦਾ ਕਹਿਣਾ ਹੈ ਕਿ ਦੀਵਾਨ ਟੋਡਰ ਮਲ ਜੈਨ ਮੁ਼ਗਲ ਸ਼ਾਸਨ ਦੇ ਗੁੱਸੇ ਦਾ ਸ਼ਿਕਾਰ ਬਣੇ ਤੇ ਪਰਿਵਾਰ ਨਾਲ ਅਣਪਛਾਤੀ ਜਗ੍ਹਾ ਚਲੇ ਗਏ ਤੇ ਗੁਮਨਾਮੀ 'ਚ ਗੁਆਚ ਗਏ। ਕੁਝ ਇਤਿਹਾਸਕਾਰ ਦਾਅਵਾ ਕਰਦੇ ਹਨ ਕਿ ਦੀਵਾਨ ਟੋਡਰ ਮਲ ਨੇ ਲੁਧਿਆਣੇ 'ਚ ਸ਼ਰਨ ਲਈ ਤੇ ਗੁਮਨਾਮੀ ਦਾ ਜੀਵਨ ਬਤੀਤ ਕਰਨ ਲੱਗੇ।

ਦੀਵਾਨ ਟੋਡਰ ਮਲ ਦੇ ਨਿਵਾਸ ਨੂੰ ਜਹਾਜ਼ ਹਵੇਲੀ ਜਾਂ ਜਹਾਜ਼ੀ ਹਵੇਲੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਹਵੇਲੀ ਨੂੰ ਇਹ ਨਾਂ ਉਸ ਦੇ ਜਹਾਜ਼ ਵਰਗੇ ਆਕਾਰ ਦੀ ਵਜ੍ਹਾ ਨਾਲ ਮਿਲਿਆ, ਜਿਸ ਨੂੰ 17ਵੀਂ ਸ਼ਤਾਬਦੀ 'ਚ ਹਰਨਾਮ ਨਗਰ 'ਚ ਬਣਾਇਆ ਗਿਆ ਸੀ। ਇਹ ਹਵੇਲੀ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਤੋਂ ਕਰੀਬ ਇਕ ਕਿਲੋਮੀਟਰ ਦੂਰ ਸਰਹਿੰਦ-ਰੋਪੜ ਰੇਲ ਲਾਈਨ ਤੋਂ ਪਹਿਲਾਂ ਸਥਿਤ ਹੈ

ਮੁ਼ਗਲ ਕਾਲ ਵਿਚ ਇਹ ਹਵੇਲੀ ਵਜ਼ੀਰ ਖਾਨ ਦੇ ਮਹਿਲ ਦੇ ਸਾਹਮਣੇ ਸੀ। ਟੋਡਰ ਮਲ ਦੀ ਹਵੇਲੀ ਨਾਨਕਸ਼ਾਹੀ ਜਾਂ ਸਰਹਿੰਦੀ ਇੱਟਾਂ ਨਾਲ ਬਣੀ ਹੈ। ਹਵੇਲੀ ਕੰਪਲੈਕਸ ਕਈ ਫੁਆਰਿਆਂ ਤੇ ਤਲਾਬ ਨਾਲ ਸਜਿਆ ਹੈ। ਹਰ ਢਾਂਚਾ ਇਸ ਮਹਿਲ ਦੀ ਵਾਸਤੂਕਲਾ ਦੀ ਚਮਕ ਨੂੰ ਬਾਖੂਬੀ ਦਰਸਾਉਂਦਾ ਹੈ। ਮਹਿਮਾਨਾਂ ਦੇ ਸਵਾਗਤ ਤੇ ਲੋਕਾਂ ਨੂੰ ਮਿਲਣ ਲਈ ਵਿਸ਼ਾਲ ਸਵਾਗਤੀ ਖੇਤਰ ਵੀ ਬਣਾਇਆ ਗਿਆ ਹੈ। ਹੁਣ ਇਸ ਦੇ ਕਾਇਆ ਕਲਪ ਦਾ ਕੰਮ ਚੱਲ ਰਿਹਾ ਹੈ।

ਮਾਹਿਰਾਂ ਮੁਤਾਬਕ ਇਹ ਜਹਾਜ਼ੀ ਹਵੇਲੀ ਵਾਸਤੂਕਲਾ ਦਾ ਅਨੂਠਾ ਨਮੂਨਾ ਹੈ। ਜਹਾਜ਼ੀ ਹਵੇਲੀ ਦੀ ਇਤਿਹਾਸਕ ਮਹੱਤਤਾ ਹੋਣ ਕਾਰਨ ਕੁਝ ਸਮਾਂ ਪਹਿਲਾਂ ਇਸ ਦੀ ਸੰਭਾਲ ਕਰਨ ਲਈ ਮੰਗ ਕੀਤੀ ਗਈ ਸੀ। ਇਸ ਦੇ ਮੱਦੇਨਜ਼ਰ ਕਾਫ਼ੀ ਹੱਦ ਤੱਕ ਯਤਨ ਸ਼ੁਰੂ ਕੀਤੇ ਗਏ ਹਨ। ਸਿੱਖ ਸੰਗਤ ਦੇ ਹਿਰਦੇ ਵਿਚ ਵੀ ਦੀਵਾਨ ਟੋਡਰ ਮਲ ਦੇ ਤਿਆਗ ਤੇ ਗੁਰੂ ਘਰ ਪ੍ਰਤੀ ਅਨਿੰਨ ਪ੍ਰੇਮ ਸਦਕਾ ਉਨ੍ਹਾਂ ਦੀਆਂ ਨਿਸ਼ਾਨੀਆਂ ਨਾਲ ਮੋਹ ਹੈ। ਉਂਝ ਵੀ ਇਤਿਹਾਸਕ ਨਜ਼ਰੀਏ ਤੋਂ ਵੀ ਦੀਵਾਨ ਟੋਡਰ ਮਲ ਜੀ ਨਾਲ ਜੁੜੀਆਂ ਨਿਸ਼ਾਨੀਆਂ ਦੀ ਸਦੀਵੀ ਸੰਭਾਲ ਦੀ ਮੰਗ ਜਾਇਜ਼ ਹੈ। ਕਾਫ਼ੀ ਸਮੇਂ ਤੋਂ ਸਿੱਖ ਸੰਗਤ ਤੇ ਹੋਰ ਸ਼ਰਧਾਲੂ ਇਸ ਜਗ੍ਹਾ 'ਤੇ ਪੁੱਜਦੇ ਆ ਰਹੇ ਹਨ।





# ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨਹੀਂ ਰਹੇ

## ਸਰਕਾਰੀ ਸਨਮਾਨਾਂ ਨਾਲ ਅੰਤਿਮ ਸੰਸਕਾਰ

**ਨਵੀਂ ਦਿੱਲੀ :** ਸਾਬਕਾ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਦਾ ਵੀਰਵਾਰ ਰਾਤ ਨੂੰ ਦੇਹਾਂਤ ਹੋ ਗਿਆ। ਉਨ੍ਹਾਂ ਦਾ ਅੰਤਿਮ ਸੰਸਕਾਰ ਸ਼ਨੀਵਾਰ ਸਵੇਰੇ ਦਿੱਲੀ ਦੇ ਨਿਗਮ ਬੋਧ ਸ਼ਮਸ਼ਾਨ ਘਾਟ ਪੂਰੇ ਸਰਕਾਰੀ ਸਨਮਾਨਾਂ ਨਾਲ ਵਿਖੇ ਕੀਤਾ ਗਿਆ। ਇਸ ਵੇਲੇ ਰਾਸ਼ਟਰਪਤੀ ਮਾਣਯੋਗ ਦਪੋਪਦੀ ਮੁਰਮੂ, ਉਪਰਾਸ਼ਟਰਪਤੀ ਮਾਣਯੋਗ ਜਗਦੀਪ ਧਨਕੜ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਮਲਕ ਅਰਜੁਨ ਖੜਗੇ,ਸੋਨੀਆ ਗਾਂਧੀ,ਰਾਹੁਲ ਗਾਂਧੀ, ਪ੍ਰਿਯੰਕਾ ਗਾਂਧੀ ਸਮੇਤ ਦੇਸ਼ ਅਤੇ ਵਿਦੇਸ਼ ਵਿਚੋਂ ਵੱਡੀ ਗਿਣਤੀ ਵਿੱਚ ਨੇਤਾਵਾਂ ਅਤੇ ਆਮ ਲੋਕ ਉਨਾਂ ਨੂੰ ਅੰਤਿਮ ਵਿਦਾਈ ਦੇਣ ਲਈ ਪਹੁੰਚੇ।

ਉਨ੍ਹਾਂ ਦੀ ਵੱਡੀ ਬੇਟੀ ਉਪਿੰਦਰ ਸਿੰਘ ਨੇ ਉਨ੍ਹਾਂ ਦੀ ਚਿਤਾ ਨੂੰ ਅਗਨੀ ਦਿਖਾਈ। ਉਹ 2004 ਦੇਸ਼ ਦੇ ਅਤੇ ਪ੍ਰਧਾਨ ਮੰਤਰੀ ਰਹੇ ਸਨ। ਮਨਮੋਹਨ ਸਿੰਘ ਲੰਬੇ ਸਮੇਂ ਤੋਂ ਬਿਮਾਰ ਚੱਲ ਰਹੇ ਸਨ। 26 ਦਸੰਬਰ, ਵੀਰਵਾਰ ਦੇਰ ਸ਼ਾਮ ਨੂੰ ਉਨ੍ਹਾਂ ਦੀ ਤਬੀਅਤ ਅਚਾਨਕ ਵਿਗੜ ਗਈ ਸੀ ਅਤੇ ਉਹ ਘਰ 'ਚ ਬੇਹੋਸ਼ ਹੋ ਗਏ ਸਨ। ਇਸ ਤੋਂ ਬਾਅਦ ਉਨ੍ਹਾਂ ਨੂੰ ਏਮਜ਼ ਲਿਆਂਦਾ ਗਿਆ ਸੀ, ਜਿੱਥੇ ਇਲਾਜ ਦੌਰਾਨ ਰਾਤ 9:51 ਵਜੇ ਉਨ੍ਹਾਂ ਆਖਰੀ ਸਾਹ ਲਿਆ।

ਮਨਮੋਹਨ ਸਿੰਘ ਦੇ ਏਮਜ਼ 'ਚ ਦਾਖ਼ਲ ਹੋਣ ਦੀ ਸੂਚਨਾ 'ਤੇ ਕਾਂਗਰਸ ਸੰਸਦ ਦਲ ਦੀ ਮੁਖੀ ਸੋਨੀਆ ਗਾਂਧੀ ਅਤੇ ਪਾਰਟੀ ਦੀ ਸੰਸਦ ਮੈਂਬਰ ਪ੍ਰਿਅੰਕਾ ਗਾਂਧੀ ਵਾਡਰਾ ਉਨ੍ਹਾਂ ਨੂੰ ਦੇਖਣ ਏਮਜ਼ ਪਹੁੰਚੇ ਸਨ। ਰਾਬਰਟ ਵਾਡਰਾ ਵੀ ਉਨ੍ਹਾਂ ਦੇ ਨਾਲ ਮੌਜੂਦ ਸਨ। ਖ਼ਬਰ ਮਿਲਦੇ ਹੀ ਸਿਹਤ ਮੰਤਰੀ ਡਾ. ਜੇਪੀ ਨੱਡਾ ਅਤੇ ਕਈ ਹੋਰ ਨੇਤਾ ਵੀ ਏਮਜ਼ ਪਹੁੰਚ ਗਏ। ਉਨ੍ਹਾਂ ਦੇ ਪਰਿਵਾਰ 'ਚ ਪਤਨੀ ਗੁਰਸ਼ਰਨ ਕੌਰ ਅਤੇ ਤਿੰਨ ਧੀਆਂ ਹਨ। ਕੇਂਦਰ ਸਰਕਾਰ ਨੇ ਸੱਤ ਦਿਨਾਂ ਦੇ ਰਾਸ਼ਟਰੀ ਸ਼ੋਕ ਦਾ ਐਲਾਨ ਕੀਤਾ। ਕਾਂਗਰਸ ਨੇ ਸਥਾਪਨਾ ਦਿਵਸ ਸਮਾਗਮ ਸਮੇਤ ਅਗਲੇ ਸੱਤ ਦਿਨਾਂ ਤੱਕ ਆਪਣੇ ਸਾਰੇ ਪ੍ਰੋਗਰਾਮ ਰੱਦ ਕਰ ਦਿੱਤੇ।

### 'ਇਤਿਹਾਸ ਮੇਰੇ ਪ੍ਰਤੀ ਨਰਮੀ ਵਰਤੇਗਾ'


ਮਨਮੋਹਨ ਸਿੰਘ ਨੇ 2014 'ਚ ਪ੍ਰਧਾਨ ਮੰਤਰੀ ਦਾ ਅਹੁਦਾ ਛੱਡਣ ਤੋਂ ਪਹਿਲਾਂ ਕਿਹਾ ਸੀ ਕਿ ਉਨ੍ਹਾਂ ਨੇ ਆਪਣਾ ਸਰਬੋਤਮ ਯੋਗਦਾਨ ਦਿੱਤਾ। ਉਨ੍ਹਾਂ ਦੀ ਲੀਡਰਸ਼ਿਪ ਕਮਜ਼ੋਰ ਨਹੀਂ ਸੀ। ਇਤਿਹਾਸ ਉਨ੍ਹਾਂ ਪ੍ਰਤੀ ਨਰਮੀ ਵਰਤੇਗਾ। ਜਨਵਰੀ 2014 ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਮੈਨੂੰ ਨਹੀਂ ਲੱਗਦਾ ਕਿ ਮੈਂ ਇਕ ਕਮਜ਼ੋਰ ਪ੍ਰਧਾਨ ਮੰਤਰੀ ਰਿਹਾਂ। ਮੈਂ ਇਮਾਨਦਾਰੀ ਨਾਲ ਮੰਨਦਾ ਹਾਂ ਕਿ ਸਮਕਾਲੀ ਮੀਡੀਆ ਵਿਰੋਧੀਆਂ ਦੇ ਮੁਕਾਬਲੇ ਮੇਰੇ ਪ੍ਰਤੀ ਜ਼ਿਆਦਾ ਦਿਆਲੂ ਹੋਵੇਗਾ। ਸਿਆਸੀ ਮਜਬੂਰੀਆਂ ਨੂੰ ਦੇਖਦਿਆਂ ਮੈਂ ਜ਼ਿਆਦਾ ਯੋਗਦਾਨ ਦਿੱਤਾ ਹੈ। ਮੈਂ ਹਾਲਾਤ ਮੁਤਾਬਕ ਓਨਾ ਚੰਗਾ ਨਹੀਂ ਕੀਤਾ ਜਿੰਨਾ ਮੈਂ ਕਰ ਸਕਦਾ ਸੀ। ਮੈਂ ਕੀ ਕੀਤਾ ਹੈ ਜਾਂ ਕੀ ਨਹੀਂ ਕੀਤਾ, ਇਸ ਦਾ ਫ਼ੈਸਲਾ ਕਰਨਾ ਇਤਿਹਾਸ ਦਾ ਕੰਮ ਹੈ। ਉਹ ਉਨ੍ਹਾਂ ਆਲੋਚਨਾਵਾਂ ਨਾਲ ਸਬੰਧਤ ਸਵਾਲਾਂ ਦੇ ਜਵਾਬ ਦੇ ਰਹੇ ਸਨ ਕਿ ਉਨ੍ਹਾਂ ਦੀ ਲੀਡਰਸ਼ਿਪ ਸੀ ਤੇ ਕਈ ਮੌਕਿਆਂ 'ਤੇ ਉਨ੍ਹਾਂ ਨੇ ਫ਼ੈਸਲਾਕੁੰਨ ਕਦਮ ਨਹੀਂ ਚੁੱਕੇ।

### ਅਣਵੰਡੇ ਭਾਰਤ ਦੇ ਪੰਜਾਬ 'ਚ ਹੋਇਆ ਸੀ ਜਨਮ

ਮਨਮੋਹਨ ਸਿੰਘ ਦਾ ਜਨਮ 26 ਸਤੰਬਰ, 1932 ਨੂੰ ਅਣਵੰਡੇ ਭਾਰਤ ਦੇ ਪੰਜਾਬ ਸੂਬੇ 'ਚ ਹੋਇਆ ਸੀ। ਦੇਸ਼ ਦੀ ਵੰਡ ਤੋਂ ਬਾਅਦ ਉਨ੍ਹਾਂ ਦਾ ਪਰਿਵਾਰ ਭਾਰਤ ਆ ਗਿਆ ਸੀ। ਉਹ ਪੰਡਿਤ ਜਵਾਹਰ ਲਾਲ ਨਹਿਰੂ, ਇੰਦਰਾ ਗਾਂਧੀ ਅਤੇ ਨਰਿੰਦਰ ਮੋਦੀ ਤੋਂ ਬਾਅਦ ਸਭ ਤੋਂ ਵੱਧ ਸਮੇਂ ਤੱਕ ਪ੍ਰਧਾਨ ਮੰਤਰੀ ਰਹਿਣ ਵਾਲੇ ਰਾਜਨੇਤਾ ਹਨ। ਉਨ੍ਹਾਂ ਦੀ ਦੋ ਵਾਰ ਬਾਈਪਾਸ ਸਰਜਰੀ ਹੋ ਚੁੱਕੀ ਸੀ। ਪਹਿਲੀ ਬਾਈਪਾਸ ਸਰਜਰੀ ਬ੍ਰਿਟੇਨ 'ਚ ਹੋਈ ਸੀ। ਦੂਸਰੀ ਬਾਈਪਾਸ ਸਰਜਰੀ 2009 'ਚ ਏਮਜ਼ 'ਚ ਹੋਈ ਸੀ। ਵੀਰਵਾਰ ਰਾਤ ਮਨਮੋਹਨ ਸਿੰਘ ਦੇ ਦੇਹਾਂਤ ਤੋਂ ਬਾਅਦ ਏਮਜ਼ 'ਚ ਸੁਰੱਖਿਆ ਵਿਵਸਥਾ ਵਧਾ ਦਿੱਤੀ ਗਈ ਹੈ। ਉਨ੍ਹਾਂ ਆਰਥਿਕ ਉਦਾਰੀਕਰਨ ਦੇ ਜ਼ਰੀਏ ਭਾਰਤੀ ਅਰਥ ਵਿਵਸਥਾ ਨੂੰ ਵਿਸ਼ਵ ਬਾਜ਼ਾਰ ਨਾਲ ਜੋੜ ਦਿੱਤਾ। ਉਹ ਯੋਜਨਾ ਕਮਿਸ਼ਨ ਦੇ ਉਪ ਪ੍ਰਧਾਨ ਤੇ ਰਿਜ਼ਰਵ ਬੈਂਕ ਦੇ ਗਵਰਨਰ ਵੀ ਰਹੇ। 1991-96 ਤੱਕ ਨਰਸਿਮ੍ਹਾ ਰਾਓ ਸਰਕਾਰ 'ਚ ਵਿੱਤ ਮੰਤਰੀ ਰਹਿੰਦੇ ਹੋਏ ਆਰਥਿਕ ਸੁਧਾਰ ਕੀਤੇ।











# ਡਾ. ਮਨਮੋਹਨ ਸਿੰਘ ਦਾ ਕਰੀਅਰ ਅਤੇ ਜੀਵਨ ਯਾਤਰਾ

ਭਾਰਤ ਦੇ ਉੱਘੇ ਅਰਥਸ਼ਾਸਤਰੀ ਪ੍ਰਧਾਨ ਮੰਤਰੀ ਬਣੇ ਡਾ. ਮਨਮੋਹਨ ਸਿੰਘ ਦੇ 26 ਦਸੰਬਰ 2024 ਨੂੰ ਅਕਾਲ ਸਵਰਗਵਾਸ ਚਲਾਣੇ 'ਤੇ

**ਬ੍ਰਿਜ ਭੂਸ਼ਣ ਗੋਇਲ**
ਸੀਨੀਅਰ ਨਾਗਰਿਕ ਅਤੇ ਇੱਕ ਰਿਟਾਇਰਡ ਬੈਂਕਰ

ਸ਼ਰਧਾਂਜਲੀ ਦੇਣ ਲਈ ਬਹੁਤ ਕੁਝ ਕਿਹਾ ਜਾ ਰਿਹਾ ਹੈ। ਪਾਕਿਸਤਾਨ ਦੇ ਅਵਿਭਾਜਿਤ ਪੰਜਾਬ ਵਿੱਚ 26 ਸਤੰਬਰ 1932 ਨੂੰ ਜੰਮੇ, ਉਹ ਇੱਕ ਬਹੁਤ ਹੀ ਮਿਹਨਤੀ ਆਮ ਪਰਿਵਾਰ ਵਿੱਚੋਂ ਉੱਭਰੇ ਅਤੇ ਆਪਣੀ ਨਿਮਰਤਾ ਅਤੇ ਨਿਮਰਤਾ ਕਾਰਨ ਵਿਸ਼ਵ ਪ੍ਰਸਿੱਧ ਹੋਏ।

ਆਓ ਅਸੀਂ ਭਾਰਤ ਵਿੱਚ ਇੱਕ ਵਿਦਿਆਰਥੀ, ਅਧਿਆਪਕ, ਅਰਥਸ਼ਾਸਤਰੀ ਅਤੇ ਦੋ ਵਾਰ ਪ੍ਰਧਾਨ ਮੰਤਰੀ ਦੇ ਰੂਪ ਵਿੱਚ ਉਨ੍ਹਾਂ ਦੇ ਕਰੀਅਰ ਵਿੱਚ ਝਾਤੀ ਮਾਰੀਏ।

## ਉਨ੍ਹਾਂ ਦੀ ਪੜ੍ਹਾਈ, ਅਧਿਆਪਨ, ਨੌਕਰੀਆਂ ਅਤੇ ਪ੍ਰਧਾਨ ਮੰਤਰੀ ਦਾ ਕੈਰੀਅਰ:

· ਬੀ ਏ (ਆਨਰਜ਼) ਅਰਥ ਸ਼ਾਸਤਰ ਵਿੱਚ 1952;ਐਮ. ਏ (ਪਹਿਲੀ ਸ਼੍ਰੇਣੀ)ਅਰਥ ਸ਼ਾਸਤਰ ਵਿੱਚ,1954 ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ (ਉਦੋਂ ਹੁਸ਼ਿਆਰਪੁਰ, (ਪੰਜਾਬੀ)

· ਅਰਥ ਸ਼ਾਸਤਰ ਵਿੱਚ ਆਨਰਜ਼ ਦੀ ਡਿਗਰੀ, ਕੈਂਬਰਿਜ ਯੂਨੀਵਰਸਿਟੀ-ਸੇਂਟ ਜੌਹਨਜ਼ ਕਾਲਜ ,1957

· ਸੀਨੀਅਰ ਲੈਕਚਰਾਰ, ਅਰਥ ਸ਼ਾਸਤਰ (1957-1959), ਰੀਡਰ (1959-1963), ਅਰਥ ਸ਼ਾਸਤਰ ਵਿੱਚ ਡੀ ਫਿਲ, ਆਕਸਫੋਰਡ ਯੂਨੀਵਰਸਿਟੀ-ਨਫੀਲਡ ਕਾਲਜ (1962), ਪ੍ਰੋਫੈਸਰ (1963-1965),ਆਨਰੇਰੀ ਪ੍ਰੋਫੈਸਰ (1966) ਦਿੱਲੀ ਸਕੂਲ ਆਫ਼ ਇਕਨਾਮਿਕਸ, ਦਿੱਲੀ ਯੂਨੀਵਰਸਿਟੀ, ਅੰਤਰਰਾਸ਼ਟਰੀ ਵਪਾਰ ਦੇ ਪ੍ਰੋਫੈਸਰ (1969-1971)

· ਮੁਖੀਆ, ਵਪਾਰ -ਵਿੱਤ ਵਿਭਾਗ ਲਈ, ਯੂ.ਐੱਨ.ਸੀ.ਟੀ.ਏ.ਡੀ., ਸੰਯੁਕਤ ਰਾਸ਼ਟਰ ਸਕੱਤਰੇਤ, ਨਿਊਯਾਰਕ

· 1966: ਆਰਥਿਕ ਮਾਮਲੇ ਅਧਿਕਾਰੀ 1966,ਆਰਥਿਕ ਸਲਾਹਕਾਰ, ਵਿਦੇਸ਼ ਵਪਾਰ ਮੰਤਰਾਲਾ, ਭਾਰਤ (1971-1972),ਮੁੱਖ ਆਰਥਿਕ ਸਲਾਹਕਾਰ, ਵਿੱਤ ਮੰਤਰਾਲਾ, ਭਾਰਤ (1972-1976)

· ਆਨਰੇਰੀ ਪ੍ਰੋਫੈਸਰ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਨਵੀਂ ਦਿੱਲੀ (1976)

· ਡਾਇਰੈਕਟਰ, ਭਾਰਤੀ ਰਿਜ਼ਰਵ ਬੈਂਕ (1976-1980)

· ਡਾਇਰੈਕਟਰ, ਇੰਡਸਟਰੀਅਲ ਡਿਵੈਲਪਮੈਂਟ ਬੈਂਕ ਆਫ਼ ਇੰਡੀਆ (1976-1980)

· ਬੋਰਡ ਆਫ਼ ਗਵਰਨਰਜ਼, ਏਸ਼ੀਅਨ ਵਿਕਾਸ ਬੈਂਕ, ਮਨੀਲਾ

· ਸਕੱਤਰ, ਵਿੱਤ ਮੰਤਰਾਲਾ (ਆਰਥਿਕ ਮਾਮਲੇ ਵਿਭਾਗ) ਭਾਰਤ ਸਰਕਾਰ, (1977-1980)

· ਗਵਰਨਰ, ਭਾਰਤੀ ਰਿਜ਼ਰਵ ਬੈਂਕ (1982-1985)

· ਡਿਪਟੀ ਚੇਅਰਮੈਨ, ਭਾਰਤੀ ਯੋਜਨਾ ਕਮਿਸ਼ਨ, (1985-1987)

· ਜਨਰਲ ਸਕੱਤਰ, ਦੱਖਣੀ ਕਮਿਸ਼ਨ, ਜਨੇਵਾ (1987-1990)

· ਆਰਥਿਕ ਮਾਮਲਿਆਂ ਬਾਰੇ ਭਾਰਤ ਦੇ ਪ੍ਰਧਾਨ ਮੰਤਰੀ ਦਾ ਸਲਾਹਕਾਰ (1990-1991)

· ਚੇਅਰਮੈਨ, ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (15 ਮਾਰਚ 1991-20 ਜੂਨ 1991)

· ਭਾਰਤ ਦੇ ਵਿੱਤ ਮੰਤਰੀ, (21 ਜੂਨ 1991-15 ਮਈ 1996)

· ਰਾਜ ਸਭਾ ਮੈਂਬਰ (1 ਅਕਤੂਬਰ 1991-14 ਜੂਨ 2019)

· ਰਾਜ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ (1998-2004)

· ਭਾਰਤ ਦੇ ਪ੍ਰਧਾਨ ਮੰਤਰੀ (22 ਮਈ 2004-26 ਮਈ 2014)

· ਰਾਜ ਸਭਾ ਮੈਂਬਰ (19 ਅਗਸਤ 2019-3 ਅਪ੍ਰੈਲ 2024)

### ਡਾ.ਮਨਮੋਹਨ ਸਿੰਘ ਜੀ ਦੀਆਂ ਪ੍ਰਧਾਨ ਮੰਤਰੀ ਵਜੋਂ ਉਨ੍ਹਾਂ ਦੀਆਂ ਪ੍ਰਮੁੱਖ ਪਹਿਲਕਦਮੀਆਂ

## ਪਹਿਲਾ ਕਾਰਜਕਾਲ (2004-2009)

ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਰੰਟੀ ਐਕਟ (ਮਗਨਰੇਗਾ)

ਇਹ 2005 ਵਿੱਚ ਇੱਕ ਮਹੱਤਵਪੂਰਨ ਕਾਨੂੰਨ ਸੀ, ਕਿਉਂਕਿ ਇਸ ਨੇ ਹਰੇਕ ਪੇਂਡੂ ਪਰਿਵਾਰ ਨੂੰ ਕਿਸੇ ਵੀ ਵਿੱਤੀ ਸਾਲ ਵਿੱਚ ਘੱਟੋ-ਘੱਟ 100 ਦਿਨਾਂ ਦਾ ਮਜ਼ਦੂਰੀ ਰੋਜ਼ਗਾਰ ਪ੍ਰਾਪਤ ਕਰਨ ਦੀ ਕਾਨੂੰਨੀ ਗਰੰਟੀ ਦਿੱਤੀ ਸੀ। ਇਸ ਨੇ ਰੋਜ਼ੀ-ਰੋਟੀ ਦੀ ਸੁਰੱਖਿਆ ਨੂੰ ਵਧਾਇਆ ਅਤੇ ਪੇਂਡੂ ਭਾਈਚਾਰੇ ਨੂੰ ਸਸ਼ਕਤ ਬਣਾਇਆ।

ਸੂਚਨਾ ਦਾ ਅਧਿਕਾਰ ਕਾਨੂੰਨ, 2005 : ਆਰ. ਟੀ. ਆਈ. ਐਕਟ ਦੇ ਉਪਬੰਧਾਂ ਦੇ ਤਹਿਤ, ਭਾਰਤ ਦਾ ਕੋਈ ਵੀ ਨਾਗਰਿਕ "ਜਨਤਕ ਅਥਾਰਟੀ" (ਸਰਕਾਰ ਦੀ ਇੱਕ ਸੰਸਥਾ ਜਾਂ "ਰਾਜ ਦੇ ਸਾਧਨ") ਤੋਂ ਜਾਣਕਾਰੀ ਦੀ ਬੇਨਤੀ ਕਰ ਸਕਦਾ ਹੈ ਜਿਸ ਦਾ ਤੇਜ਼ੀ ਨਾਲ ਜਾਂ ਤੀਹ ਦਿਨਾਂ ਦੇ ਅੰਦਰ ਜਵਾਬ ਦੇਣ ਦੀ ਲੜ ਹੁੰਦੀ ਹੈ। ਪਟੀਸ਼ਨਰ ਦੀ ਜ਼ਿੰਦਗੀ ਅਤੇ ਆਜ਼ਾਦੀ ਨਾਲ ਜੁੜੇ ਮਾਮਲੇ ਵਿੱਚ, ਜਾਣਕਾਰੀ 48 ਘੰਟਿਆਂ ਦੇ ਅੰਦਰ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ।

ਰਾਸ਼ਟਰੀ ਪੇਂਡੂ ਸਿਹਤ ਮਿਸ਼ਨ (ਐਨ. ਆਰ. ਐਚ. ਐਮ.): ਇਹ 2005 ਵਿੱਚ ਲਾਗੂ ਕੀਤਾ ਗਿਆ ਸੀ। ਐੱਨ. ਆਰ. ਐੱਚ. ਐੱਮ. ਦਾ ਮੁੱਖ ਉਦੇਸ਼ ਮਾਵਾਂ ਅਤੇ ਬੱਚਿਆਂ ਦੀ ਸਿਹਤ 'ਤੇ ਧਿਆਨ ਕੇਂਦਰਤ ਕਰਦੇ ਹੋਏ ਪੇਂਡੂ ਆਬਾਦੀ ਨੂੰ ਪਹੁੰਚਯੋਗ ਅਤੇ ਕਿਫਾਇਤੀ ਸਿਹਤ ਸੰਭਾਲ ਪ੍ਰਦਾਨ ਕਰਨਾ ਹੈ।













**ਸਿੱਖਿਆ ਦਾ ਅਧਿਕਾਰ ਐਕਟ (ਆਰਟੀਈ):** ਆਰਟੀਈ ਐਕਟ 2009 ਵਿੱਚ ਲਾਗੂ ਕੀਤਾ ਗਿਆ ਸੀ, ਜਿਸ ਵਿੱਚ 6 ਤੋਂ 14 ਸਾਲ ਦੀ ਉਮਰ ਦੇ ਬੱਚਿਆਂ ਲਈ ਸਿੱਖਿਆ ਨੂੰ ਬੁਨਿਆਦੀ ਅਧਿਕਾਰ ਐਲਾਨਿਆ ਗਿਆ ਸੀ। ਇਸ ਨੇ ਭਾਰਤ ਵਿੱਚ ਹਰ ਬੱਚੇ ਲਈ ਮਿਆਰੀ ਸਿੱਖਿਆ ਨੂੰ ਪਹੁੰਚਯੋਗ ਬਣਾਇਆ। ਭਾਰਤੀ ਵਿਲੱਖਣ ਪਛਾਣ ਅਥਾਰਟੀ (ਯੂਆਈਡੀਏ )ਦੀ ਸਥਾਪਨਾ: ਯੂਆਈਡੀਏ ਸਰਕਾਰੀ ਸੇਵਾਵਾਂ ਤੱਕ ਪਹੁੰਚ ਨੂੰ ਬਿਹਤਰ ਬਣਾਉਣ ਅਤੇ ਕਲਿਆਣਕਾਰੀ ਪ੍ਰੋਗਰਾਮਾਂ ਵਿੱਚ ਭ੍ਰਿਸ਼ਟਾਚਾਰ ਨੂੰ ਘਟਾਉਣ ਲਈ ਵਸਨੀਕਾਂ ਲਈ ਇੱਕ ਵਿਲੱਖਣ ਪਛਾਣ ਨੰਬਰ ਬਣਾਉਣ ਲਈ ਕੀਤੀ ਗਈ ਸੀ।

**ਸਿੱਧੇ ਲਾਭ ਤਬਾਦਲੇ (ਡੀਬੀਟੀ):** ਇਹ ਪਹਿਲ ਸਬਸਿਡੀ ਨੂੰ ਸਿੱਧੇ ਲਾਭਾਰਥੀਆਂ ਦੇ ਬੈਂਕ ਖਾਤਿਆਂ ਵਿੱਚ ਤਬਦੀਲ ਕਰਨ ਲਈ ਸ਼ੁਰੂ ਕੀਤੀ ਗਈ ਸੀ, ਜਿਸ ਨਾਲ ਲੀਕੇਜ ਨੂੰ ਘੱਟ ਕੀਤਾ ਜਾ ਸਕੇ ਅਤੇ ਇਹ ਸੁਨਿਸ਼ਚਿਤ ਕੀਤਾ ਜਾ ਸਕੇ ਕਿ ਲਾਭ ਟੀਚਾਗਤ ਪ੍ਰਾਪਤਕਰਤਾਵਾਂ ਤੱਕ ਪਹੁੰਚਣ।

## ਪ੍ਰਧਾਨ ਮੰਤਰੀ ਵਜੋਂ ਦੂਜਾ ਕਾਰਜਕਾਲ (2009-2014)

ਸੰਯੁਕਤ ਰਾਜ ਅਮਰੀਕਾ ਨਾਲ ਸਿਵਲ ਪ੍ਰਮਾਣੂ ਸਮਝੌਤਾ ਇਹ ਇਤਿਹਾਸਕ ਸਮਝੌਤਾ ਭਾਰਤ ਦੇ ਪ੍ਰਮਾਣੂ ਅਲੱਗ-ਥਲੱਗ ਹੋਣ ਨੂੰ ਤੋੜਨ ਅਤੇ ਅਮਰੀਕਾ ਨਾਲ ਨਾਗਰਿਕ ਪ੍ਰਮਾਣੂ ਸਹਿਯੋਗ ਲਈ ਰਾਹ ਪੱਧਰਾ ਕਰਨ ਲਈ ਸੀ, ਜਿਸ ਨਾਲ ਭਾਰਤ ਦੀ ਵਿਦੇਸ਼ ਨੀਤੀ ਵਿੱਚ ਸਮੁੰਦਰੀ ਤਬਦੀਲੀ ਆਈ ਹੈ।

ਆਰਥਿਕ ਵਿਕਾਸ ਸਿੰਘ ਦੇ ਦੂਜੇ ਕਾਰਜਕਾਲ ਦੌਰਾਨ, ਭਾਰਤ ਨੇ ਚੰਗੀ ਜੀ. ਡੀ. ਪੀ. ਵਿਕਾਸ ਦਰ ਬਣਾਈ ਰੱਖੀ, ਅਰਥਵਿਵਸਥਾ 9% ਸਾਲਾਨਾ ਦਰ ਨਾਲ ਵਧ ਰਹੀ ਸੀ ਅਤੇ ਉਸ ਨਿਸ਼ਾਨ ਦੇ ਨੇੜੇ ਪਹੁੰਚ ਗਈ ਸੀ।

ਰਾਸ਼ਟਰੀ ਖੁਰਾਕ ਸੁਰੱਖਿਆ ਕਾਨੂੰਨ ਇਹ ਕਾਨੂੰਨ 2013 ਵਿੱਚ ਭੁੱਖ ਅਤੇ ਕੁਪੋਸ਼ਣ ਨੂੰ ਘਟਾਉਣ ਲਈ ਭਾਰਤ ਦੀ ਲਗਭਗ ਦੋ ਤਿਹਾਈ ਆਬਾਦੀ ਨੂੰ ਅਨਾਜ ਮੁਹੱਈਆ ਕਰਵਾ ਕੇ ਲਾਗੂ ਕੀਤਾ ਗਿਆ ਸੀ।

ਆਧਾਰ ਪ੍ਰੋਜੈਕਟ ਇਹ ਵਿਚਾਰ ਭਾਰਤ ਦੇ ਵਸਨੀਕਾਂ ਲਈ ਇੱਕ ਵਿਲੱਖਣ ਪਛਾਣ ਨੰਬਰ ਪ੍ਰਦਾਨ ਕਰਨਾ ਹੈ, ਅਤੇ ਪਾਰਦਰਸ਼ਤਾ ਨੂੰ ਉਤਸ਼ਾਹਿਤ ਕਰਦੇ ਹੋਏ ਕਈ ਸੇਵਾਵਾਂ ਅਤੇ ਲਾਭਾਂ ਤੱਕ ਪਹੁੰਚ ਪ੍ਰਦਾਨ ਕਰਨਾ ਹੈ।










# ਬੰਦ ਦਰਵਾਜ਼ਿਆਂ ਦੀਆਂ ਝੀਥਾਂ ਵਿਚ ਝਾਕਦਿਆਂ - ਡਾ. ਮਨਮੋਹਨ ਸਿੰਘ



**ਗੁਰਮੀਤ ਸਿੰਘ ਪਲਾਹੀ**
ਫੋਨ: 98158-02070

ਡਾ. ਮਨਮੋਹਨ ਸਿੰਘ ਦੇ ਇਸ ਦੁਨੀਆ ਤੋਂ ਰੁਖ਼ਸਤ ਹੋਣ 'ਤੇ ਸੀਨੀਅਰ ਪੱਤਰਕਾਰ ਵੀਰ ਸਾਂਘਵੀ ਨੇ ਫ਼ਿਲਮ "ਦਿ ਐਕਸੀਡੈਂਟਲ ਪ੍ਰਾਈਮ ਮਨਿਸਟਰ" ਨੂੰ ਲੈ ਕੇ ਲਿਖਿਆ "ਜੇ ਕਿਸੇ ਨੂੰ ਡਾ. ਮਨਮੋਹਨ ਸਿੰਘ ਬਾਰੇ ਬੋਲੇ ਗਏ ਝੂਠ ਨੂੰ ਯਾਦ ਕਰਨਾ ਹੋਵੇ ਤਾਂ ਉਸਨੂੰ ਉਕਤ ਫ਼ਿਲਮ ਫਿਰ ਦੇਖਣੀ ਚਾਹੀਦੀ ਹੈ। ਇਹ ਨਾ ਸਿਰਫ਼ ਸਭ ਤੋਂ ਬੁਰੀਆਂ ਫ਼ਿਲਮਾਂ 'ਚੋਂ ਇੱਕ ਹੈ, ਬਲਕਿ ਇਹ ਇੱਕ ਉਦਾਹਰਨ ਹੈ ਕਿ ਕਿਵੇਂ ਇੱਕ ਚੰਗੇ ਆਦਮੀ ਦਾ ਨਾਂ ਖਰਾਬ ਕਰਨ ਲਈ ਮੀਡੀਆ ਦੀ ਵਰਤੋਂ ਕੀਤੀ ਗਈ ਸੀ।"

ਭਾਰਤੀ ਲੋਕਾਂ ਲਈ ਕੀਤੇ ਵੱਡੇ ਕੰਮਾਂ ਦਾ ਮੁੱਲ ਨਾ ਪਾਉਣ ਵਾਲੇ ਛੋਟੀ ਸੋਚ ਵਾਲੇ ਲੋਕਾਂ ਨੇ ਕਦੇ ਵੀ ਉਨ੍ਹਾਂ ਦੀ ਸ਼ਖ਼ਸੀਅਤ ਨਾਲ ਇਨਸਾਫ਼ ਨਹੀਂ ਕੀਤਾ, ਸਗੋਂ ਉਨ੍ਹਾਂ ਦੇ ਕੰਮਾਂ ਨੂੰ ਛੁਟਿਆਉਣ ਦਾ ਯਤਨ ਕੀਤਾ।

ਡਾ. ਮਨਮੋਹਨ ਸਿੰਘ ਨੂੰ ਆਰਥਿਕ ਸੁਧਾਰਾਂ ਬਾਰੇ ਘੜੀਆਂ ਗਈਆਂ ਨੀਤੀਆਂ ਵਿਚ ਉਨ੍ਹਾਂ ਦੀ ਅਹਿਮ ਭੂਮਿਕਾ ਬਾਰੇ ਜਾਣਿਆ ਜਾਂਦਾ ਹੈ। ਪਰ ਉਨ੍ਹਾਂ ਦੀ ਭਾਰਤੀ ਸੰਵਿਧਾਨ ਅਨੁਸਾਰ ਆਮ ਲੋਕਾਂ ਨੂੰ ਦਿੱਤੇ ਉਨ੍ਹਾਂ ਤੋਹਫ਼ਿਆਂ ਦੀ ਦੇਣ ਵੱਡੀ ਹੈ, ਜਿਨ੍ਹਾਂ ਨੇ ਗਰੀਬ, ਨਿਤਾਣੇ ਲੋਕਾਂ ਦੇ ਜੀਵਨ ਪੱਧਰ ਨੂੰ ਉਚਿਆਂ ਚੁੱਕਣ ਲਈ ਸਾਰਥਿਕ ਭੂਮਿਕਾ ਨਿਭਾਈ।

ਡਾ. ਮਨਮੋਹਨ ਸਿੰਘ 10 ਸਾਲ ਤੋਂ ਵੱਧ ਸਮਾਂ ਭਾਰਤ ਦੇ ਪ੍ਰਧਾਨ ਮੰਤਰੀ ਰਹੇ। ਇਨ੍ਹਾਂ ਵਰ੍ਹਿਆਂ ਵਿਚ ਦੇਸ਼ ਦੇ ਪ੍ਰਧਾਨ ਮੰਤਰੀ ਦੇ ਤੌਰ 'ਤੇ ਉਹ ਨਿਧੜਕ ਹੋ ਕੇ ਕੰਮ ਕਰਦੇ ਰਹੇ, ਭਾਵੇਂ ਕਿ ਉਨ੍ਹਾਂ ਦੀ ਸਰਕਾਰ ਦੇ ਸਾਂਝੀਵਾਲਾਂ ਅਤੇ ਵਿਰੋਧੀਆਂ ਵਲੋਂ ਉਨ੍ਹਾਂ ਨੂੰ ਸਮੇਂ-ਸਮੇਂ ਵੱਡੇ ਚੈਲਿੰਜ ਪੇਸ਼ ਕੀਤੇ, ਜਿਨ੍ਹਾਂ ਦਾ ਉਨ੍ਹਾਂ ਬੇਖੌਫ ਹੋ ਕੇ ਸਾਹਮਣਾ ਕੀਤਾ। ਹਾਲਾਂਕਿ ਪ੍ਰਧਾਨ ਮੰਤਰੀ ਦੇ ਰੂਪ ਵਿਚ ਉਨ੍ਹਾਂ ਦਾ ਦੂਜਾ ਕਾਰਜਕਾਲ ਵਿਵਾਦਾਂ ਵਾਲਾ ਰਿਹਾ। ਉਨ੍ਹਾਂ ਦੇ ਕਈ ਮੰਤਰੀਆਂ ਉਤੇ ਘੁਟਾਲੇ ਦੇ ਦੋਸ਼ ਲੱਗੇ, ਉਨ੍ਹਾਂ ਨੂੰ ਸਭ ਤੋਂ ਕਮਜ਼ੋਰ ਪ੍ਰਧਾਨ ਮੰਤਰੀ ਕਿਹਾ ਜਾਣ ਲੱਗਿਆ ਪਰ ਉਹ ਕਦੇ ਸੱਚਾਈ ਤੋਂ ਪਿੱਛੇ ਨਹੀਂ ਹਟੇ। ਬੇਸ਼ੱਕ ਉਹ ਘੱਟ ਬੋਲਦੇ ਸਨ ਅਤੇ ਲੋਕਾਂ ਨੂੰ ਲੱਗਦਾ ਸੀ ਕਿ ਉਹ ਸਾਹਸੀ ਨਹੀਂ ਹਨ, ਪਰ ਉਨ੍ਹਾਂ ਨੇ ਆਪਣੀ ਸਰਕਾਰ ਨੂੰ ਦਾਅ 'ਤੇ ਲਗਾ ਕੇ ਜਿਸ ਤਰ੍ਹਾਂ ਅਮਰੀਕਾ ਨਾਲ ਪਰਮਾਣੂ ਸਮਝੌਤਾ ਕੀਤਾ, ਉਹ ਉਨ੍ਹਾਂ ਦੀ ਹਿੰਮਤ ਦੀ ਦਾਦ ਦੇਣ ਵਾਲਾ ਸੀ।

ਉਨ੍ਹਾਂ ਨੇ ਸੂਚਨਾ ਦਾ ਅਧਿਕਾਰ ਕਾਨੂੰਨ, ਸਿੱਖਿਆ ਦਾ ਅਧਿਕਾਰ ਕਾਨੂੰਨ, ਭੋਜਨ ਦਾ ਅਧਿਕਾਰ ਕਾਨੂੰਨ ਅਤੇ ਆਪਣੇ ਪ੍ਰਧਾਨ ਮੰਤਰੀ ਹੋਣ ਦੇ ਆਖ਼ਰੀ ਸਾਲਾਂ 'ਚ ਉਨ੍ਹਾਂ ਨੇ ਲੋਕਪਾਲ ਕਾਨੂੰਨ ਬਣਾ ਕੇ ਇਹ ਸਾਬਤ ਕਰ ਦਿੱਤਾ ਕਿ ਉਨ੍ਹਾਂ ਦਾ ਲਗਾਅ ਅਤੇ ਸਾਂਝ ਆਮ ਲੋਕਾਂ ਦੇ ਜੀਵਨ ਵਿਚ ਬੇਹਤਰੀ ਅਤੇ ਸ਼ਾਸਨ ਪ੍ਰਸ਼ਾਸਨ ਵਿਚ ਪਾਰਦਰਸ਼ਤਾ ਲਿਆਉਣ ਦੀ ਸੀ। ਇਹੋ ਹੀ ਕਾਰਨ ਹੈ ਕਿ ਉਹ ਲੋਕ ਜਿਹੜੇ ਕਦੇ ਭਾਰਤ ਦੇ ਇਸ ਸੂਝਵਾਨ, ਵਿਚਾਰਕ ਪ੍ਰਧਾਨ ਮੰਤਰੀ ਨੂੰ 'ਮੋਨ ਪ੍ਰਧਾਨ ਮੰਤਰੀ' ਕਹਿੰਦੇ ਸਨ, ਉਨ੍ਹਾਂ ਦੀ ਆਲੋਚਨਾ ਕਰਿਆ ਕਰਦੇ ਸਨ, ਅੱਜ ਉਨ੍ਹਾਂ ਦੀ ਪ੍ਰਸ਼ੰਸਾ ਕਰ ਰਹੇ ਹਨ।

ਢਾ. ਮਨਮੋਹਨ ਸਿੰਘ ਸਾਦਗੀ ਦੇ ਮੁਜੱਸਮੇ ਸਨ। ਘੱਟ ਬੋਲਣ ਵਾਲੇ ਅਤੇ ਸ਼ਾਂਤ ਸੁਭਾਅ ਦੇ ਮਾਲਕ ਸਨ। ਉਨ੍ਹਾਂ ਨੇ ਸਦਾ ਸੱਚਾਈ ਉਤੇ ਯਕੀਨ ਕੀਤਾ। ਇਸੇ ਲਈ ਉਨ੍ਹਾਂ ਦਾ ਵਿਅਕਤੀਗਤ ਜੀਵਨ ਸਦਾ ਬੇਦਾਗ਼ ਰਿਹਾ। ਉਹ ਵਿਵਹਾਰਕ ਰੂਪ 'ਚ ਜ਼ਮੀਨੀ ਨੇਤਾ ਨਹੀਂ ਸਨ। (ਉਹ ਕਦੇ ਵੀ ਲੋਕ ਸਭਾ ਦੀ ਚੋਣ ਨਾ ਜਿੱਤ ਸਕੇ।) ਪਰ ਦੇਸ਼ ਦੇ ਲੋਕਾਂ ਦੀ ਰਗ-ਰਗ ਨੂੰ ਪਛਾਨਣ ਵਾਲੀ ਸ਼ਖਸੀਅਤ ਸਨ।

ਉਨ੍ਹਾਂ ਦਾ ਲੋਕਾਂ ਪ੍ਰਤੀ ਅਥਾਹ ਪਿਆਰ ਸੀ। ਉਹ ਭਾਰਤੀ ਲੋਕਾਂ ਦੀਆਂ ਸਮੱਸਿਆਵਾਂ ਨੂੰ ਬਾਖ਼ੂਬੀ ਸਮਝਦੇ ਸਨ। ਇਸੇ ਲਈ ਉਹ ਦੇਸ਼ ਦੀ ਆਰਥਿਕ ਸਥਿਤੀ ਨੂੰ ਲੈ ਕੇ ਫਿਕਰਮੰਦ ਰਹਿੰਦੇ ਸਨ।

ਭਾਰਤ ਦੇ ਵਿੱਤ ਮੰਤਰੀ ਵਜੋਂ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਵਜੋਂ ਉਨ੍ਹਾਂ ਨੇ ਦੇਸ਼ 'ਚ ਉਦਾਰੀਕਰਨ ਦੀ ਨੀਤੀ ਲਿਆਂਦੀ। ਬਿਨਾਂ ਸ਼ੱਕ ਡਾ. ਮਨਮੋਹਨ ਸਿੰਘ ਦੇ ਪ੍ਰਧਾਨ ਮੰਤਰੀ ਕਾਰਜਕਾਲ ਵਿਚ ਲਾਗੂ ਕੀਤੀਆਂ ਨੀਤੀਆਂ ਨਾਲ ਦੇਸ਼ ਨੇ ਵਿਕਾਸ ਦੀਆਂ ਵੱਡੀਆਂ ਪੁਲਾਂਘਾਂ ਪੁੱਟੀਆਂ, ਪਰ ਇਸਦੇ ਨਾਲ-ਨਾਲ ਇਨ੍ਹਾਂ ਨੀਤੀਆਂ ਨਾਲ ਗਰੀਬ-ਅਮੀਰ ਦਾ ਪਾੜਾ ਵਧਿਆ ਹੈ। ਡਾ. ਮਨਮੋਹਨ ਸਿੰਘ ਇਸ ਬਾਰੇ ਪੂਰੀ ਤਰ੍ਹਾਂ ਸੁਚੇਤ ਸਨ ਤੇ ਉਨ੍ਹਾਂ ਨੇ ਇਸ ਨੂੰ ਮੁੱਖ ਰੱਖਦਿਆਂ ਬਹੁਤ ਸਾਰੀਆਂ ਗਰੀਬ ਅਤੇ ਹੇਠਲੇ ਮੱਧ ਵਰਗ ਨੂੰ ਰਾਹਤ ਦੇਣ ਵਾਲੀਆਂ ਸਕੀਮਾਂ ਤੇ ਨੀਤੀਆਂ ਲਾਗੂ ਕੀਤੀਆਂ ਸਨ, ਜਿਨ੍ਹਾਂ ਨਾਲ ਕਿ ਭਾਰਤੀ ਸਮਾਜ ਵਿਚ ਵਧਦੇ ਆਰਥਿਕ ਪਾੜੇ ਨੂੰ ਘਟਾਇਆ ਜਾ ਸਕੇ।

ਡਾ: ਮਨਮੋਹਨ ਸਿੰਘ ਵਲੋਂ ਕੀਤੇ ਵਿਸ਼ੇਸ਼ ਕਾਰਜਾਂ, ਜਿਨ੍ਹਾਂ ਵਿਚ 'ਅਧਾਰ ਕਾਰਡ' ਵੀ ਸ਼ਾਮਲ ਹੈ, ਦੀ ਵਿਰੋਧੀ ਧਿਰ ਵਲੋਂ ਵਿਰੋਧਤਾ ਕੀਤੀ ਗਈ ਸੀ, ਪਰ ਇਸਨੂੰ ਲਾਗੂ ਕਰਨ ਲਈ ਡਾ. ਮਨਮੋਹਨ ਸਿੰਘ ਨੇ ਪਹਿਲ-ਕਦਮੀ ਕੀਤੀ। ਉਹੀ ਵਿਰੋਧੀ ਧਿਰ (ਜਿਹੜੀ ਅੱਜ ਹਾਕਮ ਧਿਰ ਹੈ), ਇਸ ਆਧਾਰ ਕਾਰਡ ਨੂੰ ਪੂਰੇ ਦੇਸ਼ ਦੇ ਨਾਗਰਿਕਾਂ ਲਈ ਸ਼ਨਾਖ਼ਤੀ ਕਾਰਡ ਵਜੋਂ ਮੰਨਣ 'ਤੇ ਮਜਬੂਰ ਹੋਈ ਦਿਸਦੀ ਹੈ। ਇਹ ਅਧਾਰ ਕਾਰਡ ਉਸ ਵੇਲੇ ਸ਼ੁਰੂ ਕੀਤਾ ਗਿਆ ਸੀ, ਜਦੋਂ ਦੇਸ਼ ਦੇ ਨਾਗਰਿਕਾਂ ਕੋਲ ਕੋਈ ਸ਼ਨਾਖਤੀ ਕਾਰਡ ਹੀ ਨਹੀਂ ਸੀ, ਜਦਕਿ ਵਿਕਸਤ ਦੇਸ਼ ਆਪਣੇ ਨਾਗਰਿਕਾਂ ਲਈ ਖ਼ਾਸ ਨੰਬਰ ਜਾਰੀ ਕਰਦੇ ਹਨ, ਜੋ ਭਾਰਤ ਦੇ ਨਾਗਰਿਕਾਂ ਕੋਲ ਨਹੀਂ ਸੀ।

ਮਗਨਰੇਗਾ (ਮਹਾਤਮਾ ਗਾਂਧੀ ਨੈਸ਼ਨਲ ਰੂਰਲ ਇੰਪਲਾਇਮੈਂਟ ਗਾਰੰਟੀ ਐਕਟ) ਡਾ. ਮਨਮੋਹਨ ਸਿੰਘ ਵਲੋਂ ਸ਼ੁਰੂ ਕਰਵਾਈ ਪੇਂਡੂ ਰੁਜ਼ਗਾਰ ਗਾਰੰਟੀ ਯੋਜਨਾ ਸੀ, ਜਿਹੜੀ ਪੇਂਡੂ ਲੋਕਾਂ ਨੂੰ 100 ਦਿਨਾਂ ਦਾ ਕਾਨੂੰਨੀ ਰੁਜ਼ਗਾਰ ਦਿੰਦੀ ਸੀ। ਇਸ ਯੋਜਨਾ 'ਚ ਘੱਟੋ-ਘੱਟ ਮਜ਼ਦੂਰੀ 220 ਰੁਪਏ ਉਸ ਸਮੇਂ ਨੀਅਤ ਕੀਤੀ ਗਈ। ਪਰ ਕਿਉਂਕਿ ਡਾ. ਮਨਮੋਹਨ ਸਿੰਘ ਤੋਂ ਬਾਅਦ ਸਰਕਾਰ, ਭਾਜਪਾ ਅਤੇ ਉਨ੍ਹਾਂ ਦੇ ਸਹਿਯੋਗੀਆਂ ਹੱਥ ਆ ਗਈ, ਉਨ੍ਹਾਂ ਵਲੋਂ ਇਸ ਯੋਜਨਾ ਨੂੰ ਉਹ ਥਾਂ ਪ੍ਰਦਾਨ ਨਹੀਂ ਕੀਤੀ, ਜਿਹੜੀ ਇਸ ਪੇਂਡੂ ਰੁਜ਼ਗਾਰ ਯੋਜਨਾ ਲਈ ਲੋੜੀਂਦੀ ਸੀ। ਵਰ੍ਹੇ ਦਰ ਵਰ੍ਹੇ ਮਗਨਰੇਗਾ ਫੰਡਾਂ 'ਚ ਕਟੌਤੀ ਹੋਈ ਅਤੇ ਘੱਟੋ-ਘੱਟ ਰੋਜ਼ਾਨਾ ਦਿਹਾੜੀ ਵੀ ਵਧਾਈ ਨਹੀਂ ਗਈ। ਯਾਦ ਰੱਖਣਯੋਗ ਹੈ ਕਿ ਇਹ ਯੋਜਨਾ, ਦੁਨੀਆਂ ਦੀ ਸਭ ਤੋਂ ਵੱਡੀ ਰੁਜ਼ਗਾਰ ਯੋਜਨਾ ਹੈ।

ਡਾ. ਮਨਮੋਹਨ ਸਿੰਘ ਦੀ ਵੱਡੀ ਪ੍ਰਾਪਤੀ ਭਾਰਤੀ ਬੱਚਿਆਂ ਲਈ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਐਕਟ ਦਾ ਲਾਗੂ ਕੀਤਾ ਜਾਣਾ ਸੀ। ਇਸ ਐਕਟ ਨਾਲ ਉਨ੍ਹਾਂ ਗਰੀਬੀ ਵਰਗ ਦੇ ਲੋਕਾਂ ਨੂੰ ਰਾਹਤ ਮਿਲੀ, ਜਿਨ੍ਹਾਂ ਦੇ ਬੱਚਿਆਂ ਨੂੰ ਸਕੂਲ ਦਾ ਮੂੰਹ ਵੇਖਣਾ ਵੀ ਨਸੀਬ ਨਹੀਂ ਸੀ ਹੁੰਦਾ, ਹਾਲਾਂਕਿ ਸੰਵਿਧਾਨ ਵਿਚ ਦੇਸ਼ ਦੇ ਹਰ ਨਾਗਰਿਕ ਲਈ ਸਿੱਖਿਆ ਮੁਢਲਾ ਹੱਕ ਹੈ। ਬਿਨਾਂ ਸ਼ੱਕ ਇਸ ਐਕਟ ਨੂੰ ਅੱਗੋਂ "ਸਭ ਲਈ ਸਿੱਖਿਆ, ਪਰ ਸਭ ਲਈ ਬਰਾਬਰ ਦੀ ਸਿੱਖਿਆ" ਵਿਚ ਬਦਲਣਾ ਲੋੜੀਂਦਾ ਸੀ, ਪਰ ਦੇਸ਼ ਦੇ ਹੁਣ ਹਾਕਮ ਕਿਉਂਕਿ ਧੰਨ-ਕੁਬੇਰਾਂ, ਕਾਰਪੋਰੇਟਾਂ ਦੀਆਂ ਨੀਤੀਆਂ ਨੂੰ ਲਾਗੂ ਕਰਨ ਵਾਲੇ ਹਨ, ਉਨ੍ਹਾਂ ਲਈ ਲੋਕਾਂ ਦੀ ਸਿੱਖਿਆ, ਸਿਹਤ, ਚੰਗਾ ਵਾਤਾਵਰਨ ਕੋਈ ਮਾਅਨੇ ਨਹੀਂ ਰੱਖਦਾ। ਇਸ ਕਰਕੇ ਉਨ੍ਹਾਂ ਵਲੋਂ ਅੱਗੋਂ ਕਦਮ ਹੀ ਨਹੀਂ ਪੁੱਟੇ ਗਏ। ਸਗੋਂ ਸਿੱਖਿਆ ਦੇ ਨਿੱਜੀਕਰਨ ਵੱਲ ਕਦਮ ਵਧਾਏ।



ਆਪਣੀਆਂ ਬੇਟੀਆਂ ਨਾਲ ਡਾ. ਮਨਮੋਹਨ ਸਿੰਘ ਦੀ ਇਕ ਪੁਰਾਣੀ ਤਸਵੀਰ।

ਡਾ: ਮਨਮੋਹਨ ਸਿੰਘ ਵਲੋਂ ਲਾਗੂ ਕੀਤਾ ਨੈਸ਼ਨਲ ਫੂਡ ਸਕਿਉਰਿਟੀ ਐਕਟ ਦੇਸ਼ ਦੇ ਹਰ ਨਾਗਰਿਕ ਲਈ ਭੋਜਨ ਅਤੇ ਸੰਤੁਲਿਤ ਭੋਜਨ ਦੇਣ ਦੀ ਸ਼ਾਅਦੀ ਭਰਦਾ ਹੈ ਤਾਂ ਕਿ ਦੇਸ਼ ਦਾ ਆਮ ਨਾਗਰਿਕ ਭੁੱਖਾ ਨਾ ਸੌਂਵੇ ਅਤੇ ਭੋਜਨ ਉਸਦੀ ਪਹੁੰਚ 'ਚ ਹੋਵੇ। ਇਸ ਐਕਟ ਦੇ ਤਹਿਤ 81.34 ਕਰੋੜ ਭਾਰਤੀ ਲੋਕਾਂ ਨੂੰ ਇੱਕ ਜਾਂ ਦੋ ਰੁਪਏ ਕਿਲੋ ਕੀਮਤ ਉਤੇ ਅਨਾਜ ਮੁਹੱਈਆ ਕੀਤਾ ਗਿਆ। ਇਸ ਐਕਟ ਦੇ ਲਾਗੂ ਹੋਣ ਦੇ 10 ਸਾਲਾਂ ਬਾਅਦ ਤੱਕ ਵੀ ਇੱਕ ਸਰਵੇ ਅਨੁਸਾਰ 19 ਕਰੋੜ ਇਹੋ ਜਿਹੇ ਲੋਕ ਹਨ, ਜਿਹੜੇ ਅੱਜ ਵੀ ਭੁੱਖਮਰੀ ਦਾ ਸ਼ਿਕਾਰ ਹਨ। ਔਰਤਾਂ ਅਨੀਮੀਆ ਦਾ ਸ਼ਿਕਾਰ ਹਨ। ਬੱਚਿਆਂ ਨੂੰ ਸੰਤੁਲਿਤ ਭੋਜਨ ਨਹੀਂ ਮਿਲਦਾ। ਕਾਰਨ ਭਾਵੇਂ ਹੋਰ ਬਥੇਰੇ ਹੋ ਸਕਦੇ ਹਨ, ਪਰ ਵੱਡਾ ਕਾਰਨ ਦੇਸ਼ ਵਿਚ ਬੇਰੁਜ਼ਗਾਰੀ ਹੈ। ਕੰਮ ਦੀ ਘਾਟ ਹੈ। ਪਰ ਸਰਕਾਰ ਇਸ ਮਾਮਲੇ 'ਤੇ ਬੇਫ਼ਿਕਰ ਅਤੇ ਚੁੱਪ ਹੈ।

ਪਰ ਡਾ. ਮਨਮੋਹਨ ਸਿੰਘ ਕਿਉਂਕਿ ਲੋਕ ਹਿੱਤਾਂ ਦੀ ਰਾਖੀ ਕਰਨ ਵਾਲੇ ਜਾਣੇ ਜਾਂਦੇ ਸਨ, ਇਸੇ ਕਰਕੇ ਉਨ੍ਹਾਂ ਨੇ ਇਹੋ ਜਿਹੇ ਕਾਨੂੰਨ ਚੁੱਪ-ਚੁਪੀਤੇ ਪੂਰੀ ਮਿਹਨਤ ਅਤੇ ਸ਼ਿੱਦਤ ਨਾਲ ਬਣਾਏ, ਜਿਨ੍ਹਾਂ ਦਾ ਵਾਸਤਾ ਸਿੱਧਾ ਆਮ ਲੋਕਾਂ ਨਾਲ ਸੀ। ਉਨ੍ਹਾਂ ਸਭਨਾਂ ਕਾਰਜਾਂ ਵਿਚ ਇੱਕ ਕਾਰਜ ਇਹੋ ਜਿਹਾ ਸੀ, ਜਿਹੜਾ ਦੇਸ਼ ਦੇ ਹਰ ਨਾਗਰਿਕ ਨੂੰ ਹਰ ਕਿਸਮ ਦੀ ਸੂਚਨਾ ਲੈਣ ਦਾ ਅਧਿਕਾਰ ਦਿੰਦਾ ਸੀ। ਸੂਚਨਾ ਦੇ ਅਧਿਕਾਰ ਨੇ ਵੱਡੇ ਧੁਰੰਤਰਾਂ ਦੇ ਪੋਲ ਖੋਲ੍ਹੇ। ਅਧਿਕਾਰੀ ਅਤੇ ਵੱਡੇ ਸਿਆਸੀ ਘਾਗ ਜਿਹੜੇ ਆਪਣੇ ਕੀਤੇ ਬੁਰੇ ਕੰਮਾਂ ਨੂੰ ਲੁਕਾਉਣ ਲਈ ਜਾਣੇ ਜਾਂਦੇ ਸਨ, ਉਨ੍ਹਾਂ ਦਾ ਪਰਦਾ ਇਸ ਕਾਨੂੰਨ ਨਾਲ ਨੰਗਾ ਹੋਇਆ। ਭਾਵੇਂ ਕਿ ਇਸ ਸੂਚਨਾ ਦੇ ਅਧਿਕਾਰ ਨੂੰ ਅੱਜ ਬਹੁਤੀ ਅਹਿਮੀਅਤ ਨਹੀਂ ਦਿੱਤੀ ਜਾਂਦੀ ਅਤੇ ਅਧਿਕਾਰੀ ਸੂਚਨਾਵਾਂ ਦੇਣ ਲਈ ਟਾਲ ਮਟੋਲ ਕਰਦੇ ਹਨ, ਪਰ ਇਸ ਐਕਟ ਨੇ ਲੋਕਾਂ ਲਈ ਇਨਸਾਫ਼ ਲੈਣ ਦਾ ਰਾਹ ਖੋਲ੍ਹਿਆ।

ਆਪਣੇ ਰਾਜ ਭਾਗ ਦੇ ਅੰਤਲੇ ਸਮੇਂ ਦੌਰਾਨ ਲੋਕ ਪਾਲ ਬਿੱਲ ਪਾਸ ਕਰ ਕੇ ਡਾ. ਮਨਮੋਹਨ ਸਿੰਘ ਨੇ ਵਿਖਾ ਦਿੱਤਾ ਸੀ ਕਿ ਉਹ ਦੇਸ਼ ਵਿਚ ਪਾਰਦਰਸ਼ਤਾ ਦੇ ਵੱਡੇ ਹਾਮੀ ਹਨ। ਉਨ੍ਹਾਂ ਦੀ ਸਰਕਾਰ ਉਤੇ ਵਿਰੋਧੀਆਂ ਵਲੋਂ ਇਸ ਬਿੱਲ ਨੂੰ ਪਾਸ ਕਰਨ ਵਾਸਤੇ ਵੱਡਾ ਦਬਾਅ ਪਾਇਆ ਹੋਇਆ ਸੀ, ਪਰ ਇਹ ਲੋਕ ਪਾਲ ਬਿੱਲ ਦੇਸ਼ ਵਿਚ ਅਤੇ ਕਈ ਸੂਬਿਆਂ ਦੀਆਂ ਸਰਕਾਰਾਂ ਵਲੋਂ ਪਾਸ ਹੋਣ ਦੇ ਬਾਵਜੂਦ ਵੀ ਲਾਗੂ ਨਹੀਂ ਕੀਤਾ ਗਿਆ, ਕਿਉਂਕਿ ਇਹ ਸਿਆਸੀ ਲੋਕਾਂ ਦੇ ਦਾਗੀ ਚਿਹਰੇ ਨੰਗੇ ਕਰਨ ਵਾਲਾ ਐਕਟ ਸੀ।



ਡਾ. ਮਨਮੋਹਨ ਸਿੰਘ ਆਪਣੇ ਸੁਭਾਅ ਅਨੁਸਾਰ, ਦ੍ਰਿੜ੍ਹਤਾ ਨਾਲ ਦੇਸ਼ ਨੂੰ ਪਾਰਦਰਸ਼ੀ ਰਾਜ ਪ੍ਰਬੰਧ ਦੇਣ ਦਾ ਯਤਨ ਕਰਦੇ ਰਹੇ, ਦੇਸ਼ ਨੂੰ ਬੁਲੰਦੀਆਂ 'ਤੇ ਪਹੁੰਚਾਉਣ ਲਈ ਸਕੀਮਾਂ ਘੜਦੇ ਰਹੇ, ਲੋਕ ਭਲਾਈ ਕਾਰਜਾਂ ਨੂੰ ਸਿਰੇ ਲਾਉਣ ਲਈ ਸੰਵਿਧਾਨ ਅਨੁਸਾਰ ਨੀਤੀਆਂ ਬਣਾਉਂਦੇ ਰਹੇ ਅਤੇ ਮਾਣ ਵਾਲੀ ਗੱਲ ਇਹ ਕਿ ਆਪਣੇ ਵਿਰੋਧੀਆਂ ਦੇ ਹੋ-ਹੱਲਿਆਂ ਦੇ ਬਾਵਜੂਦ ਸਾਹਸ ਨਾਲ ਉਨ੍ਹਾਂ ਦਾ ਮੁਕਾਬਲਾ ਵੀ ਕਰਦੇ ਰਹੇ।

ਡਾ. ਮਨਮੋਹਨ ਸਿੰਘ ਜਿਹੀ ਸ਼ਖ਼ਸੀਅਤ ਉਤੇ ਮਰਨ ਉਪਰੰਤ ਵਿਸ਼ਵ ਪੱਧਰੀ ਇਸ ਸ਼ਖ਼ਸੀਅਤ ਦੀ ਸਮਾਰਕ ਬਣਾਉਣ ਉਤੇ ਵਿਵਾਦ ਉਤਨਾ ਹੀ ਨਿੰਦਣਯੋਗ ਹੈ, ਜਿੰਨਾ ਨਿੰਦਣਯੋਗ ਉਨ੍ਹਾਂ ਦੇ ਅੰਤਿਮ ਸਸਕਾਰ ਲਈ ਰਾਜ ਘਾਟ ਵਿਖੇ ਸਥਾਨ ਨਾ ਦੇਣਾ, ਕਿਉਂਕਿ ਹੁਣ ਤੱਕ ਸਾਰੇ ਸਾਬਕਾ ਪ੍ਰਧਾਨ ਮੰਤਰੀਆਂ ਦੇ ਰੁਤਬੇ ਦਾ ਸਨਮਾਨ ਕਰਦੇ ਹੋਏ ਸਸਕਾਰ ਅਧਿਕਾਰਤ ਸਮਾਧੀ ਵਾਲੀਆਂ ਥਾਵਾਂ ਉਤੇ ਹੀ ਕੀਤੇ ਗਏ, ਤਾਂ ਜੋ ਹਰ ਵਿਅਕਤੀ ਦਰਸ਼ਨ ਕਰ ਸਕੇ। ਮੰਨਿਆ ਜਾ ਰਿਹਾ ਹੈ ਕਿ ਸਰਕਾਰ ਨੇ ਇੰਜ ਨਾ ਕਰ ਕੇ ਉਨ੍ਹਾਂ ਦਾ ਨਿਰਾਦਰ ਕੀਤਾ ਹੈ।

ਡਾ. ਮਨਮੋਹਨ ਸਿੰਘ ਨੇ ਆਪਣੀ ਮਿਹਨਤ, ਲਗਨ ਅਤੇ ਪ੍ਰਤਿਭਾ ਦੇ ਜ਼ੋਰ ਨਾਲ ਜਗਤ ਪ੍ਰਸਿੱਧ ਯੂਨੀਵਰਸਿਟੀ ਕੈਂਬਰਿਜ, ਆਕਸਫੋਰਡ ਵਿਚ ਉੱਚ ਡਿਗਰੀਆਂ ਪ੍ਰਾਪਤ ਕੀਤੀਆਂ। ਉਹ ਭਾਰਤ ਸਰਕਾਰ ਦੇ ਸਲਾਹਕਾਰ, ਵਿੱਤ ਮੰਤਰਾਲੇ ਦੇ ਮੁੱਖ ਸਲਾਹਕਾਰ, ਯੋਜਨਾ ਆਯੋਗ ਦੇ ਮੈਂਬਰ, ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ, ਫਿਰ ਵਿੱਤ ਮੰਤਰੀ ਅਤੇ ਪ੍ਰਧਾਨ ਮੰਤਰੀ ਬਣੇ।

ਉਹ ਜ਼ਿੰਦਗੀ ਭਰ ਆਪਣੇ-ਆਪ ਨੂੰ ਦੇਸ਼ ਦਾ ਕਰਜ਼ਦਾਰ ਸਮਝਦੇ ਰਹੇ ਕਿ ਦੇਸ਼ ਦੀ ਵੰਡ ਦੇ ਬਾਅਦ ਇੱਕ ਬੇਘਰ ਹੋਏ ਆਦਮੀ ਨੂੰ ਦੇਸ਼ ਨੇ ਉੱਚ ਅਹੁਦੇ ਉਤੇ ਬਿਰਾਜਮਾਨ ਕੀਤਾ।

## ਡਾ. ਮਨਮੋਹਨ ਸਿੰਘ ਦੇ ਨੌਕਰਸ਼ਾਹੀ ਤੋਂ ਰਾਜਨੀਤੀ ਤੱਕ ਦੇ ਪੰਜ ਦਹਾਕੇ



| | |
|---|---|
| 1954: | ਪੰਜਾਬ ਯੂਨੀਵਰਸਿਟੀ ਤੋਂ ਮਾਸਟਰ ਡਿਗਰੀ ਪੂਰੀ ਕੀਤੀ। |
| 1957 : | ਕੈਂਬ੍ਰਿਜ ਯੂਨੀਵਰਿਸਟੀ ਤੋਂ ਇਕੋਨਾਮਿਕਸ ਟਿਪੋਜ (3 ਸਾਲਾ ਡਿਗਰੀ ਪ੍ਰੋਗਰਾਮ)। |
| 1962 | ਆਕਸਫੋਰਡ ਯੂਨੀਵਰਿਸਟੀ ਤੋਂ ਅਰਥ ਸ਼ਾਸਤਰ 'ਚ ਡੀ ਫਿਲ। |
| 1980-82: | ਮੈਂਬਰ ਯੋਜਨਾ ਕਮਿਸ਼ਨ |
| 1982-85: | ਰਿਜ਼ਰਵ ਬੈਂਕ ਆਫ ਇੰਡੀਆ ਦੇ ਗਵਰਨਰ |
| 1971: | ਭਾਰਤ ਸਰਕਾਰ ਦੇ ਵਣਜ ਮੰਤਰਾਲੇ 'ਚ ਆਰਥਿਕ ਸਲਾਹਕਾਰ। |
| 1972: | ਵਿੱਤ ਮੰਤਰਾਲੇ 'ਚ ਮੁੱਖ ਆਰਥਿਕ ਸਲਾਹਕਾਰ ਨਿਯੁਕਤ। |
| 1985-87: | ਯੋਜਨਾ ਕਮਿਸ਼ਨ ਦੇ ਉਪ ਪ੍ਰਧਾਨ ਦੇ ਰੂਪ 'ਚ ਕੰਮ ਕੀਤਾ। |
| 1987-90: | ਜੈਨੇਵਾ 'ਚ ਦੱਖਣ ਕਮਿਸ਼ਨ ਦੇ ਜਨਰਲ ਸਕੱਤਰ। |
| 1990 : | ਆਰਥਿਕ ਮਾਮਲਿਆਂ 'ਤੇ ਪੀਐੱਮ ਦੇ ਸਲਾਹਕਾਰ ਨਿਯੁਕਤ। |
| 1991: | ਯੂਨੀਵਰਸਿਟੀ ਗਰਾਂਟ ਕਮਿਸ਼ਨ ਦੇ ਚੇਅਰਮੈਨ ਨਿਯੁਕਤ। |
| 1991: | ਅਸਾਮ ਤੋਂ ਰਾਜ ਸਭਾ ਮੈਂਬਰ ਬਣੇ। |
| 1991-96: | ਪੀਵੀ ਨਰਸਿਮ੍ਹਾ ਰਾਓ ਸਰਕਾਰ ਤਹਿਤ ਵਿੱਤ ਮੰਤਰੀ। |
| 1998-2004: | ਰਾਜ ਸਭਾ 'ਚ ਵਿਰੋਧੀ ਧਿਰ ਦੇ ਨੇਤਾ। |
| 2004-2014: | ਭਾਰਤ ਦੇ ਪ੍ਰਧਾਨ ਮੰਤਰੀ। |

-0-

Happy New Year 2025 ਨਵਾਂ ਵਰ੍ਹਾ 2025 ਸਭਨਾਂ ਨੂੰ ਮੁਬਾਰਕ Happy New Year 2025

# Golden State Realty

**Real Estate and Loans Under One Roof**

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 38 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

*Call for Listing Special 2025*

**Ph: 510-304-9292 or 408-666-8279**



Anmol Singh Gill
REALTOR
Bre. # 02062952



Armaan Singh Gill
Sales Agent
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 305 ਠਸਚਅਨਅ ਔਏ ,ਔਅਰਦ ਛਓ 94545
2. 247 Dixon rd Milpitas ca 95035
3. 6388 Broadway Ave Newark CA 94560
4. 475 Hermosa St Lathrop Ca 95330
5. 985 Silver Birch Ln Hayward CA 94544
6. 1672 Northgate Manteca CA 95336
7. 819 Saint Rufina Lane Unit 19 Morgan Hill CA 95037
8. 26676 Campeche St Hayward CA 94545
9. 1777 Osage Ave Hayward CA 94545
10. 2249 moody ave Hayward ca 94545
11. 9714 Fall Valley Way Sacramento CA 95829
12. 259 N Capitol Ave UNIT 156 San Jose, CA, 95127
13. 3551 Santiago Ave Merced, CA, 95348
14. 15740 Via Castana Morgan Hill CA 95037
15. 3104 Salisbury court CA 94555
16. 4415 Margery Dr. Fremont CA 94538

## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker
CA BRE Lic.#01180969
NMLS# 352095

# ਦੋਹਾਂ ਪੰਜਾਬਾਂ ਦੀ ਸਾਂਝੀ ਗਾਇਕੀ

## ਕਲਾ ਪਰਿਕਰਮਾ






**ਹਰਦਿਆਲ ਸਿੰਘ ਥੂਹੀ**
84271-00341

ਕਿਸੇ ਵੀ ਕਲਾ ਦੇ ਇਤਿਹਾਸਕ ਵਿਕਾਸ ਨੂੰ ਵਾਚਣ ਲਈ ਕੁਝ ਠੋਸ ਆਧਾਰਾਂ ਦਾ ਹੋਣਾ ਜ਼ਰੂਰੀ ਹੁੰਦਾ ਹੈ। ਤੂੰਬੇ ਅਲਗੋਜ਼ੇ ਦੀ ਗਾਇਣ ਪਰੰਪਰਾ ਸਾਡੀ ਰਵਾਇਤੀ ਗਾਇਕੀ ਦਾ ਇੱਕ ਅਜਿਹਾ ਰੂਪ ਹੈ, ਜਿਸ ਦੇ ਬਾਰੇ 'ਚ ਕੋਈ ਲਿਖਤੀ ਜਾਂ ਪਰਮਾਣਿਕ ਤੱਥ ਆਮ ਤੌਰ 'ਤੇ ਨਹੀਂ ਮਿਲਦੇ। ਅਸਲ ਵਿਚ ਲੋਕ ਗਾਇਕੀ ਦੇ ਇਹ ਪੁਰਾਤਨ ਰੂਪ ਇੱਕ ਸੁਭਾਵਿਕ ਵਰਤਾਰੇ ਦੇ ਤੌਰ 'ਤੇ ਪੀੜ੍ਹੀ ਦਰ ਪੀੜ੍ਹੀ ਚਲੇ ਆ ਰਹੇ ਹਨ। ਸਾਡੇ ਵਿਦਵਾਨਾਂ ਜਾਂ ਬੁੱਧੀ ਜੀਵੀਆਂ ਨੇ ਇਨ੍ਹਾਂ ਵੱਲ ਕੋਈ ਵਿਸੇਸ਼ ਤਵੱਜੋਂ ਦੇਣ ਦਾ ਯਤਨ ਨਹੀਂ ਕੀਤਾ। ਵਿਸ਼ੇਸ਼ ਤਾਂ ਇੱਕ ਪਾਸੇ ਰਹੀ, ਬਹੁਤੇ ਪੱਖਾਂ ਦੇ ਬਾਰੇ ਤਾਂ ਕਿਸੇ ਸਾਹਿਤ ਜਾਂ ਸਭਿਆਚਾਰ ਦੇ ਇਤਿਹਾਸ ਵਿਚ ਮਾੜਾ ਮੋਟਾ ਜ਼ਿਕਰ ਵੀ ਕੀਤਾ ਹੋਇਆ ਨਹੀਂ ਮਿਲਦਾ। ਇਹੀ ਹਾਲ ਤੂੰਬੇ ਅਲਗੋਜ਼ੇ ਦੀ ਗਾਇਕੀ ਦਾ ਹੈ। ਪਰੰਤੂ ਫਿਰ ਵੀ ਸਾਨੂੰ ਪੀੜ੍ਹੀ ਦਰ ਪੀੜ੍ਹੀ ਚਲੀ ਆ ਰਹੀ ਇਸ ਪਰੰਪਰਾ ਦੇ ਬਾਰੇ ਕੁੱਝ ਨਿਰਣੇ ਤਾਂ ਲੈਣੇ ਹੀ ਪੈਣਗੇ, ਭਾਵੇਂ ਉਹ ਸੁਣੀਆਂ ਸੁਣਾਈਆਂ ਗੱਲਾਂ 'ਤੇ ਹੀ ਆਧਾਰਤ ਹੋਣ।

ਭਾਵੇਂ ਸਾਨੂੰ ਇਸ ਗਾਇਕੀ ਦੇ ਮੁਢਲੇ ਦੌਰ ਬਾਰੇ ਕੋਈ ਲਿਖਤੀ ਜਾਂ ਅਲਿਖਤੀ ਪ੍ਰਮਾਣ ਨਹੀਂ ਮਿਲਦੇ, ਪਰੰਤੂ ਤਸੱਲੀ ਵਾਲੀ ਗੱਲ ਇਹ ਹੈ ਕਿ ਇਸ ਸਿੱਧੀ ਸਾਦੀ ਗਾਇਕੀ ਨੂੰ ਵੀ ਰਿਕਾਰਡ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਅਸਲ ਵਿਚ ਪੰਜਾਬੀ ਲੋਕ ਗਾਇਕੀ ਦੀ ਰਿਕਾਰਡਿੰਗ ਦੇ ਸ਼ੁਰੂ ਹੋਣ ਦੇ ਦੋ ਕੁ ਦਹਾਕੇ ਬਾਅਦ ਭਾਵ ਵੀਹਵੀਂ ਸਦੀ ਦੇ ਚੌਥੇ ਦਹਾਕੇ ਦੇ ਸ਼ੁਰੂ ਵਿਚ ਹੀ ਇਹ ਸਿੱਧੀ ਸਾਦੀ ਗਾਇਕੀ ਦੇ ਰਿਕਾਰਡ ਹੋਣ ਦੇ ਸਬੂਤ ਵੀ ਮਿਲਦੇ ਹਨ। ਕਈ ਰਿਕਾਰਡਿੰਗ ਕੰਪਨੀਆਂ ਨੇ ਇਸ ਗਾਇਕੀ ਨਾਲ ਸੰਬੰਧਤ ਗਾਇਕਾਂ ਨੂੰ ਰਿਕਾਰਡ ਕਰਕੇ ਇਸ ਗਾਇਕੀ ਨੂੰ ਵਿਸੇਸ਼ ਮਹੱਤਵ ਦਿੱਤਾ। ਨਵਾਬ ਘੁਮਾਰ ਅਨਾਇਤਕੋਟੀਏ ਦੀ ਪਹਿਲੀ ਰਿਕਾਰਡਿੰਗ 1932-33 ਵਿਚ ਰੀਗਲ ਰਿਕਾਰਡਿੰਗ ਕੰਪਨੀ ਵਿਚ ਹੋਈ। ਇਸੇ ਤਰ੍ਹਾਂ 'ਦੀ ਟਵਿਨ' ਅਤੇ 'ਯੰਗ ਇੰਡੀਆ' ਕੰਪਨੀ ਵਿਚ ਵੀ ਉਸਦੀ ਰਿਕਾਰਡਿੰਗ ਮਿਲਦੀ ਹੈ। ਇਸ ਰਿਕਾਰਡਿੰਗ ਨੂੰ ਸੁਣਕੇ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਪੰਜਾਬੀ ਸਮਾਜ ਵਿਚ ਇਸਦਾ ਵੀ ਇੱਕ ਸਨਮਾਨ ਯੋਗ ਸਥਾਨ ਰਿਹਾ ਹੈ। ਇਸ ਲਈ ਇਸ ਰਿਕਾਰਡ ਹੋਈ ਗਾਇਕੀ ਬਾਰੇ ਤਾਂ ਅਸੀਂ ਦਲੀਲ ਸਹਿਤ ਆਪਣੀ ਰਾਇ ਪ੍ਰਗਟ ਕਰ ਸਕਦੇ ਹਾਂ ਅਤੇ ਇਸੇ ਦੇ ਆਧਾਰ ਤੇ ਇਸ ਦੀ ਪੁਰਾਤਨਤਾ ਦਾ ਅੰਦਾਜ਼ਾ ਵੀ ਲਾ ਸਕਦੇ ਹਾਂ।

ਸਮੁੱਚੀ ਗਾਇਕੀ ਦੀ ਘੋਖ ਕਰਨ 'ਤੇ ਅਸੀਂ ਇਸ ਨੂੰ ਦੋ ਵਰਗਾਂ ਵਿਚ ਵੰਡ ਸਕਦੇ ਹਾਂ। ਪਹਿਲੀ ਮਾਲਵੇ ਦੁਆਬੇ ਖੇਤਰ ਦੀ ਗਾਇਕੀ ਜਿਸਦੀ ਪ੍ਰਤੀਨਿਧਤਾ ਮੁਹੰਮਦ ਸਦੀਕ ਔੜੀਆ ਅਤੇ ਫਜ਼ਲ ਮਹੁੰਮਦ ਟੁੰਡਾ ਨੇ ਕੀਤੀ। ਦੂਜੀ ਮਾਝੇ ਖੇਤਰ ਦੀ ਗਾਇਕੀ ਜਿਸਦੀ ਪ੍ਰਤੀਨਿਧਤਾ ਨਵਾਬ ਘੁਮਾਰ ਅਤੇ ਆਲਮ ਲੁਹਾਰ ਨੇ ਕੀਤੀ। ਦੋਵਾਂ ਵਿਚ ਮੂਲ ਅੰਤਰ ਹੈ ਇਨ੍ਹਾਂ ਦੀ ਗਾਇਣ ਸ਼ੈਲੀ। ਦੋਵਾਂ ਦਾ ਮੁੱਖ ਸਾਜ਼ ਭਾਵੇਂ 'ਜੋੜੀ' (ਅਲਗੋਜ਼ੇ) ਹੈ, ਪਰੰਤੂ ਇਸਨੂੰ ਵਜਾਉਣ ਦੇ ਢੰਗ ਵਿਚ ਅੰਤਰ ਹੈ। ਇਹ ਗਾਇਕ ਇੱਕ ਨੂੰ ਲੁਧਿਆਣਾ ਜੋੜੀ (ਸ਼ੈਲੀ) ਕਹਿੰਦੇ ਹਨ ਅਤੇ ਦੂਜੀ ਨੂੰ ਸਿਆਲਕੋਟੀ ਜੋੜੀ (ਸ਼ੈਲੀ) ਕਹਿੰਦੇ ਹਨ। ਇਸ ਤੋਂ ਇਲਾਵਾ ਸਹਾਇਕ ਸਾਜ਼ਾਂ ਵਿਚ ਵੀ ਥੋੜ੍ਹੀ ਭਿੰਨਤਾ ਹੈ। ਮਾਲਵੇ ਦੁਆਬੇ ਵਾਲਿਆਂ ਦਾ ਸਹਾਇਕ ਸਾਜ਼ ਦੋਤਾਰਾ ਤੂੰਬਾ ਹੈ। ਮਾਝੇ ਖੇਤਰ ਵਾਲੇ ਨਾਲ ਚਿਮਟਾ, ਕਿੰਗ (ਵੱਡੀ ਦੋਤਾਰਾ ਤੂੰਬੀ), ਢੋਲਕ ਜਾਂ ਢੱਡ ਆਦਿ ਸਾਜ਼ਾਂ ਦੀ ਵਰਤੋਂ ਕਰਦੇ ਹਨ। ਇਸ ਤੋਂ ਇਲਾਵਾ ਮਾਝੇ ਵਾਲੇ ਗਾਇਕ ਇਕੱਲੇ ਹੀ ਗਾਉਂਦੇ ਸਨ/ਹਨ, ਪਾਛੂ ਸਿਰਫ ਸਾਜ਼ਾਂ 'ਤੇ ਸਾਥ ਦਿੰਦੇ ਹਨ। ਇਸਦੇ ਉਲਟ ਮਾਲਵੇ ਦੁਆਬੇ ਵਾਲੇ ਗਾਇਕ ਆਗੂ ਤੇ ਪਾਛੂ ਦੋਵੇਂ ਮਿਲਕੇ ਗਾਉਂਦੇ ਹਨ। ਆਗੂ ਅੱਗੇ ਬੋਲਦਾ ਹੈ ਤੇ ਪਾਛੂ ਉਸਨੂੰ ਪੂਰਦਾ ਹੈ। ਮਾਝੇ ਵਾਲਿਆਂ ਦਾ ਗਾਇਣ ਢੰਗ ਤੇ ਲਹਿਜਾ ਵੱਖਰਾ ਹੈ ਅਤੇ ਮਾਲਵੇ ਦੁਆਬੇ ਵਾਲਿਆਂ ਦਾ ਵੱਖਰਾ। ਲੁਧਿਆਣਾ ਸ਼ੈਲੀ ਨਾਲ ਸੰਬੰਧਤ ਗਾਇਕਾਂ ਵਿਚ ਸਭ ਤੋਂ ਪੁਰਾਣਾ ਗਾਇਕ ਹੈਮੁਹੰਮਦੀ ਰੌਂਤ ਨਕੋਦਰ ਵਾਲਾ। ਗਾਇਕ ਦੇ ਨਾਲ ਨਾਲ ਉਹ ਇੱਕ ਆਹਲਾ ਦਰਜੇ ਦਾ ਸ਼ਾਇਰ ਸੀ। ਉਸਦੀ ਲਿਖੀ ਮਲਕੀ ਅਤੇ ਜਿਉਣਾ ਮੌੜ ਅਜੇ ਵੀ ਗਾਏ ਜਾਂਦੇ ਹਨ। ਉਸਦੇ ਸ਼ਗਿਰਦਾਂ ਵਿਚ ਨੱਥੂ ਰੌਂਤ ਕਰਿਆਮ ਵਾਲਾ, ਕਾਕਾ ਰਾਵਾਂ ਖੇਲਾ ਵਾਲਾ। ਅੱਗੇ ਨੱਥੂ ਰੌਂਤ ਦੇ ਸ਼ਗਿਰਦਾਂ ਵਿਚ ਕਾਕਾ ਫੀਲਡ ਗੰਜ ਲੁਧਿਆਣੇ ਵਾਲਾ, ਭੁੱਲਾ ਸੱਲਾਂ ਵਾਲਾ ਅਤੇ ਸ਼ੇਰਾ ਘੁਮਿਆਰ ਕਰਿਆਮ ਵਾਲਾ। ਇਨ੍ਹਾਂ ਵਿਚੋਂ ਸਭ ਤੋਂ ਵੱਧ ਪ੍ਰਸਿੱਧੀ ਖੱਟੀ ਫੀਲਡ ਗੰਜ ਵਾਲੇ ਕਾਕੇ ਨੇ। ਅਸਲ ਵਿਚ ਤੂੰਬੇ ਤੇ ਜੋੜੀ ਨੂੰ ਇਕੱਠਾ ਕਰਨ ਦਾ ਸਿਹਰਾ ਕਾਕੇ ਨੂੰ ਹੀ ਜਾਂਦਾ ਹੈ। ਇਸ ਤੋਂ ਪਹਿਲਾਂ ਕੋਈ ਇਕੱਲੇ ਤੂੰਬੇ ਨਾਲ ਗਾਉਂਦਾ ਸੀ ਤੇ ਕੋਈ ਇਕੱਲੀ ਜੋੜੀ ਨਾਲ। ਇਸ ਤਰ੍ਹਾਂ ਕਾਕੇ ਨੇ ਦੋਵਾਂ ਦਾ ਸੁਮੇਲ ਕਰਕੇ ਇੱਕ ਅਜਿਹੀ ਪਿਰਤ ਪਾਈ ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਪਰਮਾਣਿਕ ਹੋ ਗਈ। ਉਸਦੇ ਸ਼ਗਿਰਦਾਂ ਵਿਚੋਂ ਮੁਹੰਮਦ ਸਦੀਕ ਔੜ ਵਾਲੇ ਨੇ ਆਪਣੀ ਕਲਾ ਦੇ ਜ਼ੋਰ ਇਸ ਗਾਇਕੀ ਨੂੰ ਰਿਕਾਰਡ ਕਰਵਾਕੇ ਇਕ ਸਨਮਾਨ ਯੋਗ ਥਾਂ ਦੁਆਈ। ਮੁਹੰਮਦ ਸਦੀਕ ਦੇ ਸ਼ਗਿਰਦ ਫਜ਼ਲ ਮੁਹੰਮਦ ਟੁੰਡੇ ਜਗਰਾਵਾਂ ਵਾਲੇ ਨੇ ਆਪਣੇ ਉਸਤਾਦ ਸਦੀਕ ਨਾਲ ਸਾਂਝੀ ਰਿਕਾਰਡਿੰਗ ਵੀ ਕਰਵਾਈ ਅਤੇ ਵੱਖਰੇ ਤੌਰ ਤੇ ਵੀ। ਇਸ ਵਰਗ ਦੇ ਹੋਰ ਗਾਇਕਾਂ ਵਿਚ ਫਜ਼ਲਾ ਗੁੱਜਰ ਹੇਅਰਾਂ ਵਾਲਾ, ਫਰਜੰਦ ਅਲੀ, ਹਰੀ ਦਾਸ ਲਿੱਦੜਾਂ, ਅਬਾਦ ਗੁੱਜਰ, ਜੰਗੀਰ ਸਿੰਘ ਭੂੰਦੜੀ, ਦਰਸ਼ਨ ਰਾਵਾਂ ਖੇਲਾ, ਨੂਰੂ ਸ਼ੇਖੇਵਾਲੀਆ, ਜਾਨੀ ਤੇ ਸੋਹਣਾ ਇਮਾਮਗੜ੍ਹ, ਇਬਰਾਹੀਮ ਘੁੱਦੂ, ਨੂਰਾ ਤਮਕੌਡੀਆ, ਨੰਗਲਾਂ ਦਾ ਇਨਾਇਤ, ਸ਼ਰੀਫ ਬੋਲਾ, ਸੁਰਾਜ ਮੁਹੰਮਦ, ਸ਼ਫੀ ਅਰਾਈਂ ਬੱਗਿਆਂ ਵਾਲਾ, ਸ਼ੇਰੂ, ਸਦੀਕ ਪਖੀਰ ਅਸਕਲੀਪੁਰ, ਬੂਟਾ ਗੁੱਜਰ, ਰਈਏਵਾਲਾ ਨਿੱਕਾ, ਗੁਲਾਮ ਨਬੀ ਧਨੋਅ, ਫੱਤਾ ਜਮਾਲਪੁਰੀਆ, ਸੁੱਚਾ ਮਲੌਦੀਆ, ਨਸੀਰੂਦੀਨ ਸਿਲ ਸੋਤਲ, ਨੂਰਦੀਨ ਮਲੇਰਕੋਟਲਾ, ਫਜ਼ਲਦੀਨ, ਮਲੇਰਕੋਟਲਾ, ਰਹਿਮਦੀਨ ਨਾਰੋਮਾਜਰਾ, ਸੁਰੈਣ ਸਿੰਘ ਪੁੜੈਣ, ਜਾਨਾ ਪੱਖੋਵਾਲੀਆ, ਸਦੀਕ ਮੁਹੰਮਦ ਮਲੇਰਕੋਟਲਾ, ਚਿਰਾਗਦੀਨ ਟਿੱਬਾ, ਫਜ਼ਲ ਮੁਹੰਮਦ ਲੋਹਟਬੱਦੀ, ਹਰਬੰਸ ਨੰਗਲ, ਮੋਹਨ ਸਿੰਘ ਝੰਡੇਰਾਂ, ਮਹਿੰਦਰ ਰਾਮ, ਪਰੀਤੂ ਬੁੰਡਾਲਾ, ਠਾਕਰ ਰਾਮ ਫਰਾਲਾ, ਮਹਿੰਦਰ ਸਿੰਘ ਲੰਬੜਦਾਰ, ਮੇਹਰ ਸਿੰਘ ਦੁੱਗਰੀ ਨਾਮੀ ਰਾਗੀ ਹੋਏ ਹਨ। ਵਰਤਮਾਨ ਸਮੇਂ ਪੂਰਬੀ ਪੰਜਾਬ ਦੇ ਲੁਧਿਆਣਾ ਸ਼ੈਲੀ ਨਾਲ ਜੁੜੇ ਗਾਇਕਾਂ ਵਿਚ ਜਰਨੈਲ ਸਿੰਘ ਕੁੱਕੂ, ਸੁਖਦੇਵ ਸਿੰਘ ਮੱਦੋਕੇ, ਸ਼ਾਦੀ ਖਾਂ ਮਲੇਰਕੋਟਲਾ, ਮੋਹਣ ਲਾਲ ਫਰਾਲਾ, ਪਾਲਾ ਮਾਣਕਪੁਰ ਸ਼ਰੀਫ਼, ਹਰਮਿੰਦਰ ਸਿੰਘ ਜਲਾਲ, ਗੁਰਤੇਜ ਸਿੰਘ ਸੋਹੀਆਂ, ਮਨਪ੍ਰੀਤ ਮੰਨਾ ਆਦਿ ਸ਼ਾਮਲ ਹਨ। ਲਹਿੰਦੇ ਪੰਜਾਬ ਵਿਚ ਲੁਧਿਆਣਾ ਸ਼ੈਲੀ ਨਾਲ ਸੰਬੰਧਤ ਅਨੇਕਾਂ ਗਾਇਕ ਸਨ/ਹਨ, ਜਿਨ੍ਹਾਂ ਵਿਚ ਫ਼ਜ਼ਲਦੀਨ, ਸਦਰਦੀਨ ਸਮੁੰਦਰੀ ਵਾਲਾ, ਉਮਰਦੀਨ ਕੋਠੀਆਂ ਵਾਲਾ, ਜਮਾਲਦੀਨ ਗੁੱਜਰ, ਬਾਬਾ ਰਹਿਮਾ ਜਹਾਂਗੀਰ ਵਾਲਾ, ਮੁਹੰਮਦ ਸ਼ਰੀਫ, ਵਲਾਇਤ ਅਲੀ, ਗੁਲਾਮ ਅਲੀ, ਮੁਹੰਮਦ ਅਲੀ, ਮੰਨਾ ਜੱਟ, ਤਾਜਾ ਬੰਗਿਆਂ ਵਾਲਾ, ਤਾਲਬ ਟੋਭੇ ਵਾਲਾ, ਅਬਦੁਲ ਗਫਾਰ, ਅਸ਼ਫਾਕ ਗੁੱਜਰ, ਮੁਹੰਮਦ ਬਸ਼ੀਰ, ਭਾਗ ਰਾਗੀ ਅਜ਼ੀਜ਼ ਗੁੱਜਰ, ਅਸ਼ਫਾਕ ਚਿਨਿਓਟ ਵਾਲਾ, ਬਰਕਤ ਅਲੀ, ਇਰਫਾਨ ਰਾਗੀ ਆਦਿ ਸ਼ਾਮਲ ਸਨ/ਹਨ। ਸਿਆਲਕੋਟੀ ਗਾਇਣ ਸ਼ੈਲੀ ਵਿਚ ਮੁਢਲੇ ਗਾਇਕਾਂ ਵਿਚੋਂ ਅੱਲਾ ਦਿੱਤਾ ਵੜੈਚ ਇੱਕ ਨਾਮੀ ਗਵੰਤਰੀ ਹੋਇਆ ਹੈ। ਇਹ ਪ੍ਰਸਿੱਧ ਗਾਇਕ ਨਵਾਬ ਦੀਨ ਉਰਫ ਨਵਾਬ ਘੁਮਾਰ ਅਨਾਇਤਕੋਟੀਏ ਦਾ ਉਸਤਾਦ ਸੀ। ਨਵਾਬ ਨੂੰ ਕਾਲੇ ਤਵਿਆਂ ਵਿਚ ਰਿਕਾਰਡ ਹੋਣ ਦਾ ਮਾਣ ਹਾਸਲ ਹੈ। ਉਸ ਵਾਲੀ ਲੀਹ ਨੂੰ ਅੱਗੇ ਤੋਰਿਆ ਉਸਦੇ ਸ਼ਗਿਰਦ ਮੁਹੰਮਦ ਆਲਮ ਲੁਹਾਰ ਨੇ। ਉਸਦੇ ਸ਼ਗਿਰਦਾਂ ਵਿਚ ਜਿੱਥੇ ਮੁਸਲਮਾਨ ਗਾਇਕ ਹੋਏ ਹਨ, ਉਥੇ ਬਹੁਤ ਸਾਰੇ ਹਿੰਦੂ ਗਾਇਕ ਵੀ ਹੋਏ ਹਨ। ਇਸ ਸ਼ੈਲੀ ਦੇ ਗਾਇਕਾਂ ਵਿਚ ਮੁਹੰਮਦ ਸਫੀ ਵਾੜੇ ਵਾਲਾ, ਫੌਜੂ ਸਾਂਹਸੀ, ਬਲੋਚ ਸ਼ਮੀਰ, ਮਲਕ ਅਕਬਰ, ਜਾਨਾ ਘੁਮਾਰ ਟੈਡੀ, ਰਫੀਕ ਘੁਮਾਰ, ਲਤੀਫ ਘੁਮਾਰ, ਹਨੀਫ਼ ਘੁਮਾਰ, ਨਵਾਬ ਦਾ ਪੋਤਰਾ ਫੈਸਲ ਘੁਮਾਰ, ਆਲਮ ਲੁਹਾਰ ਦਾ ਪੁੱਤਰ ਆਰਫ਼ ਲੁਹਾਰ, ਨਵਾਬ ਘੁਮਾਰ ਦਾ ਪੋਤਰਾ ਸ਼ਗਿਰਦ ਜੀਵਨ ਜਈਆ ਬਹਾਉਦੀਨ ਵਾਲਾ, ਕਰਮਜੀਤ ਸਿਆਲਕੋਟੀਆ ਜੋੜੀ ਵਾਲਾ, ਪਲਬੀਰ ਸ਼ਾਹ ਰਾਣਾ ਬਾਠਾਂ ਵਾਲਾ ਜੋੜੀ ਵਾਦਕ ਆਦਿ ਸ਼ਾਮਲ ਸਨ/ਹਨ। ਮੁੱਖ ਤੌਰ ਤੇ ਇਸ ਗਾਇਕੀ ਦੇ ਦੋ ਰੂਪ ਪ੍ਰਚੱਲਿਤ ਹਨ, 'ਲੜੀਬੱਧ' ਗਾਇਣ ਅਤੇ 'ਰੰਗ' ਗਾਇਣ। ਲੜੀਬੱਧ ਗਾਇਣ ਨੂੰ ਇਹ ਕਲਾਕਾਰ ਲੜੀ ਦਾ ਰਾਗ ਕਹਿੰਦੇ ਹਨ। ਲੜੀ ਬੱਧ ਤੋਂ ਭਾਵ ਹੈ ਕਿਸੇ ਗਾਥਾ ਨੂੰ 'ਕਿੱਸੇ' ਵਾਂਗ ਆਦਿ ਤੋਂ ਅੰਤ ਤੱਕ ਗਾਉਣਾ। ਢਾਈ ਤਿੰਨ ਘੰਟੇ ਦੇ ਇੱਕ ਅਖਾੜੇ ਵਿਚ ਕਿਸੇ ਗਾਥਾ ਦਾ ਲੜੀ ਬੱਧ ਗਾਇਣ ਕੀਤਾ ਜਾਂਦਾ ਹੈ। 'ਰੰਗ' ਤੋਂ ਭਾਵ ਹੈ ਵੱਖ ਵੱਖ ਵਿਸ਼ਿਆਂ ਨਾਲ ਸੰਬੰਧਤ ਵਿਕੋਲਿਤਰੀਆਂ ਰਚਨਾਵਾਂ। ਇਹ ਕਿਸੇ ਗਾਥਾ ਦਾ ਅੰਸ਼ ਹੁੰਦੇ ਹੋਏ ਵੀ ਆਪਣੇ ਆਪ ਵਿਚ ਇੱਕ ਸੁਤੰਤਰ ਰਚਨਾ ਹੁੰਦੀ ਹੈ। ਸਮੇਂ ਦੀ ਘਾਟ ਵੇਲੇ ਪੂਰੀ ਗਾਥਾ ਦੀ ਥਾਂ 'ਰੰਗ' ਹੀ ਗਾਏ ਜਾਂਦੇ ਹਨ। ਮੇਲਿਆਂ ਮੁਸਾਹਬਿਆਂ 'ਤੇ 'ਰੰਗ' ਰੂਪ ਹੀ ਜ਼ਿਆਦਾ ਪ੍ਰਚਲਿਤ ਹਨ।

ਇਸ ਗਾਇਕੀ ਦੀਆਂ ਹੋਰ ਬਹੁਤ ਸਾਰੀਆਂ ਵਿਸ਼ੇਸਤਾਵਾਂ ਹਨ, ਜਿਨ੍ਹਾਂ ਦਾ ਵਰਨਣ ਕਰਨ ਲਈ ਵੱਖਰੇ ਲੇਖ ਦੀ ਜ਼ਰੂਰਤ ਹੈ। ਸਭ ਤੋਂ ਵੱਡੀ ਗੱਲ ਇਹ ਗਾਇਕੀ ਦੋਹਾਂ ਪੰਜਾਬਾਂ ਵਿਚ ਸਾਂਝ ਦੀ ਇੱਕ ਕੜੀ ਹੈ। ਇਸ ਗਾਇਕੀ ਨਾਲ ਸੰਬੰਧਤ ਕੋਈ ਕਲਾਕਾਰ ਜਦੋਂ ਏਧਰ ਆਉਂਦਾ ਹੈ ਤਾਂ ਏਧਰਲੇ ਪੰਜਾਬੀ ਉਸਨੂੰ ਹੱਥਾਂ 'ਤੇ ਚੁੱਕਦੇ ਹਨ। ਉਸਤਾਦ ਗਾਇਕ ਮੁਹੰਮਦ ਸ਼ਰੀਫ ਰਾਗੀ ਆਪਣੇ ਸਾਥੀਆਂ ਨਾਲ ਏਧਰ ਦੋ ਗੇੜੇ ਲਾ ਚੁੱਕਾ ਹੈ। ਉਸਨੂੰ ਬੇਹੱਦ ਮਾਣ ਸਤਿਕਾਰ ਤੇ ਪਿਆਰ ਮਿਲਿਆ। ਏਧਰਲੇ ਉਸਤਾਦ ਗਾਇਕ ਸਵਰਗਵਾਸੀ ਜੰਗੀਰ ਸਿੰਘ ਭੂੰਦੜੀ ਨੇ ਇੱਕ ਮੁਲਾਕਾਤ ਦੌਰਾਨ ਦੱਸਿਆ ਸੀ ਕਿ ਜਦੋਂ ਉਹ ਉਧਰ ਗਿਆ ਸੀ, ਤਾਂ ਉਧਰਲੇ ਪੰਜਾਬੀਆਂ ਨੇ ਉਸਨੂੰ ਹੱਥੀਂ ਛਾਵਾਂ ਕੀਤੀਆਂ। ਇਸ ਤਰ੍ਹਾਂ ਇਹ ਕਲਾਕਾਰ ਨਫ਼ਰਤ ਅਤੇ ਈਰਖਾ ਦੀ ਥਾਂ ਭਾਈਚਾਰਕ ਸਾਂਝ ਅਤੇ ਸਦਭਾਵਨਾ ਦਾ ਸੰਦੇਸ਼ ਦਿੰਦੇ ਹਨ, ਜਿਸਦੀ ਕਿ ਅਜੋਕੇ ਦੌਰ ਵਿਚ ਬਹੁਤ ਲੋੜ ਹੈ।


ਫ਼ਿਕਰ ਵਾਲੀ ਗੱਲ ਇਹ ਹੈ ਕਿ ਵਰਤਮਾਨ ਸਮੇਂ ਇਸ ਗਾਇਣ ਵੰਨਗੀ ਦੀ ਹਾਲਤ ਤਰਸਯੋਗ ਹੈ। ਚੜ੍ਹਦੇ ਪੰਜਾਬ ਵਿਚ ਤਾਂ ਇਸ ਗਾਇਕੀ ਨਾਲ ਸੰਬੰਧਤ ਕੇਵਲ ਗਿਣਤੀ ਦੇ ਗਾਇਕ ਹੀ ਰਹਿ ਗਏ ਹਨ। ਲਹਿੰਦੇ ਪੰਜਾਬ ਵਿਚ ਵੀ ਸਥਿੱਤੀ ਕੋਈ ਬਹੁਤੀ ਚੰਗੀ ਨਹੀਂ, ਪਰੰਤੂ ਏਧਰ ਨਾਲੋਂ ਬੇਹਤਰ ਹੈ। ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਨੂੰ ਉਚੇਚੇ ਯਤਨ ਕਰਕੇ ਇਨ੍ਹਾਂ ਕਲਾਕਾਰਾਂ ਦੇ ਵਿਸੇਸ਼ ਟੂਰ ਪ੍ਰੋਗਰਾਮ ਬਣਾਉਣੇ ਚਾਹੀਦੇ ਹਨ। ਵੀਜ਼ੇ ਦੀਆਂ ਸ਼ਰਤਾਂ ਨਰਮ ਕਰਨੀਆਂ ਚਾਹੀਦੀਆਂ ਹਨ, ਤਾਂ ਜੋ ਇਹ ਕਲਾਕਾਰ ਇੱਕ ਤੋਂ ਦੂਜੇ ਪਾਸੇ ਆ ਜਾ ਸਕਣ, ਜਿਸ ਨਾਲ ਪਿਆਰ ਭਾਵਨਾ ਵਧ ਸਕੇ।

**-ਪਿੰਡ ਤੇ ਡਾਕ: ਥੂਹੀ ਤਹਿ: ਨਾਭਾ ਜ਼ਿਲ੍ਹਾ ਪਟਿਆਲਾ।**

# ਆਖ ਤਸਵੀਰਾਂ ਬੋਲਦੀਆਂ

***ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 11 ਜਨਵਰੀ 2025 ਹੈ। -ਸੰਪਾਦਕ***

## ਕੈਪਸ਼ਨ ਮੁਕਾਬਲਾ-672



*ਇੱਕ ਪਹਾੜੀ ਪਿੰਡ ਦੀ ਫ਼ੋਟੋ, ਕੱਚੇ ਘਰ ਨੇ ਕਿੰਨੇ ਸੋਹਣੇ,*
*ਸਬਜ਼ੀ ਭਾਜੀ ਵਿਚ ਉਗਾਈ, ਲੱਗਦੇ ਕਿੰਨੇ ਮਨ-ਮੋਹਣੇ।*
*ਕੁਦਰਤ ਦੀ ਗੋਦੀ ਦਾ ਨਿੱਘ, ਧੁੱਪਾਂ ਛਾਂਵਾਂ ਪਿੰਡੇ ਸਹਿੰਦੇ,*
*ਭਾਵੇਂ ਗੁਰਬਤ ਦੇ ਨੇ ਮਾਰੇ, ਸਿੱਧੇ ਸਾਦੇ ਲੋਕੀਂ ਰਹਿੰਦੇ।*

## ਕੈਪਸ਼ਨ ਮੁਕਾਬਲਾ-670



ਸੱਤਰ ਸਾਲ ਪਹਿਲਾਂ ਦੇ ਕਿੱਸੇ,
ਤਸਵੀਰਾਂ ਨੇ ਯਾਦ ਕਰਾਏ,
ਡਿੱਘੀਆਂ ਦਾ ਪਾਣੀ ਸੀ ਹਿੱਸੇ,
ਤੇ ਮਹਿਰਾ ਚਰਸ ਲਿਆਏ।
ਹਰ ਘਰ ਦੇ ਕੱਚੇ ਘੜੇ ਭਰ ਕੇ,
ਉਹ ਜੀਣਾ ਸਹਿਜ ਬਣਾਏ,
ਤੋਰੀ ਫੁਲਕਾ ਸੀ ਇੱਥੋਂ ਚੱਲਦਾ,
ਨਾਲ਼ੇ ਅਸੀਸਾਂ ਪੁੰਨ ਕਮਾਏ।
***-ਸੇਵਾ ਸਿੰਘ ਨੂਰਪੁਰੀ***

---

ਅੱਜ ਕੱਲ੍ਹ ਦੇ ਬੱਚਿਆਂ ਨੂੰ,
ਲੱਗਦੀਆਂ ਵਚਿੱਤਰ ਗੱਲਾਂ।
ਕੁਦਰਤ ਦੇ ਮੁਫਤ
ਤੋਹਫਿਆਂ ਨੂੰ ਪਾਉਣ ਲਈ
ਮਾਰਨੀਆਂ ਪੈਂਦੀਆਂ ਸੀ ਮੱਲਾਂ।
ਰੱਬ ਦੀਆਂ ਖੁਸ਼ੀਆਂ ਲੈਣ ਲਈ,
ਕੱਢ ਪਾਣੀ ਖੂਹੀਆਂ 'ਚੋਂ
ਕਰਦੇ ਸੀ ਸੇਵਾ।
ਦੂਰ ਦੂਰ ਤੱਕ ਪੈਂਡੇ,
ਗਾਹੁਣੇ ਸੀ ਪੈਂਦੇ,
ਫਿਰ ਹੀ ਸੇਵਾ ਨੂੰ
ਲੱਗਦਾ ਸੀ ਮੇਵਾ।
***-ਅਮਰਜੀਤ ਸਿੰਘ ਤੂਰ***
***ਫੋਨ: 98784-69639***

---

ਹਲਟ ਹਲਟੀਆਂ ਖੂਹ ਤੇ ਖੂਹੀਆਂ।
ਵਰਤੋਂ ਭੁੱਲੀਆਂ ਵਿਸਰ ਗਈਆਂ।
ਨਾ ਚਕਲੀ ਨਾ ਚਕਲਾ ਮਿਲਦਾ।
ਨਾ ਟਕ-ਟਕ ਕਰਦਾ ਕੁੱਤਾ ਹਿਲਦਾ।
ਮੁੰਨੇ ਗੁੱਡੇ ਨਾ ਧੱਕੜ ਲੱਭਣ।
ਪੈੜ ਬੈੜ ਨਾ ਬੂੜੀਆ ਦਿੱਸਣ।
ਝੱਲਣ ਪਾੜਛਾ ਗਾਡਰ ਗੁੰਮਿਆ।
ਨਾ ਕਿਸੇ ਪਾਣੀ ਔਲੂ 'ਚੋਂ ਚੁੰਮਿਆ।
ਗਾਧੀ ਬੈਠਾ ਜੱਟ ਨਾ ਗਾਵੇ।
ਟਿੰਡਾਂ ਥਾਈਂ ਨਾ ਪਾਣੀ ਆਵੇ।
ਬਲਦ ਉਠ ਨਾ ਕੱਢਦੇ ਪਾਣੀ।
ਜੱਟ ਦੇ ਹੱਥ ਨਾ ਦਿਸੇ ਪਰੈਣੀ।
ਟਿਊਬਵੈੱਲ ਬੰਬੀਆਂ ਰੌਲ਼ਾ ਪਾਉਂਦੇ।
ਹਲਟ ਚਰਸ ਨਾ ਕਿਤੇ ਥਿਆਉਂਦੇ।
'ਨਾਕਾਮ' ਫਿਰੇ ਪਾਣੀ ਪਾਣੀ ਕਰਦਾ।
ਪਾਣੀ ਤਾਂ ਜਾਏ ਡੂੰਘਾ ਹੋਰ ਉੱਤਰਦਾ।
***-ਗੁਰਬਖਸ਼ ਸਿੰਘ 'ਨਾਕਾਮ'***
***ਫੋਨ: +1 864-318-5500***

---


ਢੀਂਗਲ਼ੀ ਦੇ ਨਾਲ ਬੰਨ੍ਹ ਕੇ ਬੋਕਾ
ਵਿਚ ਟੋਏ ਲਮਕਾ ਦਿੰਦੇ ਸੀ।
ਭਰਿਆ ਬੋਕਾ ਉੱਪਰ ਖਿੱਚ ਕੇ
ਖਾਲ਼ ਵਿਚ ਉਲਟਾ ਦਿੰਦੇ ਸੀ।
ਛੋਟੀਆਂ ਛੋਟੀਆਂ ਖਿੱਤੀਆਂ ਤਾਈਂ
ਹੌਲ਼ੀ ਹੌਲ਼ੀ ਰਮਾ ਲੈਂਦੇ ਸੀ।
ਢਿੱਡ ਭਰਨ ਦੇ ਜੋਗੇ ਦਾਣੇ
ਮਿਹਨਤ ਨਾਲ਼ ਕਮਾ ਲੈਂਦੇ ਸੀ।
***-ਜਗਮੀਤ ਸਿੰਘ ਪੰਧੇਰ***

---

ਪੁਰਾਤਨ ਸਾਧਨ ਖੇਤੀ ਦੇ ਹੋਏ ਅਲੋਪ
ਨਵੇਂ ਤਰੀਕੇ ਨਵੇਂ ਸਾਧਨ ਆਏ ਹੋਰ
ਅਮੀਰ ਲਈ ਤਾਂ ਬਹੁਤ ਅੱਛਾ
ਛੋਟਾ ਕਿਸਾਨ ਗਰੀਬੀ 'ਚ ਫਸਿਆ।
ਪਹਿਲਾਂ ਗੁੜ, ਕੜਾਹੇ 'ਚ ਰਿੱਝਦੀ ਰਸ ਦੀ
ਹਰ ਖੂਹ ਤੋਂ ਆਉਂਦੀ ਸੀ
ਦੂਰੋਂ ਹੀ ਖੁਸ਼ਬੋ
ਹਲਟ ਦੀ ਗਾਂਦੀ 'ਤੇ ਬੈਠ ਕਿਸਾਨ
ਲਾਉਂਦਾ ਸੀ ਹੇਕਾਂ
ਅੱਜ ਪਾਣੀ ਬਣ ਜ਼ਹਿਰ ਗਏ
ਹੋਰ ਡੂੰਘੇ ਹੋ ਰਹੇ।
***-ਦਰਸ਼ਨ ਪਾਲ ਦੋਸਾਂਝ***

# ਕੀ ਟਾਟਾ ਸਮੂਹ ਦਾ ਮੁਖੀ ਰਤਨ ਟਾਟਾ ਮੁਨਾਫਾਖੋਰ ਨਹੀਂ ਸੀ ?


ਟਾਟਾ ਸਮੂਹ ਤੇ ਮੁਖੀ ਰਤਨ ਟਾਟਾ ਦੀ ਮੌਤ ਵੇਲੇ ਭਾਰਤ ਵਿੱਚ ਉਸ ਦੀ ਦਿਆਲਤਾ ਦੇ ਕਿੱਸਿਆਂ ਦੀ ਮਹਿਮਾਂ ਹੁੰਦੀ ਰਹੀ। ਇਸ ਵਹਿਣ ਚ ਵਹਿ ਕੇ ਕਈ ਖੱਬੇਪੱਖੀ (ਜੋ ਪੂੰਜੀਵਾਦ ਵਿਰੋਧੀ ਮੰਨੇ ਜਾਂਦੇ ਹਨ),ਵੀ ਟਾਟਾ ਦਾ ਗੁਣਗਾਣ ਕਰਨ ਲੱਗੇ। ਇਹ ਸੱਚ ਹੈ ਕਿ ਟਾਟਾ ਦੇ ਕਲਿਆਣਕਾਰੀ ਮਾਡਲ ਦੇ ਕੰਮ ਉਹਨਾਂ ਬਾਰੇ ਲੋਕਾਂ ਚ ਇੱਕ ਭਰਮ ਪੈਦਾ ਕਰ ਦਿੰਦੇ ਹਨ,ਜਦ ਕਿ ਟਾਟਾ ਦਾ ਪੂਰਾ ਘਰਾਣਾ ਬਾਕੀ ਭਾਰਤੀ ਪੂੰਜੀਪਤੀ ਘਰਾਣਿਆਂ ਵਾਂਗੂ ਦੀ ਬ੍ਰਿਟਿਸ਼ ਸਾਮਰਾਜੀ ਪੂੰਜੀ ਦੀ ਜੂਠ 'ਤੇ ਖੜਾ ਹੋਇਆ ਤੇ ਉਸੇ ਤੇ ਹੀ ਉਸ ਨੇ ਆਪਣਾ ਵਿਸ਼ਾਲ ਸਾਮਰਾਜ ਬਣਾਇਆ। ਉਹਨਾਂ ਦੀ ਮੁਨਾਫੇ ਦੀ ਪ੍ਰਵਿਰਤੀ ਉਹਨਾਂ ਦਾ ਅਟੁੱਟ ਅੰਗ ਰਹੀ,ਭਾਵੇਂ ਉਹ ਪਰਉਕਾਰ ਦੇ ਹੀ ਕੰਮ ਕਿਉਂ ਨਾ ਹੋਣ। ਮੈਗਾਕਾਰਪੋਰੇਸ਼ਨ ਟਾਟਾ ਨੇ 150 ਸਾਲਾਂ ਤੱਕ ਭਾਰਤੀ ਪੂੰਜੀਵਾਦ ਨੂੰ ਵਿਸਥਾਰ ਦਿੱਤਾ। ਆਪਣੀ ਛਵੀ ਬਣਾਈ ਰੱਖਣ ਦੇ ਆਪਣੇ ਸਭ ਤੋਂ ਉਚੇ ਯਤਨਾਂ ਦੇ ਬਾਵਜੂਦ ਯੁੱਧ,ਮੁਨਾਫ਼ਾਖੋਰੀ ਅਤੇ ਅਫੀਮ ਵਪਾਰ ਵਿੱਚ ਟਾਟਾ ਦੀਆਂ ਜੜਾਂ ਤੇ ਮਜਦੂਰ ਜਥੇਬੰਦੀਆਂ ਤੇ ਉਹਨਾਂ ਦਾ ਬੇਕਿਰਕ



**ਪੇਸਕਸ਼ - ਡਾਕਟਰ ਅਜੀਤਪਾਲ ਸਿੰਘ ਐਮ ਡੀ**

ਅੱਤਿਆਚਾਰ ਇਸ ਤੱਥ ਦਾ ਸਬੂਤ ਹੈ ਕਿ ਇਕ "ਨੈਤਿਕ ਪੂੰਜੀਵਾਦ",ਹਮੇਸ਼ਾ ਆਪਾਵਿਰੋਧੀ ਤਾਂ ਕਹਿ ਲਓ ਭਰਮ ਹੀ ਹੈ। ਭਾਰਤ ਦੀ ਵਿਤੀ ਰਾਜਧਾਨੀ ਮੁੰਬਈ (ਜਾਂ ਬੰਬੇ) ਵਿੱਚ ਆਲੀਸ਼ਾਨ,ਪੰਜ ਸਿਤਾਰਾ ਤਾਜ ਮਹੌਲ ਪੈਲਸ ਹੋਟਲ ਦੇ ਬਾਰੇ ਇੱਕ ਦੰਦਕਥਾ ਚਲਦੀ ਹੈ। ਇਹ ਹੋਟਲ 1903 ਵਿੱਚ ਖੋਲਿਆ ਗਿਆ ਸੀ,ਜਦ ਭਾਰਤ ਵਿੱਚ ਬ੍ਰਿਟਿਸ਼ ਬਸਤੀਵਾਦੀ ਹਕੂਮਤ ਆਪਣੀ ਸਿਖਰ ਤੇ ਸੀ। ਕਹਾਣੀ ਅਨੁਸਾਰ,ਹੋਟਲ ਦੀ ਪੈਦਾਇਸ਼ ਉਦੋਂ ਹੋਈ ਜਦ ਨਵੇਂ ਨਵੇਂ ਬਣੇ ਉਦਯੋਗਪਤੀ ਜਮਸ਼ੇਦ ਜੀ ਟਾਟਾ ਟਾਟਾਸਮੂਹ ਦੇ ਸੰਸਥਾਪਕ ਨੂੰ ਇੱਕ ਬ੍ਰਿਟਿਸ਼ ਹੋਟਲ ਵਿੱਚ ਦਾਖਲ ਹੋਣ ਤੋਂ ਰੋਕ ਦਿੱਤਾ ਗਿਆ ਸੀ। ਰਾਸ਼ਟਰਪਤੀ ਮਾਨ ਸਨਮਾਨ ਦੀ ਭਾਵਨਾ ਵਿੱਚ ਅਤੇ ਬਸਤੀਵਾਦੀ ਬੇਇੱਜਤੀ ਦੇ ਆਪਣੇ ਅਨੁਭਵ ਦੇ ਵਿਰੋਧ ਵਿੱਚ,ਉਹਨਾਂ ਨੇ ਖੁਦ ਦਾ ਹੋਟਲ ਬਣਾਉਣ ਦਾ ਫੈਸਲਾ ਕੀਤਾ,ਜੋ ਅੰਗਰੇਜ਼ਾਂ ਦੁਆਰਾ ਬਣਾਏ ਗਏ ਕਿਸੇ ਵੀ ਹੋਟਲ ਤੋਂ ਬਹੁਤ ਵਿਸ਼ਾਲ ਤੇ ਆਲੀਸ਼ਾਨ ਹੋਵੇਗਾ। 'ਟਾਟਾ : 'ਦ ਗਲੋਬਲ ਕਾਰਪੋਰੇਸ਼ਨ ਦੈਟ ਬਿਲਟ ਇੰਡੀਅਨ ਕੈਪਿਟਲਿਜ਼ਮ' ਦੇ ਸ਼ੁਰੂਆਤੀ ਪੰਨਿਆਂ ਵਿੱਚ ਇਤਿਹਾਸਕਾਰ ਮ੍ਰਿਸਿਆ ਰਾਯੂਨੂ ਨੇ ਇਸ ਕਹਾਣੀ ਦੀ ਭਰੋਸੇਯੋਗਤਾ ਤੇ ਧਿਆਨ ਦਿੱਤਾ ਹੈ। ਇਥੋਂ ਤੱਕ ਕਿ ਇਸ ਨੂੰ ਇਕ ਮਿਥਕ ਕਰਾਰ ਦਿੱਤਾ ਹੈ ਤੇ ਦੱਸਿਆ ਹੈ ਕਿ "ਬੰਬੇ ਵਿੱਚ ਉਦੋਂ ਖੁੱਲੇਆਮ ਰੰਗਭੇਦ ਨਹੀਂ ਸੀ ਦਿਸਦਾ" ਫਿਰ ਵੀ ਇਹ ਮਿੱਥ ਅੰਸ਼ਿਕ ਰੂਪ ਵਿੱਚ ਕਾਇਮ ਹੈ, ਕਿਉਂਕਿ ਇਹ ਉਸ ਰਾਸ਼ਟਰੀ ਛਵੀ ਤੇ ਅਨਕੂਲ ਹੈ,ਜਿਸ ਨੂੰ ਟਾਟਾ ਸਮੂਹ ਪੇਸ਼ ਕਰਨਾ ਚਾਹੁੰਦਾ ਹੈ। ਆਦਰਸ਼ ਜਾਂ ਨੈਤਿਕ ਪੂੰਜੀਵਾਦ ਦਾ ਇੱਕ ਮਾਡਲ,ਜੋ ਰਾਸ਼ਟਰ ਦੀ ਸੇਵਾ 'ਚ ਮੁਨਾਫ਼ਾ ਕਮਾਉਂਦਾ ਹੈ। ਜਮਸ਼ੇਦ ਜੀ ਟਾਟਾ ਅਤੇ ਉਸਦੇ ਪਰਿਵਾਰ ਨੇ ਵਿਦੇਸ਼ੀ ਵਪਾਰ ਵਿੱਚ ਸ਼ਾਮਿਲ ਵਪਾਰਕ ਪੂੰਜੀਪਤੀਆਂ ਵਜੋਂ ਆਪਣੀ ਸ਼ੁਰੂਆਤੀ ਜਾਇਦਾਦ ਇਕੱਠੀ ਕੀਤੀ,ਪਰ ਉਹਨਾਂ ਨੇ ਆਪਣਾ ਰਾਸ਼ਟਰਵਾਦੀ ਸਨਮਾਨ/ਦਿੱਖ ਆਧੁਨਿਕ ਘਰੇਲੂ ਸਨਤਕਾਰਾਂ,ਪ੍ਰਮੁੱਖ ਕੱਪੜਾ ਮਿਲਾਂ ਦੇ ਸੰਸਥਾਪਕਾਂ ਤੇ ਬਾਅਦ ਵਿੱਚ ਇੱਕ ਮੋਹਰੀ ਇਸਪਾਤ ਉਗਯੋਗ ਦੇ ਰੂਪ ਵਿੱਚ ਬਣਾਈ। ਉਦੋਂ ਤੋਂ ਟਾਟਾ ਗਰੁੱਪ ਨੇ ਰਸਾਇਣ,ਹਵਾਬਾਜੀ,ਆਟੋਮੋਬਾਈਲ,ਸੂਚਨਾ-ਟੈਕਨੋਲੋਜੀ ਅਤੇ ਕਾਰੋਬਾਰੀ,ਸਲਾਹ-ਮਸ਼ਵਰੇ ਵਰਗੇ ਵੱਖ-ਵੱਖ ਖੇਤਰਾਂ ਵਿੱਚ ਭੂਮਿਕਾ ਨਿਭਾਉਣ ਲਈ ਤਕਨੀਕੀ ਤੇ ਆਰਥਿਕ ਤਬਦੀਲੀਆਂ ਦੇ ਨਾਲ ਤਾਲਮੇਲ ਕਰਦੇ ਹੋਏ ਬਹੁਤ ਘੇਰਾ ਵਧਾਇਆ ਹੈ। ਪਿਛਲੇ ਕੁਝ ਦਹਾਕਿਆਂ ਚ ਇਸ ਨੇ ਚਾਹ ਬਰਾਂਡ ਟੇਟਲੀ,ਸਟੀਲ ਦੀ ਦਿਓ ਕੱਦ ਕੰਪਨੀ ਕੋਰਸ ਅਤੇ ਜੈਗੁਆਰ ਐਂਡ ਰੋਵਰ ਵਰਗੀਆਂ ਕੌਮਾਂਤਰੀ ਕੰਪਨੀਆਂ ਨੂੰ ਐਕਵਾਇਰ ਕਰਕੇ ਆਪਣੀ ਸ਼ਾਖ ਨੂੰ ਹੋਰ ਚਮਕਾਇਆ ਤੇ ਕੌਮੀ ਮਾਣ ਹੋਰ ਨੂੰ ਵਧਾਇਆ ਹੈ। ਇਹਨਾਂ ਸਾਰੀਆਂ ਤਬਦੀਲੀਆਂ ਦੌਰਾਨ,ਜਿਵੇਂ ਕਿ ਰਾਯਨੂ ਕਹਿੰਦੇ ਹਨ, "ਟਾਟਾ ਭਾਰਤ ਵਿੱਚ 'ਕਾਰਪੋਰੇਟ ਪਿਰਾਮਿਡ ਦੇ ਸਿਖਰ ਤੇ ਬਣਿਆ ਰਿਹਾ। ਇਸ ਦੇ ਨਾਲ ਹੀ ਚਲਾਕ ਬ੍ਰਾਂਡਿੰਗ ਤੇ ਕਲਿਆਣ ਵਿੱਚ ਲੰਮੇ ਸਮੇਂ ਤੋਂ ਚਲੀ ਆ ਰਹੀ ਰੁਚੀ ਰਾਹੀਂ ਟਾਟਾ ਨੇ ਇੱਕ ਇਮਾਨਦਾਰ ਤੇ ਬੇਦਾਗ ਕਾਰਪੋਰੇਟ ਸ਼ਹਿਰੀ ਵਜੋਂ ਆਪਣੇ ਮਨ ਸਨਮਾਨ ਨੂੰ ਬਣਾਈ ਰੱਖਿਆ,ਜੋ ਕਥਿਤ ਤੌਰ 'ਤੇ ਦੇਸ਼ ਵਿੱਚ ਆਰਥਿਕ ਜੀਵਨ ਨੂੰ ਤਹਿ ਕਰਨ ਵਾਲੇ ਭ੍ਰਿਸ਼ਟਾਚਾਰੀ ਝਗੜੇ ਤੋਂ ਉੱਪਰ ਹੈ। ਰਾਯਨੂ ਦੀ ਕਿਤਾਬ ਜਿਵੇਂ ਕਿ ਉਹ ਸਪਸ਼ਟ ਕਰਦੇ ਹਨ,'ਟਾਟਾ ਮਿਥ' ਦਾ ਪਰਦਾਫਾਸ਼ ਜਾ ਨਿੰਦਾ ਨਹੀਂ ਹੈ,ਬਲਕਿ ਇਹ ਕੰਪਨੀ ਦੇ ਇਤਿਹਾਸਿਕ ਵਿਕਾਸ ਦਾ ਇੱਕ ਕਰੀਬੀ ਵਿਸਲੇਸ਼ਣ ਹੈ। ਵਿਸ਼ੇਸ਼ ਤੌਰ ਤੇ ਜਿਸ ਤਰ੍ਹਾਂ ਨਾਲ ਇਹ ਭਾਰਤੀ ਆਜ਼ਾਦੀ ਅਤੇ ਰਾਜ-ਨਿਯੋਜਨ ਦੇ ਪ੍ਰਗਟ ਹੋਣ ਸਮੇਤ ਕਈ ਪ੍ਰਮੁੱਖ ਰਾਜਸੀ ਤੇ ਆਰਥਿਕ ਤਬਦੀਲੀਆਂ ਦਾ ਮੁਕਾਬਲਾ ਸਫਲਤਾਪੂਰਵਕ ਕਰ ਸਕੀ। ਇੱਕ ਇਮਾਨਦਾਰ ਇਤਿਹਾਸਿਕ ਵਿਦਵਤਾਪੂਰਨ ਕਾਰਜ ਚ ਇਹ ਪੁਸਤਕ ਟਾਟਾ ਦੇ ਆਪਣੇ ਅਭਿਲੇਖਾਕਾਰ ਨੂੰ ਆਪਣੇ ਮੁੱਖ ਸਰੋਤੇ ਵਜੋਂ ਲੈਂਦੀ ਹੈ ਅਤੇ ਆਮ ਤੌਰ ਤੇ ਆਲੋਚਨਾ ਤੋਂ ਬਚਦੀ ਹੈ। ਮਿਸਾਲ ਵਜੋਂ ਸਿੱਟਿਆਂ ਵਜੋਂ ਲਿਖੇ ਨੋਟ ਵਿੱਚ ਸਿਰਫ ਇਹ ਕਿਹਾ ਗਿਆ ਹੈ ਕਿ ਕੰਪਨੀ 'ਪੁੱਜੀਵਾਦ ਦੇ ਵਾਦਾਂ ਨਿਰਾਸ਼ਾਵਾਂ' ਦੋਹਾਂ ਨੂੰ ਮੂਰਤ ਰੂਪ ਦਿੰਦੀ ਹੈ। ਇਸ ਕਿਤਾਬ ਦੀ ਅਧਿਐਨਸ਼ੀਲਤਾ ਦੇ ਬਾਵਜੂਦ ਪੂੰਜੀਵਾਦ ਬਾਰੇ ਆਲੋਚਨਾਤਮਕ ਦ੍ਰਿਸ਼ਟੀਕੋਣ ਰਖਣ ਵਾਲੇ ਪਾਠਕਾਂ ਲਈ ਇਸ ਵਿੱਚ ਬਹੁਤ ਕੁਝ ਦਿਲਚਸਪ ਹੈ। ਅਪਣੀਆਂ ਸੀਮਤਾਈਆਂ ਦੇ ਬਾਵਜੂਦ,ਰਾਯਨੂ ਦਾ ਕੰਮ ਟਾਟਾ ਸਮੂਹ ਦੀ ਸਾਵਧਾਨੀਪੂਰਕ ਬਣਾਈ ਰੱਖੀ ਗਈ ਛਵੀ ਵਿੱਚ ਸੁਰਾਖ ਕਰਦਾ ਹੈ ਅਤੇ ਭਾਰਤ ਵਿੱਚ ਅਤੇ ਵਿਸ਼ਵੀ ਪੱਧਰ ਤੇ ਪੂੰਜੀਵਾਦ ਦੇ ਇਤਿਹਾਸ ਦੇ ਰੋਸ਼ਨੀ ਪਾਉਂਦਾ ਹੈ।

**ਮਿਥ ਤੋਂ ਪਰੇ :** ਮਾਰਕਸ ਨੇ ਇੱਕ ਪ੍ਰਸਿੱਧ ਕਥਨ ਵਿੱਚ ਕਿਹਾ ਹੈ ਕਿ ਪੂੰਜੀ ਦੁਨੀਆ ਵਿੱਚ "ਸਿਰੇ ਤੋਂ ਪੈਰ ਤੱਕ ਹਰ ਮੋਰੀ ਵਿਚੋਂ ਦੀ,ਖੂਨ ਤੇ ਗੰਦਗੀ ਦੇ ਨਾਲ ਟਪਕਦੀ ਹੋਈ" ਆਉਂਦੀ ਹੈ। ਇਹ ਇੱਕ ਅਜਿਹੀ ਵਿਆਖਿਆ ਹੈ ਜੋ ਟਾਟਾ ਦੀ ਜਾਇਦਾਦ ਦੀ ਉਤਪਤੀ ਤੇ ਬਹੁਤ ਅੱਛੀ ਤਰ੍ਹਾਂ ਲਾਗੂ ਹੋ ਸਕਦੀ ਹੈ। ਅਫੀਮ ਵਪਾਰ 1800 ਦੇ ਦਹਾਕੇ ਦੌਰਾਨ ਭਾਰਤ ਵਿੱਚ ਸਭ ਤੋਂ ਵੱਡੀ ਬਰਾਮਦ ਵਸਤੂ ਅਤੇ ਬ੍ਰਿਟਿਸ਼ ਸਾਮਰਾਜੀਆਂ ਦੇ ਅਰਥਚਾਰੇ ਦੀ ਰੀੜ੍ਹ ਦੀ ਹੱਡੀ,ਬਾਰੇ ਕੰਪਨੀ ਦੀ ਸ਼ੁਰੂਆਤ ਭਾਗੀਦਾਰੀ ਬਾਰੇ ਬਹੁਤ ਕੁੱਝ ਕਿਹਾ ਗਿਆ ਹੈ। ਅਫੀਮ ਨੂੰ ਲਾਜ਼ਮੀ ਤੌਰ ਤੇ ਬੰਦੂਕ ਦੀ ਨਾਲੀ ਦੇ ਜ਼ੋਰ ਚੀਨ ਤੇ ਠੋਸਿਆ ਗਿਆ ਸੀ,ਜਿਸ ਵਿੱਚ ਦੋ ਖੂਨੀ ਅਫੀਮ ਜੰਗਾਂ ਵਿੱਚ ਬ੍ਰਿਟਿਸ਼ ਵਸਤੀਵਾਦੀਆਂ ਨੇ ਜਿੱਤ ਹਾਸਲ ਕੀਤੀ ਸੀ। ਰਯਾਨੂ ਨੇ "ਰਾਜ ਦੁਆਰਾ ਮਨਜ਼ੂਰਸ਼ੁਦਾ ਨਸ਼ੀਲੀਆਂ ਦਵਾਈਆਂ ਦੀ ਤਸਕਰੀ" ਵਿੱਚ ਟਾਟਾ ਦੀ ਭਾਗੀਦਾਰੀ ਨੂੰ ਇਕ ਰੇਖਾਂਕਿਤ ਕੀਤਾ,ਪਰ ਉਹਨਾਂ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਟਾਟਾ ਇਸ ਖੇਡ ਵਿੱਚ ਸਭ ਤੋਂ ਵੱਡੇ ਖਿਡਾਰੀਆਂ ਵਿੱਚੋਂ ਇੱਕਲੇ ਸਨ। ਅਸਲ ਵਿੱਚ ਜਿਵੇਂ ਕਿ ਰਯਾਨੂ ਨੇ ਜ਼ਕਿਰ ਕੀਤਾ ਹੈ,ਇਸ ਸੱਟਾ ਬਾਜ਼ਾਰ ਵਿੱਚ ਵਾਪਰੀਆਂ ਦੁਰਘਟਨਾ ਵਿੱਚੋਂ ਇੱਕ ਦੌਰਾਨ ਉਹਨਾਂ ਨੇ ਸ਼ੁਰੂਆਤੀ ਸ਼ੇਅਰ ਲਗਭਗ ਖਤਮ ਹੋ ਗਏ ਸਨ। ਇਸ ਦੇ ਬਾਵਜੂਦ ਟਾਟਾ ਦੀ ਜਾਇਦਾਦ ਦੇ ਮੂਲ ਵਿੱਚ ਅਸਲੀ ਘਪਲਾ....ਫੌਜੀ-ਉਦਯੋਗਿਕ ਪ੍ਰੀਸਰ ਦੇ 19ਵੀਂ ਸਦੀ ਦੇ ਸੰਸਕਰਨ ਦਾ ਅੰਦਰੂਨੀ ਵਪਾਰ ਤੇ ਭਰਿਸ਼ਟਾਚਾਰ ਸੀ,ਜੋ ਭਾਰਤੀ ਪੂੰਜੀ ਅਤੇ ਸਮਰਾਜੀ ਸ਼ਕਤੀ ਦੇ ਗਠਜੋੜ ਨੂੰ ਉਜਾਗਰ ਕਰਦਾ ਹੈ। ਟਾਟਾ ਸਮੂਹ ਦੀ ਕਿਸਮਤ ਉਦੋਂ ਚਮਕੀ ਉਠੀ ਜਦ ਉਹਨਾਂ ਨੇ ਆਪਣੀ ਐਬਸੀਨੀਆ ਦੇ ਸਾਬਕਾ ਇਥਿਓਪਿਆਈ ਸਾਮਰਾਜ ਵਿੱਚ ਭ੍ਰਿਸ਼ਟ ਫੌਜੀ ਤਾਕਤ ਦੀ ਸਪਲਾਈ ਲਈ ਇੱਕ ਇਕਰਾਰ ਜਿੱਤਿਆ ਅਤੇ ਫਿਰ ਆਪਣੇ ਲਾਭ ਨੂੰ ਜਰਬਾਂ ਦੇਣ ਲਈ ਉਹਨਾਂ ਨੇ ਬ੍ਰਿਟਿਸ਼ ਨੂੰ ਵੇਚੀ ਜਾਣ ਵਾਲੀ ਹਰ ਚੀਜ਼ ਦੀ ਕੀਮਤਾਂ ਵਿੱਚ ਜਾਹਲੀ ਵਾਧਾ ਕਰ ਦਿੱਤਾ। ਨਿਸ਼ਚੇ ਹੀ ਇਹ ਤਾਜ ਮਹਿਲ ਪੈਲਸ ਹੋਟਲ ਕਿਵਦੰਤੀ ਵਿੱਚ ਅਸਲੀ ਮੁੱਲ ਤੋਂ ਬਹੁਤ ਵੱਖਰੇ ਮੁੱਲ ਅਤੇ ਸਾਮਰਾਜਵਾਦ ਦੇ ਨਾਲ ਬਹੁਤ ਵੱਖਰੇ ਸਬੰਧ ਵੱਲ ਇਸ਼ਾਰਾ ਕਰਦਾ ਹੈ। ਇੰਨਾ ਸ਼ੁਰੂਆਤੀ ਜੜਾਂ ਤੋਂ ਪਰੇ ਰਯਾਨੂ ਦੀ ਕਿਤਾਬ ਭਾਰਤ ਵਿੱਚ ਭਾਰੀ ਰਾਜਸੀ ਤੇ ਆਰਥਕ ਤਬਦੀਲੀਆਂ ਦੌਰਾਨ ਟਾਟਾ ਦਾ ਵਿਕਾਸ ਦਾ ਪਤਾ ਲਾਉਂਦੀ ਹੈ,ਜਿਸ ਵਿੱਚ ਕੌਮੀ ਅੰਦੋਲਨ ਦਾ ਉਭਰਨਾ ਅਤੇ ਉਸ ਤੋਂ ਵੀ ਵੱਧ ਇੱਕ ਵਿਸ਼ਵੀ ਸਾਮਰਾਜਵਾਦੀ ਅਰਥ ਵਿਵਸਥਾ ਨਾਲ ਉਭਰਦੇ ਰਾਸ਼ਟਰ-ਰਾਜ ਦੇ ਸੀਮਤ ਅਰਥਚਾਰੇ ਵਿੱਚ ਬਦਲਾਅ ਸ਼ਾਮਿਲ ਹਨ। ਜਿਵੇਂ ਕਿ ਰਯਾਨੂ ਨੇ ਦਿਖਾਇਆ ਹੈ,ਟਾਟਾ ਨੇ ਕੁ ਹੱਦ ਤੱਕ ਅੰਦਰ ਵੱਲ ਮੁਖ਼ਾਤਿਬ ਹੋ ਕੇ ਇਹਨਾਂ ਬਦਲਾਵਾਂ ਨੂੰ ਸੰਭਾਲਿਆ,ਭਾਰਤ ਦੇ ਅੰਦਰੂਨੀ ਇਲਾਕਿਆਂ ਵਿੱਚ ਸਨਅਤੀ ਯੋਜਨਾਵਾਂ ਦੇ ਨਾਲ ਆਪਣੀਆਂ ਰਾਸ਼ਟਰਵਾਦੀ ਸ਼ਾਖ ਨੂੰ ਬਣਾਇਆ ਤੇ ਚਮਕਿਆ। ਫਿਰ ਵੀ ਰਯਾਨੂ ਦਾ ਤਰਕ ਹੈ ਕਿ ਕੰਪਨੀ ਦੀ ਅੰਤਿਮ ਕਾਮਯਾਬੀ ਤਕਨੀਕੀ ਮੁਹਾਰਤ ਅਤੇ ਗਿਆਨ ਉਤਪਾਦਨ ਵਿੱਚ ਆਪਣੇ ਕੋਮਤਰੀ ਸੰਬੰਧਾਂ ਦੇ ਰੱਖਰਖਾਅ ਤੇ ਵਿਸਥਾਰ ਵਿੱਚ ਪਈ ਹੈ। ਟਾਟਾ ਦੀ ਕਿ ਰਾਸ਼ਟਰਵਾਦੀ ਆਤਮ ਦਿੱਖ ਅਤੇ ਉਸ ਦੇ ਕਲਿਆਣਕਾਰੀ ਕੰਮਾਂ ਨੂੰ ਸ਼ੱਕ ਦੀ ਨਜ਼ਰ ਨਾਲ ਪੜ੍ਹਨਾ ਸੌਖਾ ਹੈ,ਕਿਉਂਕਿ ਉਹ ਮੁਨਾਫੇ ਤੇ ਸਤਾ। ਈ ਹੜਪਣ ਦੀ ਨੰਗੀ ਚਿੱਟੀ ਕੋਸਿ਼ਸ਼ਿ ਨੂ ਸਿਰਫ ਦਿਖਾਵਾ ਮੰਨਦੇ ਸਨ। ਕੰਪਨੀ ਦੇ ਨੇਤਾਵਾਂ ਅਤੇ ਪ੍ਰਬੰਧਕਾਂ ਦਰਮਿਆਨ,ਕੰਪਨੀ ਦੀ ਸਮਾਜਿਕ ਤੇ ਰਾਜਸੀ ਭੂਮਿਕਾ,ਸਮਾਜ ਵਿੱਚ ਇਸ ਦੇ ਯੋਗਦਾਨ ਕਰਨ ਦੇ ਤਰੀਕੇ ਅਤੇ ਰਾਜ ਦੇ ਨਾਲ ਇਸ ਦੇ ਸੰਬੰਧਾਂ ਬਾਰੇ ਅਸਲੀ,ਜੋਸ਼ੀਲੀਆਂ ਬਹਿਸਾਂ ਤੇ ਵੱਖਰੇਵੇਂ ਸਨ। ਹਾਲਾਂ ਕਿ ਕਲਿਆਣ-ਜਿਵੇਂ ਕਿ ਵਿਦਿਅਕ ਸੰਸਥਾਵਾਂ ਦੀ ਸਥਾਪਨਾ,ਕੰਪਨੀ ਦੇ ਵਪਾਰਕ ਉਦੇਸ਼ਾਂ ਤੋਂ ਕੁਝ ਹੱਦ ਤੱਕ ਆਜ਼ਾਦ ਸੀ,ਫਿਰ ਵੀ ਇਹ ਡਾਟਾ ਦੇ ਕਰੋਬਾਰੀ ਤੇ ਲਾਭ ਦੇ ਮਕਸਦ ਦੀਆਂ ਮੰਗਾਂ ਨਾਲ ਬੱਝੀ ਰਹੀ,ਜਿਵੇਂ ਕਿ ਰਯਾਨੁ ਦੱਸਦੇ ਹਨ। ਇਹ ਵਿਸ਼ੇਸ਼ ਤੌਰ ਤੇ 'ਟਾਟਾ ਇੰਸਟੀਚਿਊਟ ਆਫ ਸੋਸ਼ਲ ਸਾਇੰਸ' ਦੇ ਮਾਮਲੇ ਵਿੱਚ ਸੀ,ਜਿਸ ਨੂੰ.1936 ਵਿੱਚ ਰੈਯਨੂ ਤੇ ਅਨੁਸਾਰ ਇਸ ਮੂਲ ਮਹੱਤਵ ਇੱਛਾਵਾਂ ਦੇ ਨਾਲ ਸਥਾਪਿਤ ਕੀਤਾ ਗਿਆ ਸੀ,'ਸਮਾਜਿਕ ਸਦਭਾਵ ਦੀ ਸੇਵਾ ਵਿੱਚ ਵਿਦੇਸ਼ੀ ਮੁਹਾਰਤ ਨੂੰ ਭਾਰਤੀ ਹਾਲਾਤਾਂ ਦੇ ਅਨੁਕੂਲ ਬਣਾਉਣਾ ਅਤੇ ਅੰਤ ਨੂੰ ਕੁੱਲ ਮਿਲਾ ਕੇ ਸਨਅਤੀ ਪੂੰਜੀਵਾਦ ਦਾ ਭਲਾ ਕਰਨਾ।' ਉਹਨਾਂ ਮੁਤਾਬਕ ਕਿਰਤ ਹਾਲਾਤਾਂ ਉਪਰ ਖੋਜ ਨੂੰ "ਜਮਾਤੀ ਲੜਾਈ" ਲਈ ਰਾਮਬਾਣ ਮੰਨਿਆ ਜਾਂਦਾ ਸੀ-ਯਾਨੀ ਲਾਜ਼ਮੀ ਤੌਰ ਤੇ, ਬੇਚੈਨ ਮਜ਼ਦੂਰਾਂ ਨੂੰ ਕੰਟਰੋਲ ਵਿੱਚ ਰੱਖਣ ਦਾ ਇੱਕ ਤਰੀਕਾ।




**ਵਧਦਾ ਅਸਰ :** ਭਾਰਤ ਵਿੱਚ ਕੱਪੜਾ ਤੇ ਇਸਪਾਤ ਖੇਤਰਾਂ ਵਿੱਚ ਆਪਣੀ ਸ਼ੁਰੂਆਤੀ ਭਾਗੀਦਾਰੀ ਦੇ ਕਾਰਨ ਟਾਟਾ ਸਮੂਹ ਜਾਣਿਆ ਜਾਂਦਾ ਸੀ ਕਿ ਉਸ ਦਾ ਮੁਨਾਫਾ ਇੱਕ ਲਚੀਲੇ ਸਨਅਤੀ ਕਾਰਜ ਸ਼ਕਤੀ ਤੇ ਨਿਰਭਰ ਕਰਦਾ ਹੈ। ਨਾਲ ਹੀ ਇਹ ਇਸ ਚਿੰਤਾ ਨਾਲ ਗ੍ਰਸਤ ਸੀ ਕਿ ਤੇਜ ਸਨਅਤੀਕਰਨ ਨਾਲ ਜਾਤੀ ਜੈਸੇ ਜਾਤਪਾਤ ਵਰਗੇ ਬੰਧਨ ਟੁੱਟ ਜਾਣਗੇ, ਜਿਸ ਨਾਲ ਨਿਖੇੜਾ ਤੇ ਮਜਦੂਰਾਂ ਵਿੱਚ ਬੇਚੈਨੀ ਪੈਦਾ ਹੋਵੇਗੀ। ਬੇਸ਼ਕ ਮਜ਼ਦੂਰਾਂ ਦੇ ਵਿਰੋਧ ਦੇ ਲਈ ਪੂੰਜੀਵਾਦ ਦੀਆਂ ਲੁਟੇਰੀਆਂ ਹਾਲਾਤਾਂ ਨੂੰ ਕਦੇ ਵੀ ਦੇਸ਼ੀ ਨਹੀਂ ਠਹਿਰਾਇਆ ਗਿਆ। ਮਾਰਕਸ ਦੇ ਏਂਗਲਜ਼ ਨੇ ਪੂੰਜੀਵਾਦ ਦੀ ਘੁਲਣਸ਼ੀਲ ਸ਼ਕਤੀ ਨੂੰ ਬੇਸ਼ੱਕ ਅਪਣਾਇਆ ਸੀ,ਪਰ ਇਸ ਅਵਸਥਾ ਦੇ ਰਖਿਅਕ,ਜਿਸ ਵਿੱਚ ਟਾਟਾ ਵਰਗੀਆਂ ਕੰਪਨੀਆਂ ਵੀ ਸ਼ਾਮਿਲ ਸਨ,ਇਸ ਸ਼ਕਤੀ ਤੋਂ ਡਰਦੇ ਸਨ। ਹਾਲਾਂ ਕਿ ਭਾਰਤ ਵਿੱਚ ਪੂੰਜੀਵਾਦ ਦਾ ਇਤਿਹਾਸ ਇਹ ਦਰਸਾਉਂਦਾ ਹੈ ਕਿ ਮਾਰਕਸ ਦੇ ਏਂਗਲਜ਼ ਦੇ ਨਾਲ ਨਾਲ ਪੂੰਜੀਵਾਦ ਦੇ ਹਮਾਇਤੀ ਸਮਾਜਿਕ ਵਿਗਿਆਨਿਕਾਂ ਨੇ ਜਾਤੀ ਵਰਗੇ ਪੁਰਾਣੇ ਸਮਾਜਿਕ ਬੰਧਨਾਂ ਨੂੰ ਤੋੜਨ ਦੀ ਪੂੰਜੀਵਾਦ ਦੀ ਸਮਰੱਥਾ ਨੂੰ ਜਿਆਦਾ ਅੰਗਿਆ ਹੋਵੇਗਾ। ਭਾਰਤ ਦਾ ਮਾਮਲਾ ਵਿਖਾਉਂਦਾ ਹੈ ਕਿ ਜਾਤੀ ਹਵਾ ਵਿੱਚ ਘੁਲਣ ਦੀ ਬਜਾਏ ਪੂੰਜੀਵਾਦ ਵੱਲੋਂ ਤਬਦੀਲ ਕੀਤੀ ਜਾਂਦੀ ਹੈ। ਇਥੋਂ ਤੱਕ ਕਿ ਪੂੰਜੀ ਦੇ ਸਾਂਚੇ ਦੀ ਹਮਾਇਤ ਕਰਨ ਲਈ ਢਾਲੀ ਜਾਂਦੀ ਹੈ। ਮਿਸਾਲ ਵਜੋਂ ਮਾਮਲੇ ਵਿੱਚ ਇਸ ਦਾ ਮਤਲਬ ਹੈ ਜਾਤੀ ਅਤੇ ਖੇਤਰੀ ਅਧਾਰ ਤੇ ਨਿਖੇੜੇ ਨੂੰ ਵਧਾਉਣਾ,ਨਾ ਕੇਵਲ ਇਸ ਦੀਆਂ ਫੈਕਟਰੀਆਂ ਬਲਕਿ ਇਸ ਦੇ ਫੈਕਟਰੀ ਸ਼ਹਿਰਾਂ ਦੇ ਸੰਗਠਨ ਵਿੱਚ ਵੀ। ਪਿੱਛੇ ਮੁੜ ਕੇ ਦੇਖਦਿਆਂ,ਭਾਰਤ ਵਿੱਚ ਪੂੰਜੀਵਾਦ ਦੇ ਪਝਗਤੀਸ਼ੀਲ ਸਮਾਜਿਕ ਤਾਕਤ ਹੋਣ ਦੇ ਦਾਵਿਆਂ ਦੇ ਖੋਖਲੈਪਣ ਨੂੰ ਦੇਖਣਾ ਆਸਾਨ ਹੈ। ਫਿਰ ਵੀ ਸ਼ਾਇਦ ਪ੍ਰਭਾਵ ਬਣਾਉਣ ਦੇ ਲਈ ਉਸ ਦੀਆਂ ਕੋਸ਼ਿਸ਼ਾਂ ਦੀ ਵਾਜਬੀਅਤ (ਉਹਨਾਂ ਦੇ ਪਰਉਪਕਾਰੀ ਤੇ ਵਿਦਿਅਕ ਪਹਿਲ ਦੇ ਮਾਧਿਅਮ ਰਾਹੀਂ) ਦੇ ਕਾਰਨ ਟਾਟਾ ਵਰਗੀਆਂ ਕੰਪਨੀਆਂ ਨਾ ਸਿਰਫ ਆਮ ਜਨਤਾ ਦੇ ਨਾਲ ਬਲਕਿ ਖੱਬੀਆਂ ਧਿਰਾਂ ਦੇ ਕੁਝ ਵਰਗਾਂ ਦੇ ਵਿੱਚ ਵੀ ਵਾਜਬੀਅਤ ਬਣਾਉਂ ਵਿੱਚ ਸਮਰੱਥ ਸਨ। ਦਰਅਸਲ ਜਿਵੇਂ ਰਯਾਨੂ ਦੱਸਦੇ ਹਨ, ਭਾਰਤੀ ਕਮਿਊਨਿਸਟ ਪਾਰਟੀ (ਸੀਪੀਆਈ) ਵਿੱਚ ਪਹਿਲਾਂ ਵੱਡੀ ਫੁੱਟ ਠੀਕ ਇਸ ਗੱਲ ਤੇ ਪਈ ਸੀ ਕਿ ਦੇਸ਼ ਵਿੱਚ ਸਰਮਾਏਦਾਰੀ ਜਮਾਤ ਦਾ ਮੁਲਾਂਕਨ ਕਿਵੇਂ ਕੀਤਾ ਜਾਏ ? ਨਾਲ ਹੀ ਰਾਜ ਦੇ ਨਾਲ ਉਸ ਦੇ ਸੰਬੰਧਾਂ ਦਾ ਵੀ। ਪਾਰਟੀ ਦਾ ਇੱਕ ਪੱਖ ਜੋ ਆਮ ਤੌਰ 'ਤੇ ਯੂਐਸਐਸਆਰ ਨਾਲ ਜੁੜਿਆ ਹੋਇਆ ਸੀ,ਜਿਸ ਨੇ ਸ਼ਾਂਤੀਮਈ ਸੰਘਰਸ਼ ਦੇ ਵਿਹਾਰਕ ਪਹਿਲੂਆਂ ਤੇ ਰਾਜਨੀਤਿਕ ਕਾਰਨਾਂ ਕਰਕੇ ਉੱਤਰ-ਬਸਤੀਵਾਦੀ ਭਾਰਤੀ ਰਾਜ ਨੂੰ ਵੱਡੇ ਪੈਮਾਨੇ ਤੇ ਹਮਾਇਤ ਦਿੱਤੀ। ਸਰਮਾਏਦਾਰੀ ਜਮਾਤ ਦੇ ਘੱਟੋ ਘੱਟ ਕੁਝ ਹਿੱਸੇ ਵਿੱਚ ਸੰਭਾਵਿਤ ਪਝਗਤੀਸ਼ੀਲ ਪਹਿਲੂ ਦੇਖਣ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਪਾਰਟੀ ਦਾ ਦੂਸਰਾ ਪੱਖ ਜੋ ਜਲਦੀ ਹੀ ਸੀਪੀਆਈ (ਮਾਰਕਸਵਾਦੀ) ਬਣ ਗਿਆ,ਜੋ ਆਮ ਤੌਰ ਤੇ ਚੀਨ ਦੇ ਨਾਲ ਜੁੜਿਆ ਹੋਇਆ ਸੀ,ਭਾਰਤ ਪੂੰਜੀ ਨੂੰ ਲਾਜਮੀ ਤੌਰ ਤੇ ਦਲਾਲ ਕੌਮਾਂਤਰੀ ਪੰਜੀ ਦੀ ਕਠਪੁਤਲੀ ਦੇ ਰੂਪ ਵਿੱਚ ਦੇਖਦਾ ਸੀ। ਟਾਟਾ ਵਰਗੀਆਂ ਕੰਪਨੀਆਂ ਇਸ ਬੈਨਰੀ ਵਿੱਚ ਠੀਕ ਤਰ੍ਹਾਂ ਨਾਲ ਫਿੱਟੇ ਨਹੀਂ ਬੈਠਦੀਆਂ। ਉਹ ਆਸ਼ਕਿ ਤੌਰ ਤੇ ਇਸ ਲਈ ਵਾਜਬੀਅਤ ਹਾਸਲ ਕਰਨ ਵਿੱਚ ਸਮਰੱਥ ਸਨ ਕਿ ਉਹ ਸਿਰਫ ਕਠਪੁਤਲੀ ਨਹੀਂ ਸਨ। ਉਹਨਾਂ ਨੇ ਭਾਰਤ ਦੇ ਅੰਦਰੂਨੀ ਇਲਾਕਿਆਂ ਵਿੱਚ ਸਨਤੀਕਰਨ ਦੇ ਅਮਲਾਂ ਦੀ ਅਗਵਾਈ ਕੀਤੀ ਅਤੇ ਹਾਲਾਂਕਿ ਉਹਨਾਂ ਨੇ ਕੌਮਾਂਤਰੀ ਸਬੰਧ ਬਣਾਏ ਰੱਖੇ,ਉਹਨਾਂ ਨੇ ਪੂਰੀ ਤਰ੍ਹਾਂ ਨਾਲ ਭਾਰਤੀ ਪੂੰਜੀਪਤੀ ਵਰਗ ਦਾ ਨਿਰਮਾਣ ਕੀਤਾ। ਜਿਵੇਂ ਕਿ ਘਰੇਲੂ ਸਰਮਾਏਦਾਰਾਂ ਦੇ ਨਾਲ ਸਮਝੌਤੇ ਕਰਨ ਵਿੱਚ ਅਸਮਰਥਤਾ ਅਤੇ ਅਸਲ ਵਿੱਚ ਖੱਬੇਪੱਖੀਆਂ ਵਲੋਂ ਉਹਨਾਂ ਦੇ ਪ੍ਰਗਤੀਸ਼ੀਲ ਕੰਮ ਦਾ ਅੰਦਰੂਨੀ ਮੂਲਾਂਕਣ, ਸੀਪੀਆਈ,ਸੀਪੀਐਮ ਵਿੱਚ ਵੰਡ ਤੋਂ ਬਹੁਤ ਅੱਗੇ ਤੱਕ ਜਾਰੀ ਰਿਹਾ।

ਮਿਸਾਲ ਵਜੋਂ ਕਈ ਖੱਬੇ ਪੱਖੀ ਵਿਸ਼ਲੇਸ਼ਕ ਨੇ ਜ਼ਕਿਰ ਕੀਤਾ ਕਿ ਪੱਛਮੀ ਬੰਗਾਲ ਵਿਚ ਦਹਾਕਿਆਂ ਦੀ ਸੀਪੀਐਮ ਹਕੂਮਤ ਦੇ ਪਤਨੀ ਦੀ ਸ਼ੁਰੂਆਤ ਵਿੱਚ ਟਾਟਾ ਨੂੰ "ਆਪਣੇ ਲੋਕਾਂ ਦੀ ਕਾਰ"- ਨੈਨੋ ਬਣਾਉਣ ਦੇ ਲਈ ਜਮੀਨ ਨੂੰ ਜਬਰੀ ਐਕਵਾਇਰ ਕਰਨ ਦੀਆਂ ਸਰਕਾਰ ਦੀਆਂ ਕੋਸ਼ਿਸ਼ਾਂ ਦੇ ਖਿਲਾਫ ਵਿਰੋਧ ਪ੍ਰਦਰਸ਼ਨ ਨਾਲ ਹੋਈ, ਜਿਸ ਨੂੰ ਸੀਪੀਐਮ ਸਰਕਾਰ ਨੇ ਹਿੰਸਾਤਮਕ ਰੂਪ ਨਾਲ ਦਬਾ ਦਿੱਤਾ। ਇਸ ਤਰ੍ਹਾਂ ਦੇ ਘਟਨਾਕ੍ਰਮ ਦਾ ਜ਼ਿਕਰ ਪੁਸਤਕ ਵਿੱਚ ਸਿਰਫ ਸੰਖੇਪ ਵਿੱਚ ਕੀਤਾ ਗਿਆ ਕਿਉਂਕਿ ਸਾਨੂੰ ਦੱਸਿਆ ਗਿਆ ਹੈ ਕਿ ਅਭੀਲੇਖਾਗਾਰ 1970 ਦੇ ਦਹਾਕੇ ਵਿੱਚ ਸਮਾਪਤ ਹੋ ਗਏ ਸਨ,ਜੋ ਉਸ ਤਰ੍ਹਾਂ ਦੇ ਸਰੋਤ ਤੇ ਅਧਿਐਨ ਅਧਾਰਤ ਕਰਨ ਦੀਆਂ ਕੁਝ ਸੀਮਤਾਈਆਂ ਤਹਿ ਕਰ ਦਿੰਦਾ ਹੈ। ਅਧਿਕਾਰਿਕ ਟਾਟਾ ਅਭਿਲੇਖਾਗਾਰ ਵਿੱਚ 1970 ਦੇ ਦਹਾਕੇ ਬਾਅਦ ਨਿਗਮ ਦੇ ਹਾਲ ਦੇ ਵਿਵਾਦਗ੍ਰਸਿਤ ਕਰਨਾਮਿਆਂ ਦਾ ਕੋਈ ਨਿਸ਼ਾਨੀ ਹੈ। ਨਾ ਹੀ ਉਹਨਾਂ ਵਿੱਚ ਜਮਸ਼ੇਦ ਜੀ ਟਾਟਾ ਤੇ ਉਹਨਾਂ ਦੇ ਬੇਟਿਆਂ ਦੇ ਵਿਅਕਤੀਗਤ ਕਾਗਜ਼ਾਤ ਸ਼ਾਮਿਲ ਹਨ। ਇਸ ਦੀ ਬਜਾਏ ਉਹ ਪ੍ਰਚਾਰ ਦੇ ਲਈ ਇੱਕ ਸਬਕ ਵਾਂਗੂੰ,ਨਾਲ ਹੀ ਕੰਪਨੀ ਦੀ ਛਵੀ ਨੂੰ ਖੁੱਲੇ ਅਤੇ ਨੈਤਿਕ ਤੌਰ ਵਿੱਚ ਚਮਕਾਉਣ ਲਈ ਹੈ,ਜਦ ਕਿ ਇਸ ਦੇ ਇਤਿਹਾਸ ਤੇ ਮੁੱਖ ਹਿਸਿਆਂ ਨੂੰ ਅਸਪਸ਼ਟ ਛੱਡ ਦਿੱਤਾ ਗਿਆ ਹੈ। ਰੈਯਨੂ ਇਸ ਤਰ੍ਹਾਂ ਦੇ ਸੰਗ੍ਰਹਿ ਦੇ ਨਾਲ ਕੰਮ ਕਰਦੀਆਂ ਦੀਆਂ ਚੁਣੌਤੀਆਂ ਨੂੰ ਮੰਨਦੇ ਹਨ,ਪਰ ਅੰਤ ਵਿੱਚ ਇਸ ਦੀਆਂ ਸੀਮਾਵਾਂ ਦੇ ਅੰਦਰ ਰਹਿ ਕੇ ਉਹ ਆਪਣੀ ਪੁਸਤਕ ਚ ਉਠਾਏ ਗਏ ਕੁੱਝ ਸੁਆਲਾਂ ਦਾ ਜਵਾਬ ਨਹੀਂ ਦਿੰਦੇ ਹਨ। ਮਿਸਾਲ ਵਜੋਂ ਉਹ ਸ਼ੁਰੂਆਤ ਵਿੱਚੋਂ ਸੰਕੇਤਕ ਰੂਪ ਨਾਲ ਕਹਿੰਦੇ ਹਨ, "ਨਾ ਸਿਰਫ ਟਾਟਾ ਦਾ ਇਤਿਹਾਸਿਕ ਰਾਹ ਵਪਾਰ ਤੋਂ ਉਦਯੋਗ ਅਤੇ ਸੇਵਾਵਾਂ ਤੱਕ ਭਾਰਤੀ ਪੂੰਜੀਵਾਦ ਦੇ ਵਿਆਪਕ ਵਾਲੂਮ ਨੂੰ ਦਰਸਾਉਂਦਾ ਹੈ,ਬਲਕਿ ਇਸ ਵਿੱਚ ਇਹ ਸਾਰੇ ਪੜਾਅ ਇਕ ਵੇਲੇ ਸ਼ਾਮਲ ਹਨ,ਸ਼ਇਦ ਹੀ ਕਦੀ ਅਤੀਤ ਦੇ ਬੋਝ ਨੂੰ ਘੱਟ ਕੀਤਾ ਜਾਂਦਾ ਹੈ। ਇਸ ਤਰ੍ਹਾਂ ਦੇ ਬਿਆਨ ਤੋਂ ਪਤਾ ਲਗਦਾ ਹੈ ਕਿ ਭਾਰਤੀ ਪੂੰਜੀਵਾਦ ਦੇ ਇਤਿਹਾਸ ਨੂੰ ਸਾਫ-ਸੁਥਰੇ,ਅਲੱਗ-ਥਲਗ ਸਮੇਂ ਅਰਸਿਆਂ ਵਿੱਚ ਨਹੀਂ ਵੰਡਿਆ ਜਾ ਸਕਦਾ। ਪਰ ਇਸ ਨਾਲ ਇਹ ਸਮਝ ਵੀ ਨਹੀਂ ਆਉਂਦਾ ਕਿ ਅੱਜ ਭਾਰਤੀ ਪੂੰਜੀਵਾਦ ਨੂੰ ਕੌਣ ਤਾਕਤਾਂ ਜਾਂ ਖੇਤਰ ਪ੍ਰਭਾਸ਼ਿਤ ਕਰਦੇ ਹਨ ਅਤੇ ਇਸ ਸਭ ਵਿੱਚ ਟਾਟਾ ਦੀ ਕੀ ਭੂਮਿਕਾ ਹੈ। ਪੁਸਤਕ ਦੇ ਉਪ-ਸਿਰਲੇਖ ਤੋਂ ਪਤਾ ਲੱਗਦਾ ਹੈ ਕਿ ਟਾਟਾ ਨੇ ਭਾਰਤੀ ਪੂੰਜੀਵਾਦ ਦਾ ਨਿਰਮਾਣ ਕੀਤਾ,ਪਰ ਕੀ ਟਾਟਾ ਵਰਗੀ ਕੰਪਨੀ ਨੂੰ ਅਰਥ ਵਿਵਸਥਾ ਵਿੱਚ ਛੋਟੀਆਂ-ਮੋਟੀਆਂ ਵਸਤੂਆਂ ਤੇ ਉਤਪਾਦਨ, ਸਵੈ-ਰੁਜਗਾਰ, ਅਤੇ ਅਨੋਪਚਾਰਕਿਤਾ ਦੀ ਵਿਆਪਕ ਮੌਜੂਦਗੀ ਨੂੰ ਦੇਖਦੇ ਹੋਏ ਅਸਲ ਵਿੱਚ ਭਾਰਤੀ ਪੂੰਜੀਵਾਦ ਦੇ ਨੁਮਾਇੰਦੇ ਵਜੋਂ ਦੇਖਿਆ ਜਾ ਸਕਦਾ ਹੈ ? ਇਸ ਤਰ੍ਹਾਂ ਦੇ ਸਵਾਲਾਂ ਲਈ ਭਾਰਤੀ ਪੂੰਜੀਵਾਦ ਦੇ ਵੱਧ ਸਪਸ਼ਟ ਰੂਪ ਨਾਲ ਮਾਰਕਸਵਾਦੀ ਵਿਸਲੇਸ਼ਨ ਵੱਲ ਰੁੱਖ ਕੀਤਾ ਜਾ ਸਕਦਾ ਹੈ। ਰਾਯੂਨੂੰ ਖੁਦ ਜੈਰਸ ਬਾਨਾਜੀ ਅਤੇ ਉਹਨਾਂ ਦੇ ਵਿਲੇਸ਼ਨ ਦਾ ਹਵਾਲਾ ਦਿੰਦੇ ਹਨ ਕਿ ਭਾਰਤ ਵਿੱਚ ਅਫੀਮ ਦਾ ਵਪਾਰ ਰਾਜ ਦੁਆਰਾ ਸਹਾਇਤਾ ਪ੍ਰਾਪਤ ਪੂੰਜੀ ਢਾਂਚੇ ਦੀ ਇਕ ਬਹੁਤ ਵੱਡੇ ਨੈਟਵਰਕ ਦਾ ਹਿੱਸਾ ਸੀ। ਇਸ ਨੈਟਵਰਕ ਮਹਾਜਨੀ ਪੂੰਜੀ ਆਜ਼ਾਰੇਦਾਰੀ ਸੀ, ਜੋ ਲੰਡਨ ਵਿੱਚ ਅਣਗਿਣਤ ਵਿਤਪੋਸ਼ਕਾ ਤੇ ਸੱਟੇਬਾਜਾਂ ਨੂੰ ਇਕੱਠੇ ਲਿਆਉਂਦਾ ਸੀ,ਜੋ ਤੇਜੀ ਨਾਲ ਕਰਜੇ ਵਿੱਚ ਡੁੱਬੇ ਭਾਰਤੀ ਕਿਸਾਨਾਂ ਦੇ ਨਾਲ ਸੀ,ਕਿਉਂਕਿ ਬ੍ਰਿਟਿਸ਼ ਬਸਤੀਵਾਦੀ ਰਾਜ ਨੇ ਨਿਜੀ ਕਿਸਾਨਾਂ ਦੀ ਪੂੰਜੀ ਦੇ ਮੋਹਰੀ ਮਾਧਿਅਮ ਅਫੀਮ ਦੀ ਖੇਤੀ ਨੂੰ ਹੱਲਾਸ਼ੇਰੀ ਦਿੱਤੀ ਸੀ,ਜਿਸ ਨੂੰ ਉਹ ਅਕਸਰ ਚੁਕਾਉਣ ਵਿੱਚ ਬੇਵਸ ਸਨ। ਬਾਨਾਜੀ ਦੇ ਵਿਸਲੇਸ਼ਣ ਨੂੰ ਅੱਗੇ ਵਧਾਉਂਦੇ ਹੋਏ,ਅਦਿਤਿਆ ਬਹਿਲ ਨੇ ਪਿੱਛੇ ਜਿਹੇ ਹੀ ਵਿੱਚ ਸੁਝਾਅ ਦਿੱਤਾ ਹੈ ਕਿ ਇਸ ਤਰ੍ਹਾਂ ਦਾ ਵਪਾਰਕ ਪੂੰਜੀਵਾਦ ਪਿੱਛੇ ਜਿਹੇ ਵਿਵਾਦਗ੍ਰਿਸਤ ਖੇਤੀ ਕਾਨੂੰਨਾਂ ਦੇ ਰਾਹੀਂ ਅੰਸ਼ਿਕ ਰੂਪ ਚ ਫਿਰ ਤੋਂ ਤਾਕਤ ਹਾਸਲ ਕਰ ਸਕਦਾ ਹੈ,ਜੋ ਭਾਰਤੀ ਖੇਤੀ ਦੇ ਦਰਵਾਜੇ ਖੇਤਰ ਕਾਰਪੋਰੇਟ ਖੇਤਰ ਦੀ ਖੋਲਣ ਦੀ ਕੋਸ਼ਿਸ਼ ਕਰਦੇ ਹਨ,ਜਿਸ ਵਿੱਚ ਠੇਕਾਖੇਤੀ ਨੂੰ ਹੱਲਾਸ਼ੇਰੀ ਦੇਣਾ ਵਿ ਸ਼ਾਮਲ ਹੈ। ਇਸ ਨੇ ਕਿਸਾਨਾਂ ਦੇ ਵਿਆਪਕ ਵਿਰੋਧ ਨੂੰ ਜਨਮ ਦਿੱਤਾ ਹੈ,ਜਿਹਨਾਂ ਨੂੰ ਡਰ ਹੈ ਕਿ ਵੱਡੀ ਕਾਰਪੋਰੇਟ ਹਿੱਤ ਵੱਡੀ ਪੱਧਰ ਤੇ ਸਪਲਾਈ ਚੈਨ ਸਥਾਪਿਤ ਕਰਨ ਵਿੱਚ ਸਮਰਥ ਹੋਣਗੇ ਅਤੇ ਇਸ ਤਰ੍ਹਾਂ ਖੇਤੀ ਕੀਮਤਾਂ ਨੂੰ ਨਿਰਧਾਰਤ ਕਰਨਗੇ। ਇਸ ਨਾਲ ਕਿਸਾਨ ਹੋਰ ਵੱਧ ਕਰਜੇ ਵਿੱਚ ਡੁੱਬ ਜਾਣਗੇ। ਬੇਸ਼ਕ ਇਸ ਕਹਾਣੀ ਵਿੱਚ ਟਾਟਾ ਵੀ ਸ਼ਾਮਲ ਹੈ, ਕਿਉਂਕਿ ਉਹ ਆਨਲਾਈਨ ਕਾਮਰਸ ਵਿੱਚ ਆਪਣੀ ਤਾਕਤ ਵਧਾਉਣਾ ਚਾਹੁੰਦਾ ਹੈ। ਇਸ ਨੇ ਹਾਲ ਹੀ ਵਿੱਚ ਈ-ਕਮਰਸ ਪਲੇਟਫਾਰਮ ਬਿੱਗਬਾਸਕੇਟ ਵਿੱਚ ਬਹੁਮੁੱਲੀ ਹਿੱਸੇਦਾਰੀ ਹਾਸਲ ਕੀਤੀ ਹੈ, ਜੋ ਇੱਕ ਹਰਮਨਪਿਆਰੀ ਵੰਡ ਪ੍ਰਣਾਲੀ ਹੈ। ਇਸ ਦੌਰਾਨ ਖੇਤੀ ਕਾਨੂੰਨਾਂ ਦੇ ਖਿਲਾਫ ਕਿਸਾਨਾਂ ਦਾ ਵਿਸ਼ਾਲ ਵਿਰੋਧ ਜਾਰੀ ਹੈ,ਭਲੇ ਹੀ ਇਸ ਨੇ ਮੀਡੀਆ ਦਾ ਧਿਆਨ ਖੋਹ ਦਿੱਤਾ ਹੋਵੇ।

ਟਾਟਾ ਅਭਿਲੇਖਗਾਰ ਨਾਲ ਜੁੜੇ ਇੱਕ ਵਿਸ਼ੇ,ਜਿਵੇਂ ਕਿ ਰਯਾਨੂ ਸਾਨੂੰ ਦਿਖਾਉਂਦੇ ਹਨ,ਕਿਰਤ ਬੇਚੈਨੀ ਬਾਰੇ ਚਿੰਤਾ ਹੈ। ਕਿਸੇ ਨੂੰ ਹੈਰਾਨੀ ਹੋ ਸਕਦੀ ਹੈ ਕਿ ਪੂੰਜੀਵਾਦ ਦਾ ਭਵਿੱਖ ਦਾ ਇਤਿਹਾਸਕਾਰ ਭਾਰਤੀ ਇਤਿਹਾਸ ਵਿੱਚ ਇਸ ਮੌਜੂਦਾ ਸਭ ਤੋਂ ਮਹੱਤਵਪੂਰਨ ਸਹਿਯੋਗ ਦੇ ਬਾਰੇ ਵਿੱਚ ਕੀ ਲਿਖੇਗਾ, ਕਿਉਂਕਿ ਲਗਾਤਾਰ ਵਿਰੋਧ ਪ੍ਰਦਰਸ਼ਨ ਕੌਮ ਦੀ ਭਲਾਈ ਦੇ ਲਈ ਇੱਕ ਬੇਚੈਨੀ ਵਜੋਂ ਪੂੰਜੀਵਾਦ ਦੀ ਆਤਮ ਦਿੱਖ 'ਤੇ ਜੋਰਦਾਰ ਸਵਾਲ ਉਠਾਉਂਦੇ ਹਨ।

-0-



ਇੱਕ ਦੁਰਲੱਭ ਇਤਿਹਾਸਿਕ ਦਸਤਾਵੇਜ਼

# ਬਾਬਾ ਸੋਹਣ ਸਿੰਘ ਭਕਨਾ ਵੱਲੋਂ ਸੁਆਲਾਂ ਦੇ ਜੁਆਬ

*(ਇਹ ਅਹਿਮ ਲਿਖਤ ਬਾਬਾ ਸੋਹਣ ਸਿੰਘ ਭਕਨਾ ਵੱਲੋਂ ਉਰਦੂ ਵਿੱਚ ਲਿਖੀ ਗਈ ਸੀ। ਇਸ ਲਿਖਤ ਨੂੰ 'ਦੇਸ਼ ਭਗਤ ਯਾਦਾਂ' ਨਾਂ ਦੇ ਅਖ਼ਬਾਰ ਵਿੱਚ ਦੇਣ ਲਈ ਬਾਬਾ ਜੀ ਨੂੰ ਕੁੱਝ ਸਵਾਲਾਂ ਦਾ ਜਵਾਬ ਦੇਣ ਲਈ ਬੇਨਤੀ ਕੀਤੀ ਗਈ ਸੀ। ਬਾਬਾ ਜੀ ਨੇ ਇਹਨਾਂ ਸਵਾਲਾਂ ਦੇ ਨਾਲ-ਨਾਲ ਕੁੱਝ ਹੋਰ ਸਵਾਲ ਜੋੜਕੇ ਉਹਨਾਂ ਦੇ ਜਵਾਬ ਦਿੱਤੇ ਸਨ। ਅਮਰੀਕਾ ਅੰਦਰ 4 ਅਪ੍ਰੈਲ 1968 ਨੂੰ ਮਾਰਟਿਨ ਲੂਥਰ ਕਿੰਗ ਦੇ ਕਤਲ ਤੋਂ ਪਿੱਛੋਂ ਦੇ ਹਾਲਾਤ ਵਿੱਚ ਬਾਬਾ ਜੀ ਨੇ ਸਮਾਜਵਾਦ, ਧਰਮ, ਦੇਸ਼ ਦੇ ਹਾਲਾਤ ਆਦਿਕ ਮਸਲਿਆਂ ਨੂੰ ਛੋਹਿਆ ਸੀ ਜਿਸ ਤੋਂ ਉਹਨਾਂ ਅਤੇ ਉਹਨਾਂ ਦੇ ਗ਼ਦਰ ਪਾਰਟੀ ਦੇ ਸਾਥੀਆਂ ਦੇ ਵਿਚਾਰਾਂ ਦੀ ਝਲਕ ਮਿਲਦੀ ਹੈ। ਵਰਤਮਾਨ ਸਮੇਂ ਦੇਸ਼ ਭਗਤਾਂ ਦੇ ਵਿਚਾਰਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਵਾਲਿਆਂ ਤੋਂ ਉਹਨਾਂ ਦੇ ਵਿਚਾਰਾਂ ਦੀ ਰਾਖੀ ਅਤੇ ਇਹਨਾਂ ਨੂੰ ਹੋਰ ਅੱਗੇ ਵਧਾਉਣ ਲਈ ਇਹ ਲਿਖਤ ਬੇਹੱਦ ਸਹਾਈ ਹੋਣ ਵਾਲੀ ਹੈ। ਇਸ ਇਤਿਹਾਸਕ ਅਣਪ੍ਰਕਾਸ਼ਿਤ ਲਿਖਤ ਦੇ ਪੰਜਾਬੀ ਅਨੁਵਾਦ ਦੀ ਕਾਪੀ ਪ੍ਰੋ. ਜਗਮੋਹਣ ਸਿੰਘ ਜਨਰਲ ਸਕੱਤਰ ਜਮਹੂਰੀ ਸਭਾ ਪੰਜਾਬ ਦੇ ਹਵਾਲੇ ਨਾਲ ਵੱਖ ਵੱਖ ਰਸਾਲਿਆਂ ਵਿੱਚ ਛਪੀ ਹੈ ਅਤੇ ਸੋਸ਼ਲ ਮੀਡੀਆ ਤੇ ਵੀ ਉਪਲੱਬਧ ਹੈ। ਇਸਨੂੰ ''ਪੰਜਾਬ ਟਾਈਮਜ਼'' ਦੇ ਪਾਠਕਾਂ ਲਈ ਛਾਪਿਆ ਜਾ ਰਿਹਾ ਹੈ-ਸੰਪਾਦਕ)*

ਸੁਆਲ : ਦੇਸ਼ ਅਤੇ ਕੌਮ ਕਿਸ ਨੂੰ ਆਖਦੇ ਹਨ?

ਜੁਆਬ : ਦੇਸ਼ ਨੂੰ ਅਸੀਂ ਮਾਤਰਭੂਮੀ ਵੀ ਆਖਦੇ ਹਾਂ। ਦੇਸ਼ ਜਾਂ ਮਾਤਰਭੂਮੀ ਉਸ ਖਿੱਤੇ ਦਾ ਨਾਮ ਹੈ ਜੋ ਜੁਗਰਾਫੀਆ ਦੀ ਦ੍ਰਿਸ਼ਟੀ ਕੋਣ ਤੇ ਦੂਸਰੇ ਦੇਸ਼ ਨਾਲੋਂ ਸਾਨੂੰ ਅੱਡ ਕਰਦੀ ਹੈ ਅਤੇ ਹੱਦ ਬੰਦੀ ਕਰ ਦਿੰਦੀ ਹੈ ਕਿ ਇਹ ਦੇਸ਼ ਫਲਾਣਾ ਹੈ। ਇਸ ਲਈ ਅਸੀਂ ਜਿਸ ਦੇਸ਼ ਵਿੱਚ ਪੈਦਾ ਹੁੰਦੇ ਹਾਂ ਉਸਨੂੰ ਮਾਤਰ ਭੂਮੀ ਕਹਿੰਦੇ ਹਾਂ ਅਤੇ ਉਸ ਨਾਲ ਮਾਂ ਵਾਂਗ ਪ੍ਰੇਮ ਕਰਦੇ ਹਾਂ ਅਤੇ ਉਸਦੇ ਅੰਨ, ਜਲ 'ਤੇ ਅਧਿਕਾਰ ਸਮਝਦੇ ਹਾਂ। ਉਸ ਦੇਸ਼ ਦੇ ਅੰਦਰ ਚਾਹੇ ਕਿਤਨੇ ਵੀ ਮਜ਼੍ਹਬੀ ਅਕੀਦੇ ਹੋਣ, ਸਾਨੂੰ ਇਕ ਜਾਤੀ ਜਾਂ ਕੌਮ ਹੋਣ ਤੋਂ ਰੋਕ ਨਹੀਂ ਸਕਦੇ। ਕਿਉਂਕਿ ਮਜ਼੍ਹਬ ਇੱਕ ਪ੍ਰਲੋਕੀ ਅਕੀਦਾ ਹੈ ਅਤੇ ਨੇਮ ਇਸ ਦੁਨੀਆਂ ਦੇ ਜੀਵਨ ਨਾਲ ਸੰਬੰਧਤ ਹੈ ਜਿਸਨੂੰ ਜੀਵਨ ਤੋਂ ਅੱਡ ਕਰ ਨਹੀਂ ਸਕਦੇ। ਮਜ਼੍ਹਬ ਤਬਦੀਲ ਹੋ ਸਕਦਾ ਹੈ ਅਤੇ ਕੌਮ ਨੀ। ਮੈਂ ਅੱਜ ਸਿੱਖ ਹਾਂ ਜੇ ਚਾਹਾਂ ਤਾਂ ਕੱਲ੍ਹ ਹੀ ਦੂਸਰਾ ਮਜ਼੍ਹਬ ਧਾਰਨ ਕਰ ਸਕਦਾ ਹਾਂ। ਇਹ ਸਾਡੀਆਂ ਅੱਖਾਂ ਦੇ ਸਾਹਮਣੇ ਹੁੰਦਾ ਹੈ। ਕੌਮ ਅਟੱਲ ਹੈ ਤੇ ਮਜ਼੍ਹਬ ਅਖਤਿਆਰੀ। ਮਜ਼੍ਹਬ ਦਾ ਅਰਥ ਹੈ ਰਾਸਤਾ। ਯਾਨੀ ਨੇਕ ਰਾਸਤਾ ਜੋ ਮਨੁੱਖ ਨਾਲ ਮਨੁੱਖ ਦਾ ਪਿਆਰ, ਨਿਆਏ, ਯੁੱਧ ਆਰਥਿਕ ਪ੍ਰਬੰਧ ਦਾ ਰਸਤਾ ਵਿਖਾਂਦਾ ਹੈ। ਯਾਨੀ ਆਪਣੀ ਨਿੱਤ ਦੀ ਰੋਟੀ, ਲੁੱਟ ਖਸੁੱਟ ਨੂੰ ਮਜ਼੍ਹਬ, ਧਰਮ ਪਾਪ ਆਖਦੇ ਹਨ।

ਸੁਆਲ : ਜੇਕਰ ਮਜ਼੍ਹਬ ਅਤੇ ਧਰਮ ਏਨਾ ਹੀ ਪਿਆਰਾ ਨਿਆਏ ਤੇ ਆਰਥਿਕ ਸ਼ੁਧੀ ਨਾਲ ਭਰਿਆ ਪਿਆ ਹੈ ਤਾਂ ਮਜ਼੍ਹਬ ਤੇ ਧਰਮ ਦੇ ਨਾਂ 'ਤੇ ਕਤਲ ਤੇ ਖ਼ੂਨ ਕਿਉਂ ਹੁੰਦੇ ਹਨ?

ਜੁਆਬ : ਅਸਲ ਗੱਲ ਇਹ ਹੈ ਕਿ ਮਨੁੱਖ ਮਾਤਰ ਦਾ ਅਸਲੀ ਧਰਮ ਤੇ ਮਜ਼੍ਹਬ ਇੱਕ ਹੀ ਹੈ। ਇਹ ਬੁਰਾਈਆਂ ਨਹੀਂ ਸਿਖਾਂਦੇ। ਇਹ ਬੁਰਾਈਆਂ ਜਦ ਫਿਰਕਾ ਪਰਸਤੀ ਦਾ ਜ਼ੋਰ ਹੁੰਦਾ ਹੈ ਤਾਂ ਆਪਣੀ ਰਾਜਸੀ ਹਵਸ ਪੂਰੀ ਕਰਨ ਲਈ ਅਤੇ ਕਮਜ਼ੋਰਾਂ ਨੂੰ ਗੁਲਾਮ ਬਣਾਉਣ ਲਈ ਫਿਰਕਾ ਪਰਸਤੀ, ਮਜ਼੍ਹਬ ਤੇ ਧਰਮ ਖਤਰੇ ਵਿੱਚ ਹੈ ਦਾ ਨਾਹਰਾ ਦੇ ਕੇ ਅਤੇ ਪਾੜ ਕੇ ਰਾਜ ਕਰਨ ਲਈ, ਭੋਲੇ ਭਾਲੇ ਲੋਕਾਂ ਵਿੱਚ ਕਤਲ ਤੇ ਖ਼ੂਨ, ਚਲਾਕੀ ਨਾਲ ਕਰਵਾ ਦਿੰਦੀ ਹੈ। ਫਿਰਕਾ ਪ੍ਰਸਤੀ ਅਸਲੀਅਤ ਵਿੱਚ ਦੇਸ਼ ਤੇ ਕੌਮ ਲਈ ਜਹਿਰ ਵਾਂਗ ਹੈ ਜਿਵੇਂ ਕਿ ਸਿਆਣਿਆਂ ਨੇ ਆਖਿਆ ਹੈ। ਜਦ ਤਕ ਫਿਰਕਾ ਪ੍ਰਸਤੀ ਮਲੀਆ ਮੇਟ ਨਹੀਂ ਕੀਤੀ ਜਾਂਦੀ, ਮਨੁੱਖ ਜਾਤੀ ਵਿੱਚੋਂ ਲੜਾਈਆਂ ਨਹੀਂ ਮੁੱਕ ਸਕਦੀਆਂ ਹਨ ਤੇ ਨਾ ਹੀ ਦੇਸ਼ ਤੇ ਕੌਮ ਇੱਕ ਹੋ ਸਕਦੇ ਹਨ।

ਸੁਆਲ : ਜੇ ਮਜ਼੍ਹਬ ਤੇ ਧਰਮ ਪਿਆਰ ਤੇ ਨਿਆਏ ਸਿੱਖਲਾਂਦੇ ਹਨ ਤਾਂ ਕਿਹੜਾ ਮਜ਼੍ਹਬ ਤੇ ਧਰਮ ਹੈ ਜਿਹੜਾ ਤਲਵਾਰ ਦੀ ਛਾਂ ਹੇਠ ਨਹੀਂ ਵਧਿਆ ਫੁੱਲਿਆ?

ਜੁਆਬ : ਇਹ ਠੀਕ ਹੈ ਪਰ ਸਾਨੂੰ ਇਨ੍ਹਾਂ ਲੜਾਈਆਂ ਦੀ ਤਾਰੀਖ ਦਾ ਮੁਤਾਲਿਆ ਕਰਨਾ ਜ਼ਰੂਰੀ ਹੈ। ਹਰ ਇੱਕ ਮਜ਼੍ਹਬ ਦੇ ਬਾਕੀ ਦੇ ਕੰਮ ਤੇ ਲੜਾਈਆਂ ਨੂੰ ਜਦ ਅਸੀਂ ਦੇਖੀਏ ਕਿ ਉਨ੍ਹਾਂ ਕਿਨ੍ਹਾਂ ਮਜਲੂਮਾਂ ਦੇ ਹੱਕ ਵਿੱਚ ਆਪਣੀਆਂ ਕੁਰਬਾਨੀਆਂ ਕੀਤੀਆਂ ਤੇ ਲੜਾਈਆਂ ਲੜੀਆਂ। ਜਿਨ੍ਹਾਂ ਨੂੰ ਉਨ੍ਹਾਂ ਦੇ ਪੈਰੋਕਾਰ ਅਵਤਾਰ ਪੀਰ ਪਗੰਬਰ, ਦੇ ਬੇਟੇ ਤੇ ਗੁਰੂ ਆਦਿ ਸਤਿਕਾਰਯੋਗ ਨਾਵਾਂ ਨਾਲ ਯਾਦ ਕਰਦੇ ਹਨ, ਜਦ ਅਸੀਂ ਯਸੂ, ਮੁਹੰਮਦ, ਅਵਤਾਰ ਔਰ ਮਜਲੂਮਾਂ ਦੇ ਹੱਕ ਵਿੱਚ ਲੜਨ ਵਾਲੀਆਂ ਦੇਵੀਆਂ ਤੇ ਗੁਰੂ ਸਾਹਿਬਾਂ ਦੀਆਂ ਜ਼ਿੰਦਗੀਆਂ ਦਾ ਮੁਤਾਲਿਆ ਕਰਦੇ ਹਾਂ ਤਾਂ ਸਾਨੂੰ ਮਜ਼੍ਹਬੀ ਲੜਾਈਆਂ ਦੇ ਦੋਵੇਂ ਪੱਖ ਸਾਫ ਨਜ਼ਰ ਆ ਜਾਂਦੇ ਹਨ ਇੱਕ ਪਵਿੱਤਰ ਤੇ ਦੂਸਰਾ ਅਪਵਿੱਤਰ। ਪਵਿੱਤਰ ਲੜਾਈਆਂ ਉਹ ਹਨ ਜੋ ਮਜਲੂਮਾਂ ਨੂੰ ਜਾਲਮਾਂ ਦੀ ਗੁਲਾਮੀ ਵਿੱਚੋਂ ਕੱਢਣ ਵਾਸਤੇ ਲੜੀਆਂ ਗਈਆਂ ਹਨ। ਅਪਵਿੱਤਰ ਉਹ ਹਨ ਜੋ ਰਾਜੇ ਬਾਦਸ਼ਾਹਾਂ ਨੇ ਕਮਜ਼ੋਰਾਂ ਨੂੰ ਗੁਲਾਮ ਰੱਖਣ ਅਤੇ ਆਪਣੀ ਐਸ਼ੋ ਇਸ਼ਰਤ ਨੂੰ ਪੂਰਾ ਕਰਨ ਲਈ ਕਤਲੋ ਖ਼ੂਨ, ਮਜ਼੍ਹਬ ਤੇ ਧਰਮ ਦੇ ਨਾਂ 'ਤੇ ਕੀਤੇ। ਜਿਵੇਂ ਔਰੰਗਜ਼ੇਬ ਤੇ ਉਸ ਵਰਗੇ ਦੂਸਰੇ ਬਾਦਸ਼ਾਹ।

ਸੁਆਲ : ਤੁਸਾਂ ਫਿਰਕਾ ਪ੍ਰਸਤਾਂ ਤੇ ਹੋਰ ਸਮਾਜਕ ਬੁਰਾਈਆਂ ਕਰਨ ਵਾਲਿਆਂ ਨੂੰ ਤਾਂ ਕੋਸਿਆ ਹੈ ਪਰ ਜਿਹੜੀਆਂ ਪੁਲੀਟੀਕਲ ਪਾਰਟੀਆਂ ਸਵਾਏ ਗਲਤ ਪੋਲੀਟਕਸ ਤੇ ਪਾਰਟੀ ਪੋਲੀਟਕਸ ਦੇ ਹੋਰ ਕੋਈ ਕੰਮ ਨਹੀਂ ਕਰ ਰਹੀਆਂ ਜਿੰਨ੍ਹਾਂ ਰਾਤ ਦਿਨ ਇਸੇ ਹੀ ਸੁਗਲ ਨੂੰ ਪੇਸ਼ਾ ਬਣਾ ਰੱਖਿਆ ਹੈ, ਚਾਹੇ ਦੇਸ਼ ਕੌਮ ਤੇ ਮਿਹਨਤਕਸ਼ ਜਨਤਾ ਕਿਤਨੀ ਦੁਖੀ ਕਿਉਂ ਨਹੀਂ ਇਨ੍ਹਾਂ ਨੂੰ ਕੋਈ ਵੀ ਪ੍ਰਵਾਹ ਨਹੀਂ। ਇਹ ਬਾਬਾ ਕੀ ਖਿਆਲ ਹੈ?

ਜੁਆਬ : ਸਮਾਜਕ ਬੁਰਾਈਆਂ ਕਰਨ ਵਾਲਿਆਂ ਲੋਕਾਂ ਨਾਲੋਂ ਇਹ ਕੋਈ ਘੱਟ ਖ਼ਤਰਨਾਕ ਨਹੀਂ ਬਲਕਿ ਜ਼ਿਆਦਾ ਹੀ ਹਨ। ਕਿਉਂਕਿ ਦੂਸਰੇ ਜੋ ਸਮਾਜਕ ਬੁਰਾਈਆਂ ਕਰਨ ਵਾਲੇ ਹਨ ਉਹ ਲੋਕਾਂ ਦੇ ਸਾਹਮਣੇ ਨੰਗੇ ਹਨ ਅਤੇ ਲੋਕ ਉਨ੍ਹਾਂ ਨੂੰ ਛੇਤੀ ਪਛਾਣ ਸਕਦੇ ਹਨ। ਪਰ ਇਹ ਦੇਸ਼ ਭਗਤੀ ਤੇ ਕੌਮ ਪ੍ਰਸਤੀ ਦਾ ਚੋਲਾ ਪਾਕੇ ਜਨਤਾ ਦੀਆਂ ਅੱਖਾਂ ਵਿੱਚ ਘੱਟਾ ਪਾ ਕੇ ਧੋਖਾ ਦੇ ਸਕਦੇ ਹਨ ਜਿਸ ਤਰ੍ਹਾਂ ਅੱਜਕਲ੍ਹ ਹੋ ਰਿਹਾ ਹੈ।

ਸੁਆਲ : ਦੇਸ਼ ਅਤੇ ਕੌਮ ਲਈ ਸਾਡਾ ਕਰਤਵ ਕੀ ਹੈ?

ਜੁਆਬ : ਮੈਂ ਪਿੱਛੇ ਦਸ ਚੁੱਕਾ ਹਾਂ ਕਿ ਤੇ ਦੇਸ਼ ਤੇ ਕੌਮ ਦੀ ਵਿਆਖਿਆ ਵੀ ਕਰ ਚੁੱਕਾ ਹਾਂ, ਭਈ ਜੋ ਜ਼ਮੀਨ ਦਾ ਖੱਤਾ ਜੁਗਰਾਫੀਏ ਦੇ ਲਿਹਾਜ ਨਾਲ ਦੂਸਰੇ ਖੱਤਿਆਂ ਨਾਲੋਂ ਅੱਡ ਕਰਦਾ ਹੈ। ਜਿਸਦੀ ਹੱਦ ਬੰਦੀ ਇੱਕ ਦੂਸਰਾ ਆਪਸ ਵਿੱਚ ਮਿਲਕੇ ਕਰ ਲੈਂਦੇ ਹਨ। ਇਹ ਸਾਰੇ ਸਾਡੇ ਪੜੋਸੀ ਤੇ ਹਮਸਾਏ ਹਨ। ਜਿਸ ਤਰ੍ਹਾਂ ਅਸੀਂ ਆਪਣੇ ਦੇਸ਼ ਅੰਦਰ ਆਜ਼ਾਦੀ ਤੇ ਬਰਾਬਰੀ ਦੇ ਹੱਕ ਰੱਖਦੇ ਹਾਂ ਉਸੇ ਤਰ੍ਹਾਂ ਸਾਡੇ ਪੜੋਸੀ ਵੀ। ਸਾਡਾ ਫ਼ਰਜ਼ ਠਹਿਰਦਾ ਹੈ ਕਿ ਅਸੀ ਆਪਣੀ ਆਜ਼ਾਦੀ ਤੇ ਬਰਾਬਰੀ ਨੂੰ ਕੀ ਆਰਥਕ ਕੀ ਰਾਜਨੀਤਕ ਤੇ ਕੀ ਸਮਾਜਕ ਜੀਵਨ ਦੇ ਹਰ ਪਹਿਲੂ ਵਿੱਚ ਕਾਇਮ ਰੱਖੀਏ ਇਸ ਦਾ ਨਾਂ ਹੈ ਸਮਾਜਿਕ ਪ੍ਰਬੰਧ। ਸਾਨੂੰ ਇੱਕ ਗੱਲ ਯਾਦ ਰੱਖਣੀ ਚਾਹੀਦੀ ਹੈ ਸਮਾਜਵਾਦ ਤੋਂ ਬਿਨਾਂ ਕੋਈ ਦੇਸ਼ ਜਾਂ ਜਾਤੀ ਸੁਖੀ ਨਹੀਂ ਹੋ ਸਕਦੀ। ਜਿੱਥੇ ਲੁੱਟ ਖਸੁੱਟ ਤੇ ਸਾਮਰਾਜਵਾਦ ਹੈ ਉਥੇ ਕਦੀ ਸ਼ਾਂਤੀ ਤੇ ਆਨੰਦ ਨਹੀਂ ਹੋ ਸਕਦਾ, ਜੋ ਮਨੁੱਖ ਮਾਤਰ ਹੁੰਦਾ ਹੈ। ਇਸਦੇ ਇਲਾਵਾ ਆਜ਼ਾਦੀ ਤੇ ਬਰਾਬਰੀ ਦਾ ਨਜ਼ਰੀਆ ਸਾਡਾ ਆਪਣੇ ਦੇਸ਼ ਲਈ ਹੀ ਨਹੀਂ ਦੇਣਾਂ ਚਾਹੀਦਾ, ਸਗੋਂ ਸਾਰੀ ਦੁਨੀਆਂ ਦੀ ਆਜ਼ਾਦੀ ਬਰਾਬਰੀ ਤੇ ਸੱਚੀ ਜਮਹੂਰੀਅਤ (ਲੋਕ ਰਾਜ) ਦੀ ਇੱਜਤ ਸਾਡੇ ਲਈ ਜ਼ਰੂਰੀ ਹੈ। ਕਿ ਸਾਡੀ ਅਸਲੀ ਜਾਤੀ ਮਨੁੱਖ ਮਾਤਰ ਹੈ। ਅਤੇ ਦੁਨੀਆਂ ਭਰ ਦਾ ਮਨੁੱਖ ਸਾਡਾ ਭਾਈ ਹੈ। ਇਸ ਤੋਂ ਵੱਖ ਹੋ ਕੇ ਇਕੱਲੇ ਜਿਉਂਦੇ ਨਹੀਂ ਰਹਿ ਸਕਦੇ ਕਿਉਂਕਿ ਜੀਵਨ ਵਿਅਕਤੀਗਤ ਨਹੀਂ ਸਗੋਂ ਸਮਾਜਕ ਹੈ। ਕੋਈ ਇਕੱਲਾ ਵਿਅਕਤੀ ਆਪਣੀ ਸਾਰੀ ਲੋੜ ਜੋ ਜੀਵਨ ਵਿੱਚ ਉਸਨੂੰ ਹੈ ਉਹ ਪੂਰੀ ਨਹੀਂ ਕਰ ਸਕਦਾ ਤੇ ਨਾ ਹੀ ਆਪਣੇ ਖਿੱਤੇ (ਮੁਲਕ) ਦੀ ਹੋਂਦ ਵਿੱਚ ਕੈਦ ਹੋ ਕੇ ਤਰੱਕੀ ਕਰ ਸਕਦਾ ਹੈ। ਇਸ ਲਈ ਜੇ ਅਸੀਂ ਸ਼ਾਂਤੀ ਤੇ ਸੁੱਖ ਚਾਹੁੰਦੇ ਹਾਂ ਤਾਂ ਜੋ ਪਿਆਰ ਸਾਨੂੰ ਆਪਣੀ ਮਾਤਰਭੂਮੀ ਨਾਲ ਹੈ ਉਹ ਪਿਆਰ ਸੱਚੇ ਦਿਲ ਨਾਲ ਸਾਰੇ ਦੁਨੀਆਂ ਦੇ ਦੇਸ਼ਾਂ ਨਾਲ ਕਰਨਾ ਹੋਵੇਗਾ। ਤਾਂ ਹੀ ਦੇਸ਼ ਭਗਤ ਤੇ ਕੌਮ ਪ੍ਰਸਤਾ ਕਹਾ ਸਕਦੇ ਹਾਂ। ਵਰਨਾ ਰਾਜਸੀ ਪਾਖੰਡ ਹੋਵੇਗਾ ਜੋ ਸਾਨੂੰ ਕਦੀ ਵੀ ਸੁਖੀ ਨਹੀਂ ਕਰ ਸਕਦਾ।

ਸੁਆਲ : ਇਹ ਤਾਂ ਹੋਈ ਦੇਸ਼ ਭਗਤੀ ਜਿਸ ਤਰ੍ਹਾਂ ਅਸੀਂ ਆਪਣੇ ਦੇਸ਼ ਨਾਲ ਪਿਆਰ ਕਰਦੇ ਹਾਂ ਉਹੀ ਦੂਸਰੇ ਦੇਸ਼ਾਂ ਨਾਲ ਕਰੀਏ ਹੁਣ ਕੌਮ ਪ੍ਰਸਤੀ ਦੀ ਵਿਆਖਿਆ ਜ਼ਰੂਰੀ ਹੈ?

ਜੁਆਬ : ਸਾਨੂੰ ਦੁਨਿਆਵੀ ਤੇ ਕੁਦਰਤੀ ਅਸੂਲਾਂ ਦੋਹਾਂ ਨੂੰ ਸਮਝਣ ਦੀ ਜ਼ਰੂਰਤ ਹੈ। ਰੁਹਾਨੀਅਤ ਤਾਂ ਸਾਨੂੰ ਇਹ ਕਹਿੰਦੀ ਹੈ ਕਿ ਸਾਰੀ ਕਾਇਨਾਤ ਦਾ ਜੀਵਨ ਇੱਕ ਹੈ ਅਤੇ ਇੱਕ ਲੜੀ ਵਿੱਚ ਪਰੋਂਦਾ ਹੈ। ਇਸ ਨੂੰ ਮਹਾਂ ਜੀਵਨ ਕਿਹਾ ਜਾਂਦਾ ਹੈ। ਇਹ ਕਾਇਨਾਤੀ ਮਹਾਂਜੀਵਨ ਦੇ ਹੀ ਅਨੇਕਾ ਨਾਮ ਹਨ। ਕੋਈ ਰੱਬ, ਕੋਈ ਰਹੀਮ, ਕੋਈ ਵਾਹਿਗੁਰੂ, ਕੋਈ ਗਾਡ ਅਨੇਕਾ ਨਾਮ ਘੜੇ ਹੋਏ ਹਨ। ਪਰ ਕੁਦਰਤੀ ਸ਼ਕਤੀ ਇੱਕ ਹੀ ਹੈ। ਜਿਸਨੂੰ ਨਿਰਾਕਾਰ ਜਾਂ ਪ੍ਰਕਿਰਤੀ (ਮਾਦਾ) ਵੀ ਕਹਿ ਸਕਦੇ ਹਾਂ। ਕਿਉਂਕਿ ਆਦਿ ਵਿੱਚ ਜੋ ਸੁਖਸ਼ਮ ਨਿਰਾਕਾਰ ਸ਼ਕਤੀ ਸੀ, ਸਾਰੇ ਗਰੰਥ, ਅੰਜੀਲ, ਕੁਰਾਨ, ਵੇਦ ਆਦਿ ਇਸ ਗੱਲ ਨੂੰ ਮੰਨਦੇ ਹਨ ਕਿ ਨਿਰਾਕਾਰ ਰੂਪ ਤੋਂ ਹੀ ਸਾਕਾਰ ਰੂਪ ਪੈਦਾ ਹੋਇਆ। ਚਾਹੇ ਹੋਣ ਵਿੱਚ ਮੱਤਭੇਦ ਹਨ ਕਿ ਕਿਵੇਂ ਇਹ ਹੋਇਆ। ਪ੍ਰੰਤੂ ਇਸ ਵਿੱਚ ਕੋਈ ਮੱਤਭੇਦ ਨਹੀਂ ਕਿ ਇਹ ਕਾਇਨਾਤ ਇੱਕ ਸ਼ਕਤੀ ਦਾ ਹੀ ਪ੍ਰਗਟਾਵਾ ਹੈ। ਚਾਹੇ ਉਸਨੂੰ ਬ੍ਰਹਮ ਕਹਿ ਲਓ ਜਾਂ ਪ੍ਰਕਿਰਤੀ। ਰੁਹਾਨੀਅਤ ਨੂੰ ਛੱਡ ਕੇ ਜੇ ਅਸੀਂ ਸਾਇੰਸ ਦੇ ਨਜ਼ਰੀਏ ਨਾਲ ਦੇਖੀਏ ਤਾਂ ਮਲੂਮ ਹੁੰਦਾ ਹੈ ਕਿ ਇਸ ਕਾਇਨਾਤ ਦਾ ਜੀਵਨ ਇੱਕ ਹੀ ਹੈ ਅਤੇ ਭਿੰਨ-ਭਿੰਨ ਸ਼ਕਤੀਆਂ ਦ੍ਰਿਸ਼ਟੀਗੋਚਰ ਹਨ। ਦਰਅਸਲ ਇਹ ਭਿੰਨ-ਭਿੰਨ ਨਹੀਂ। ਇੱਕ ਦੂਸਰਾ ਜੀਵਨ ਇੱਕ ਦੂਸਰੇ ਨਾਲ ਪੂਰਾ ਜੀਵਨ ਸਬੰਧ ਰੱਖਦਾ ਹੈ। ਤੇ ਇਸ ਤਰ੍ਹਾਂ ਦੂਸਰੇ ਜੀਵਨ ਨੂੰ ਜਿਉਂਦੇ ਰਹਿਣ ਵਿੱਚ ਮੱਦਦ ਦਿੰਦਾ ਹੈ। ਜਿਸ ਤਰ੍ਹਾਂ ਰੁੱਖ ਦੀ ਮਿਸਾਲ ਲਓ, ਸਾਡੇ ਗੰਦੇ ਸਾਹ ਲੈਂਦਾ ਤੇ ਸਾਫ਼ ਕਰਕੇ ਸਾਨੂੰ ਦਿੰਦਾ ਹੈ। ਜਿਸ ਕਰਕੇ ਸਾਡੀ ਅਰੋਗਤਾ ਕਾਇਮ ਰਾਹਿੰਦੀ, ਦੂਸਰੇ ਅੰਨ ਪਾਣੀ ਤੇ ਹਵਾ ਆਦਿ ਸਾਡੇ ਜੀਵਨ ਨੂੰ ਜ਼ਿੰਦਾ ਰੱਖਣ ਵਿੱਚ ਸਹਾਇਤਾ ਦਿੰਦੇ ਹਨ। ਏਸੇ ਤਰ੍ਹਾਂ ਮੁਖਾਲਫ ਸ਼ਕਤੀ ਵੀ ਆਪਣੇ ਕੁਦਰਤੀ ਅਸੂਲਾਂ ਦੇ ਫਰਜ ਨੂੰ ਪੂਰਾ ਕਰਦੀਆਂ ਹਨ। ਅਤੇ ਇਹ ਅਸੂਲ ਅਟੱਲ ਹੈ ਯਾਨੀ ਵਿਕਾਸ ਅਤੇ ਕ੍ਰਾਂਤੀ ਜੇ ਇਹ ਦੋ ਕੁਦਰਤੀ ਅਸੂਲ ਨਾ ਹੁੰਦੇ ਤਾਂ ਇਹ ਸੰਸਾਰ ਨਰਕ ਬਣ ਜਾਂਦਾ। ਵਿਕਾਸ ਕਾਇਨਾਤ ਨੂੰ ਸੁਚੱਜੇ ਢੰਗ ਨਾਲ ਪੈਦਾ ਕਰਦਾ ਹੈ ਤੇ ਪਾਲਦਾ ਵੀ ਹੈ। ਪਰ ਜਦ ਵਿਕਾਸ ਆਪਣਾ ਕੰਮ ਕਰ ਚੁੱਕਦਾ ਹੈ ਤੇ ਹਰ ਇੱਕ ਜੀਵਨ ਬੁਢਾਪੇ ਦੇ ਕਾਬੂ ਆਕੇ ਦੁਖੀ ਹੋ ਜਾਂਦਾ ਹੈ ਤਾਂ ਕ੍ਰਾਂਤੀ ਉਸ ਬੋਸੀਦ ਬੂ ਫੈਲਾਣ ਵਾਲੇ ਜੀਵਨ ਨੂੰ ਆਪਣੇ ਝਾੜੂ ਨਾਲ ਹੂੰਝ ਕੇ ਵੱਖ ਕਰ ਦਿੰਦੀ ਹੈ ਅਤੇ ਨਵੇਂ ਜੀਵਨਾਂ ਲਈ ਮੈਦਾਨ ਸਾਫ ਕਰਦੀ ਹੈ। ਤਾਂ ਕਿ ਉਹ ਇਸ ਦੁਨੀਆਂ ਦਾ ਸੁਖ ਮਾਣੇ। ਤੇ ਜੋ ਕੁਦਰਤ ਨੇ ਆਪਣੇ ਬੱਚਿਆਂ ਲਈ ਦੁਨੀਆਂ ਰੂਪੀ ਸੁੰਦਰ ਬਾਗ ਲਗਾਇਆ ਤੇ ਹਰ ਪ੍ਰਕਾਰ ਦੇ ਪਦਾਰਥ ਪੈਦਾ ਕੀਤੇ ਤਾਂ ਕਿ ਇਹ ਇੱਕ ਦੂਸਰੇ ਨਾਲ ਪਿਆਰ ਤੇ ਨਿਆਏ ਨਾਲ ਵਰਤਣ ਅਤੇ ਇਨ੍ਹਾਂ ਪਦਾਰਥਾਂ ਨੂੰ ਸੁੱਖ ਤੇ ਸ਼ਾਂਤੀ ਨਾਲ ਭੋਗਣ



ਪਰ ਬੱਚੇ ਏਨੇ ਨਾਲਾਇਕ ਹਨ ਜੋ ਆਪਣੇ ਫਲ ਖਾਕੇ ਵੀ ਦੂਸਰੇ ਦੇ ਹੱਥੋਂ ਉਹਨਾਂ ਦੀ ਖ਼ੁਰਾਕ ਖੋਹ ਲੈਂਦੇ ਹਨ। ਤੇ ਉਹਨਾਂ ਨੂੰ ਭੁੱਖ, ਮਹਾਂਮਾਰੀ, ਅਵਿੱਦਿਆ ਜੈਸੀਆਂ ਗਹਿਰੀਆਂ ਗਾਰਾਂ ਵਿੱਚ ਸੁੱਟਕੇ ਉਪਰੋਂ ਤੋੜੀਆਂ ਮਾਰਦੇ ਹਨ ਜਿਸਦੀ ਮਿਸ਼ਾਲ ਰੋਡੇਸ਼ੀਆ ਤੇ ਹੋਰ ਕਈ ਮੁਲਕਾਂ ਵਿੱਚ ਮਿਲਦੀ ਹੈ। ਜੇਕਰ ਅਸੀਂ ਕਾਇਨਾਤ ਸੰਬੰਧਾਂ ਨੂੰ ਛੱਡ ਵੀ ਦੇਈਏ ਤਾਂ ਵੀ ਮਨੁੱਖ ਜਾਤੀ ਦੀ ਏਕਤਾ ਤੋਂ ਮੁਨਕਰ ਨਹੀਂ ਹੋ ਸਕਦੇ। ਜਦ ਏਕਤਾ ਤੋਂ ਮੁਨਕਰ ਨਹੀਂ ਹੋ ਸਕਦੇ ਤਾਂ ਮਨੁੱਖ ਜਾਤੀ ਨੂੰ ਇੱਕ ਟੱਬਰ ਮੰਨਣਾ ਹੀ ਪਵੇਗਾ। ਜਦ ਅਸੀਂ ਇੱਕ ਟੱਬਰ ਮੰਨ ਲਵਾਂਗੇ ਜੋ ਕੁੱਝ ਸਮੇਂ ਦੇ ਬਾਅਦ ਮੰਨਣਾ ਹੀ ਪਵੇਗਾ ਤਾਂ ਮਨੁੱਖ ਜਾਤੀ ਦਾ ਦੁੱਖ ਤੇ ਸੁੱਖ ਇੱਕ ਹੋ ਜਾਵੇਗਾ, ਅਸੀਂ ਇਹ ਸਮਾਂ ਯੁੱਗ ਦੇ ਪਲਟਾਓ ਦਾ ਸਮਾਂ ਮੰਨਦੇ ਹਾਂ ਕਿਉਂਕਿ ਮਨੁੱਖ ਜਾਤੀ ਦਾ ਗਿਆਨ ਬੜੀ ਤੇਜੀ ਨਾਲ ਏਕਤਾ ਵਲ ਵਧ ਰਿਹਾ ਹੈ। ਇਸਨੂੰ ਕੋਈ ਤਾਕਤ ਨਹੀਂ ਰੋਕ ਸਕਦੀ। ਜਰਪ੍ਰਸਤੀ ਦਾ ਯੁੱਗ ਸਮਾਜਵਾਦ ਦੇ ਸਾਹਮਣੇ ਦਿਵਾਰਾਂ ਖੜ੍ਹੀਆਂ ਕਰ ਰਿਹਾ ਪਰ ਇਹ ਰੇਤ ਦੀਆਂ ਦਿਵਾਰਾਂ ਬਹੁਤ ਚਿਰ ਖੜ੍ਹੀਆਂ ਨਹੀਂ ਰਹਿ ਸਕਦੀਆਂ ਬਹੁਤ ਛੇਤੀ ਢਹਿ ਢੇਰੀ ਹੋਣ ਵਾਲੀਆਂ ਹਨ। ਪਰ ਸਾਨੂੰ ਇੱਕ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਯੁੱਗ ਦਾ ਪਲਟਾਓ ਹਰ ਇੱਕ ਦੇਸ਼ ਦੇ ਅੰਦਰ ਹੀ ਹੋਣਾ ਹੈ ਅਤੇ ਉਸ ਦੇਸ਼ ਦੀ ਜਨਤਾ ਦੇਸ਼ ਦੇ ਸਪੁਰਦ ਹੀ ਕਰਨਾ ਹੈ। ਬਾਹਰ ਦੀ ਕਿਸੇ ਤਾਕਤ ਨੇ ਭਰੋਸਾ ਰੱਖਣਾ ਕਿ ਉਹ ਬਣਿਆ ਬਣਾਇਆ ਸਮਾਜਵਾਦ ਉਸਦੇ ਹੱਥ ਫੜਾ ਦੇਵੇਗੀ ਭੁੱਲ ਹੈ। ਹਰ ਇੱਕ ਦੇਸ਼ ਦੀ ਜਨਤਾ ਨੂੰ ਸਾਮਰਾਜ ਦੇ ਵਿਰੁੱਧ ਕੁਰਬਾਨੀ ਕਰਨੀ ਹੀ ਪਵੇਗੀ ਤੇ ਥੋੜ੍ਹੀ ਨਹੀਂ। ਸਾਮਰਾਜ ਮਰਦਾ ਹੋਇਆ ਵੀ ਘਿਰੀ ਕੋਈ ਬਿੱਲੀ ਵਾਂਗ ਜਦ ਦੇਖਦੀ ਹੈ ਕਿ ਮੇਰਾ ਬਚਾਓ ਨਾ ਤਾਂ ਸਿੱਧੀ ਗੱਲ ਨੂੰ ਚਕ ਮਾਰਨ ਦੀ ਕੋਸ਼ਿਸ਼ ਕਰਦੀ ਹੈ। ਇਸ ਆਖਰੀ ਸਾਮਰਾਜੀ ਵੇਲੇ ਨੂੰ ਖਿਆਲ ਵਿੱਚ ਰੱਖਣਾ ਚਾਹੀਦਾ ਤੇ ਹਰ ਤਰੱਕੀ ਕਰ ਰਹੇ ਮੁਲਕ ਤੇ ਮੁਲਕਾਂ ਦਾ ਸੰਗਠਨ ਬਹੁਤ ਜ਼ਰੂਰੀ ਹੈ। ਇਸ ਤੋਂ ਬਿਨਾਂ ਉਹ ਸਮਰਾਜਵਾਦ ਦੇ ਧੋਖੇ ਭਰੇ ਨਾਹਰਿਆਂ ਵਿੱਚ ਨਾ ਫਸਣ। ਮੁਲਕਾਂ ਦਾ ਇਹ ਖਿਆਲ ਹੈ ਕਿ ਸਾਮਰਾਜ ਦੇ ਸਮਾਜਵਾਦ ਇਹ ਜਗ੍ਹਾ ਇਕੱਠੇ ਰਹਿ ਸਕਦੇ ਹਨ। ਮੈਂ ਇਨ੍ਹਾਂ ਨਾਲ ਸਹਿਮਤ ਨਹੀਂ। ਅੰਧੇਰੇ ਤੇ ਉਜਾੜੇ ਦਾ ਕੋਈ ਮੇਲ ਨਹੀਂ ਹੋ ਸਕਦਾ। ਜਦ ਹਰ ਤਰੱਕੀ ਕਰ ਰਿਹਾ ਮੁਲਕ ਤੇ ਉਠ ਰਹੇ ਮੁਲਕ ਕੌਮੀਅਤ ਨੂੰ ਸਮਝ ਕੇ ਏਕਤਾ ਦੇ ਝੰਡੇ ਹੇਠਾਂ ਇੱਕ ਕੌਮੀ ਨਜ਼ਰੀਆ ਅਪਣਾ ਲਵੇਗੇ। ਤਦੋਂ ਹੀ ਮਨੁੱਖ ਜਾਤੀ ਦੀ ਇੱਕ ਸੱਚੀ ਤੇ ਸੁੱਚੀ ਕੌਮ ਬਣ ਜਾਵੇਗੀ ਅਤੇ ਸਾਰੀ ਮਨੁੱਖ ਜਾਤੀ ਦਾ ਦੁੱਖ ਸੁੱਖ ਸਾਂਝਾ ਹੋ ਜਾਵੇਗਾ। ਇਸ ਵੇਲੇ ਸਾਰੀ ਮਨੁੱਖਤਾ ਦੀ ਜੈ ਦਾ ਨਾਅਰਾ ਲਗਾਉਣ ਵਿੱਚ ਸਫ਼ਲ ਹੋਵਾਂਗੀ। ਉਠੇ ਨਹੀਂ। ਉਠੇ ਅਧੂਰਾ ਨਾਅਰਾ ਹੈ ਜੋ ਅੱਜ ਹੈ।

ਸੁਆਲ : ਕੀ ਮੌਜੂਦਾ ਹਾਲਤ ਵਿੱਚ ਸਾਡਾ ਦੇਸ਼ ਆਪਣੇ ਪੈਰਾਂ 'ਤੇ ਖੜ੍ਹਾ ਹੋ ਸਕਦਾ ਹੈ।

ਜੁਆਬ : ਜਦ ਸਾਮਰਾਜੀ ਨੀਤੀ ਨੂੰ ਤਲਾਂਜਲੀ ਦਿੱਤੀ ਜਾਵੇ। ਉਰੇ ਨਹੀਂ। ਕਿਉਂਕਿ ਸਰਮਾਏਦਾਰੀ ਦਾ ਜੀਵਨ ਹੀ ਮੁਨਾਫਾਖੋਰੀ ਉੱਤੇ ਹੈ ਤੇ ਮੁਨਾਫਾਖੋਰੀ ਤਦ ਹੀ ਜ਼ਿੰਦਾ ਰਹਿ ਸਕਦੀ ਹੈ ਜਦ ਉਹ ਮਜ਼ਦੂਰ ਕਿਸਾਨ ਤੇ ਹੋਰ ਮਿਹਨਤਕਸ਼ਾਂ ਤੋਂ ਘੱਟ ਮਜ਼ਦੂਰੀ ਤੇ ਚੋਖਾ ਦਾਮ ਵਾਲੀ ਕਹਾਵਤ ਪੂਰੀ ਕਰਦੀ ਹੈ। ਕਰੇ। ਮਤਲਬ ਕਿ ਇਹਨਾਂ ਦੀ ਮਿਹਨਤ ਨੂੰ ਸਸਤੇ ਦਾਮਾਂ 'ਤੇ ਖਰੀਦੇ ਤੇ ਮਹਿੰਗੇ ਮੁੱਲ ਵੇਚੇ। ਜੋ ਲੋਕ ਮਹਿੰਗਾਈ ਦਾ ਰੌਲਾ ਪਾਉਂਦੇ ਹਨ ਉਹਨਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਸਰਮਾਏਦਾਰਾਂ ਨਿਜ਼ਾਮ ਦਾ ਖਾਸਾ ਕੀ ਹੈ। ਉਹ ਜੋ ਕੁੱਝ ਕਰ ਰਿਹਾ ਹੈ

ਨਿਜਾਮ ਦਾ ਖਾਸਾ ਕੀ ਹੈ। ਉਹ ਜੋ ਕੁਛ ਕਰ ਰਿਹਾ ਹੈ ਆਪਣੇ ਆਦਰਸ਼ ਦੇ ਮਜ਼੍ਹਬ। ਅਗਰ ਕਮਜ਼ੋਰੀ ਹੈ ਤਾਂ ਉਹ ਆਮ ਮਿਹਨਤਕਸ਼ ਜਮਾਤ ਵਿੱਚ। ਜੋ ਆਪਣੀ ਬੁਜਦਿਲੀ ਦੇ ਅਸਰ ਹੇਠ ਆਪਣੀ ਲੁੱਟ ਖਸੁੱਟ ਕਰਵਾ ਰਹੀ ਹੈ। ਅਤੇ ਮਾਲਕ ਹੁੰਦੀ ਹੋਈ ਵੀ ਦਾਸੀ ਬਣੀ ਬੈਠੀ ਹੈ। ਦੱਸੋ ਘਰ ਤੇ ਕੋਠੀਆਂ, ਬੂਟ ਤੇ ਸੂਟ, ਅੰਨ, ਜਲ, ਦੁੱਧ, ਤਰਕਾਰੀਆਂ ਪੈਦਾ ਕਰਕੇ ਅਮੀਰ ਨੂੰ ਦੇਣ ਵਾਲੇ ਤੁਸੀਂ ਹੋ ਜਾਂ ਹੋਰ ਕੋਈ? ਉਹ ਅਪਾਹਜ ਤੇ ਵਿਹਲੜ, ਕੁਛ ਨਹੀਂ ਕਰਦਾ ਤੇ ਨਹੀਂ ਕੁਛ ਕਰ ਸਕਦਾ ਹੈ। ਰਾਜੇ, ਮਹਾਂਰਾਜੇ, ਜਾਗੀਰਦਾਰ ਤੇ ਮੌਜੂਦਾ ਹਕੂਮਤ ਸਭ ਤੁਹਾਡੇ ਜਾਚਕ ਹਨ। ਅਤੇ ਤੁਹਾਡੀ ਕਮਾਈ ਖਾ ਰਹੇ ਹਨ। 'ਮਾਲਕ' ਭੁੱਖਾ ਮਰਦਾ ਹੈ ਤੇ 'ਨੌਕਰ' ਲੁੱਟਦਾ ਹੈ। ਤੁਸੀਂ ਜਾਂ ਤਾਂ ਖੁਦ ਵੱਲ ਵੇਖ ਰਹੇ ਹੋ ਕਿ ਤੁਹਾਨੂੰ ਉਹ ਦੇਵੇਗਾ ਜਾਂ ਅਮੀਰ ਜਮਾਤ ਦੇ ਜੂਠੇ ਟੁਕੜਿਆਂ ਵੱਲ ਜਾਂ ਬਾਜ਼ਾਰ ਵਿੱਚ ਕੇਲਿਆਂ ਦੀਆਂ ਜੂਠੀਆਂ ਛਿੱਲਾਂ ਵੱਲ ਜੋ ਤੁਹਾਡੇ ਬੱਚੇ ਚੁੱਕ ਚੁੱਕ ਖਾਂਦੇ ਹਨ। ਜਾਂ ਸਿਆਸੀ ਪਾਰਟੀਆਂ ਵੱਲ ਜੋ ਤੁਹਾਡੇ ਵੋਟ ਲੁੱਟ ਕੇ ਅਸੈਂਬਲੀਆਂ ਤੇ ਪਾਰਲੀਮੈਂਟ ਦੀਆਂ ਕੁਰਸੀਆਂ ਉੱਤੇ ਜਾ ਬੈਠਦੇ ਹਨ। ਜਦ ਇਜਲਾਸ ਹੁੰਦੇ ਹਨ ਤੇ ਚਾਰ ਦਿਨ ਫੋਕੀਆਂ ਚੁੰਝਾਂ ਲੜਾ ਕੇ ਤਨਖਾਹੀ ਤੇ ਸਫਰ ਖਰਚ ਲੈ ਕੇ ਕੋਠੀਆਂ ਵਿੱਚ ਜਾ ਆਰਾਮ ਕਰਦੇ ਹਨ। ਹਾਲਾਂਕਿ ਇਹਨਾਂ ਦਾ ਫ਼ਰਜ਼ ਸੀ ਕਿ ਫਾਲਤੂ ਵਕਤ ਵਿੱਚ ਆਪਣੇ ਵੋਟਰਾਂ ਪਾਸ ਅਪੜੋ ਤੇ ਉਹਨਾਂ ਦੇ ਦੁੱਖ ਸੁੱਖ ਨੂੰ ਦੇਖਣ ਦੀ ਸਰਮਿੰਦਗੀ ਦੀ ਇਹਨਾਂ ਨੇ ਕਸਮ ਚੁੱਕੀ ਹੈ।

ਇਸ ਦੇ ਇਲਾਵਾ ਸਾਡੀ ਹਕੂਮਤ ਜਿਸ ਦੀ ਬਾਬਤ ਇੱਕ ਹੀ ਸ਼ਬਦ ਕਾਫੀ ਹੈ। ਉਹ ਇਹ ਕਿ ਇੱਕ ਨੂੰ ਕੀ ਰੋਨੀਂ ਏ ਊਤ ਗਿਆ ਆਵਾ। ਨਾ ਕੋਈ ਨਿੰਦਣ ਵਾਲਾ ਤੇ ਨਾ ਕੋਈ ਸਲਾਹੁਣਵਾਲਾ। ਰੋਜ਼ ਨਵੇਂ ਵਜੀਰ ਬਣਦੇ ਤੇ ਢਹਿੰਦੇ ਹਨ। ਸੌਦੇ ਬਾਜੀ ਦੀ ਮੰਡੀ ਗਰਮ ਹੈ। ਐਸੀ ਹਾਲਤ ਵਿੱਚ ਮੁਲਕ ਕਿਸ ਤਰ੍ਹਾਂ ਤਰੱਕੀ ਕਰ ਸਕਦਾ ਹੈ। ਹਰ ਇੱਕ ਮਹਿਕਮਾ ਖੁਦ ਮੁਖਤਾਰ ਹੈ। ਜ਼ਰੂ ਪ੍ਰਸਤੀ ਦਾ ਰਾਜ ਹੈ। ਮੁੱਠੀ ਗਰਮ ਕਰ ਦਿਓ ਤਾਂ ਸਭ ਕੁੱਝ ਮਿਲ ਸਕਦਾ ਹੈ ਬਲਕਿ ਖ਼ੂਨ ਵੀ ਕਰ ਦਿਓ

*(ਬਾਕੀ ਅਗਲੇ ਸਫੇ 'ਤੇ)*

# ਧੀ ਦੇ ਬਾਪ 'ਤੇ ਤਰਸ ਕਰਿਓ



**ਜਤਿੰਦਰ ਕੌਰ ਬੁਆਲ,**
*ਸਮਰਾਲਾ*

ਨਰਾਤਿਆਂ ਵਿੱਚ ਵਿਆਹ ਸ਼ੁਰੂ ਹੋ ਜਾਣੇ ਨੇ ਆਪਾਂ ਸਭ ਨੇ ਵਿਆਹਾਂ ਤੇ ਜਾਣਾ ਐਨ ਪੂਰੇ ਸਜ ਧਜ ਕੇ। ਉੱਥੇ ਖਾਣਾ ਵੀ ਆ , ਸ਼ਗਨ ਜੋ ਦੇਣਾ ਅਸੀਂ ਇਹ ਸਾਡੀ ਛੋਟੀ ਸੋਚ ਆ। ਕਾਰਡ ਭਾਵੇਂ ਆਪਾਂ ਨੂੰ ਮੁੰਡੇ ਵਾਲਿਆਂ ਵੱਲੋਂ ਹੋਵੇ ਜਾਂ ਕੁੜੀ ਵਾਲਿਆਂ ਵੱਲੋਂ ਸਾਰੇ ਪੈਲਸ ਵਿਚ ਈ ਇਕੱਤਰ ਹੁੰਦੇ ਹਨ ਪਰ ਖਰਚਾ ਜਿਆਦਾਤਰ ਧੀ ਦੇ ਬਾਪ ਵੱਲੋਂ ਈ ਕੀਤਾ ਜਾਂਦਾ। ਸਭ ਤੋਂ ਪਹਿਲਾਂ ਮੁੰਡੇ ਵਾਲਿਆਂ ਦੀ ਮੰਗ ਅਨੁਸਾਰ ਵਧੀਆ, ਸਿਰੇ ਦਾ ਪੈਲਸ ਬੁੱਕ ਕੀਤਾ ਜਾਂਦਾ ਹੈ। ਹੁਣ ਖਾਣ , ਪੀਣ ਵਿਚਾਰਿਆ ਜਾਂਦਾ ਤੇ ਸਟਾਲਾਂ ਦੀ ਗਿਣਤੀ। ਦਾਰੂ ਮਹਿੰਗੀ ਤੋਂ ਮਹਿੰਗੀ ਦਾ ਆਰਡਰ ਦਿੱਤਾ ਜਾਂਦਾ। ਬਹਿਰੇ ਜਿਨਾਂ ਵਿਚ ਹੁਣ ਸਾਡੀਆਂ ਬੀਬੀਆਂ.ਵੀ ਸ਼ਾਮਲ ਨੇ ਮਾਰ ਲਿਆ ਸਾਨੂੰ ਬੇਰੁਜ਼ਗਾਰੀ ਨੇ।

ਖਾਣ ਪੀਣ ਵਿੱਚ ਡੱਕੇ ਵਾਲੀ ਕੁਲਫੀ, ਮਾਈ ਦਾ ਝਾਟਾ, ਮੱਕੀ ਦੇ ਦਾਣੇ , ਗੋਲ ਗੱਪੇ, ਚਾਟ ਡੋਸਾ ਕੀ ਚਾਈਨਜ ਤੇ ਸਾਉਥ ਇੰਡੀਅਨ , ਪੀਜਾ ਬਰਗਰ ਸਭ ਕੁੱਝ ਹੁੰਦਾ। ਬਹਿਰੇ ਭਾਈ , ਬੀਬੀਆਂ ਸਭ ਕੋਲ ਬੈਠਿਆਂ ਵੀ ਸਭ ਕੁੱਝ ਪਹੁੰਚਾਉਂਦੇ ਹਨ ਪਰ ਫੇਰ ਵੀ ਸਟਾਲਾਂ ਤੇ ਬਹੁਤ ਭੀੜ ਹੁੰਦੀ ਆ।ਹੁਣ ਤਾਂ ਦਾਲ ਦੇ ਚਿਲੇ ਪਰਾਉਠੇ ਹਰ ਤਰਾਂ ਦੀ ਮਠਿਆਈ ਵਿਆਹ ਵਿਚ ਹੁੰਦੀ ਹੈ।

ਕੀ ਅਸੀਂ ਹਰ ਰੋਜ ਘਰ ਏਹੀ ਖਾਂਦੇ ਹਾਂ?

ਬਹੁਤੇ ਅਸੀਂ ਪਲੇਟ ਟੀਸੀ ਤੱਕ ਭਰ ਲੈਂਦੇ ਹਾਂ ਜਦੋਂ ਉਹ ਖਾਹ ਨਹੀਂ ਹੁੰਦਾ ਤਾਂ ਸਣੇ ਪਲੇਟ ਡਸਟਬਿਨ ਵਿਚ ਜੋ ਕਿ ਬਹੁਤ ਗਲਤ ਹੈ। ਜਿੰਨਾ ਖਾਣਾ ਓਨਾ ਲਵੋ। ਬੱਚਿਆਂ ਨੂੰ ਵੀ ਸਿਖਾਓ ਕਿ ਲੋੜ ਅਨੁਸਾਰ ਪਲੇਟ ਵਿਚ ਪਾਓ। ਕਈ ਵਾਰ ਖਾਣ ਪੀਣ ਦੀ ਬੁਕਿੰਗ ਪਲੇਟ ਦੇ ਹਿਸਾਬ ਨਾਲ ਹੁੰਦੀ ਆ ਪਰ ਅਸੀਂ ਚਾਰ, ਚਾਰ ਪਲੇਟਾਂ ਜੂਠੀਆਂ ਕਰ ਦਿੰਦੇ ਹਾਂ ਇਹ ਸਭ ਖਾਣ ਤੋਂ ਬਾਅਦ ਦੁਪਹਿਰ ਦੀ ਰੋਟੀ ਦਾ ਸਮਾਂ ਹੁੰਦਾ। ਸਵੇਰ ਦਾ ਮੂੰਹ ਦਾ ਖੜਿਆ ਨਹੀਂ ਰੋਟੀ ਦੀ ਢਿੱਡ ਚ ਥਾਂ.ਨਹੀਂ ਹੁੰਦੀ ਪਰ ਅਸੀਂ ਦੋ ਪਲੇਟਾਂ ਭਰਾਂਗੇ ਸਾਡਾ ਹੱਕ ਆ ਅਸੀਂ ਸ਼ਗਨ ਦਿੱਤਾ। ਕਿਸੇ ਪਾਸੇ ਜੂਸ , ਸਾਫਟ ਡਰਿੰਕ ਰੁਲ ਰਹੇ ਨੇ ਪਰ ਸਾਨੂੰ ਕੋਈ ਪ੍ਰਵਾਹ ਨਹੀਂ ਅਸੀਂ ਵਿਆਹ ਤੇ ਆਏ ਹਾਂ , ਸਾਡਾ ਹੱਕ ਹੈ।



ਜੀਹਨੂੰ ਘਰ ਕੋਈ ਨਹੀਂ ਪੁੱਛਦਾ ਉਹ ਵੀ ਬਹਿਰਿਆਂ ਦੀ ਸ਼ਿਕਾਇਤ ਨੱਕ ਜਿਹਾ ਚੜਾ ਕੇ ਕਰਦਾ

* ਸਵਰਵਚਿਏ ਸਿ ਵਵਰੇ ਪੋਰ
* ਖਾਣਾ ਵੀ ਠੀਕ ਈ ਆ , ਦਾਰੂ ਵੀ
* ਬਾਹਲੀ ਵਧੀਆ ਨਹੀਂ।
* ਤਰਸ ਕਰੋ ਉਸ ਧੀ ਦੇ ਬਾਪ ਤੇ ਜੀਹਨੇ ਆਪਣੀ ਸਾਲਾਂ ਦੀ ਕਮਾਈ ਲਾ ਦਿੱਤੀ ਤੇ ਤੁਸੀਂ ਇਕ ਮਿੰਟ ਵਿਚ ਆਪਣਾ ਢੋਲ ਜਿੱਡਾ ਸਿਰ ਮਾਰ ਕੇ ਫਤਵਾ ਦੇ ਦਿੱਤਾ। ਉਹਨੇ ਸਿਰਫ ਏਹੀ ਖਰਚ ਨਹੀਂ ਕੀਤਾ , ਆਪਣੀ ਧੀ ਦੇ ਕੱਪੜਿਆਂ, ਜਾਗੋ ਤੇ ਵੀ ਖਰਚਾ ਕੀਤਾ। 100,50 ਮੁੜਦੀ ਗੱਡੀ ਆਉਣਗੇ ਘਰ, ਓਦਣ ਵੀ ਹਲਵਾਈ ਲਾ ਕੇ ਭੁਗਤਾਨ ਕਰਨਾ। ਮੰਨਤ, ਮਨਾਉਤੀ ਅਲੱਗ।ਦਹੇਜ ਅਲੱਗ ਪਰ ਸੋਚਿਆ ਕਰੋ ਜੂਠ ਛਡਣ ਵੇਲੇ ਜਦੋਂ ਕਦੇ ਰੇਹੜੀ ਤੇ ਚਾਟ, ਜਾਂ ਗੋਲਗੱਪੇ ਖਾਂਦੇ ਓ , ਜੂਠ ਛੱਡਦੇ ਓ ?? ਉਹ ਪਲੇਟ ਸਿਰਫ 30,40 ਰੁਪਏ ਦੀ ਹੁੰਦੀ ਆ , ਉਂਗਲਾਂ ਨਾਲ ਚੱਟਦੇ ਓ ਪੈਸੇ ਤੁਸੀਂ ਦੇਣੇ ਹੁੰਦੇ ਨੇ ਇਸ ਲਈ। ਹੋਟਲ, ਢਾਬੇ ਤੇ ਖਾਣਾ ਬਚ ਜਾਵੇ, ਪੈਕ ਕਰਵਾ ਲੈਂਦੇ ਹੋ। ਇਸੇ ਤਰਾਂ ਵਿਆਹ ਵਿਚ ਜੂਠ ਛੱਡਣ ਤੋਂ ਸੰਕੋਚ ਕਰਿਆ ਕਰੋ। ਮੇਰਾ ਧੀਆਂ ਦੇ ਮਾਪਿਆਂ ਨੂੰ ਵੀ ਬੇਨਤੀ ਆ ਕਦੇ ਵੀ ਅੱਡੀਆਂ ਚੁੱਕ ਕੇ ਫਾਹਾ ਨਾ ਲਵੋ, ਆਪਣੀ ਹੈਸੀਅਤ ਮੁਤਾਬਕ ਖਰਚਾ ਕਰੋ।

---

*(ਪਿਛਲੇ ਸਫੇ ਦਾ ਬਾਕੀ)*

ਤਾਂ ਤੁਹਾਨੂੰ ਪੁੱਛਣ ਵਾਲਾ ਕੋਈ ਨਹੀਂ। ਪੰਚਾਇਤਾਂ ਵਿੱਚ ਗੁੰਡਿਆਂ ਦਾ ਰਾਜ ਹੈ। ਤੇ ਇਹਨਾਂ ਦੇ ਅਸਰ ਹੇਠ ਪੰਚਾਇਤਾਂ ਦਾ ਕੰਮ ਹੁੰਦਾ ਹੈ। ਭਲਮਾਨਸੀ ਮਜ਼ਾਕ ਬਣੀ ਹੋਈ ਹੈ ਤੇ ਨੇਕੀ ਬੁਜ਼ਦਿਲੀ। ਅਫੀਮ ਤੋਂ ਸ਼ਰਾਬ ਚਿੱਟੇ ਦਿਨ ਖੁੱਲ੍ਹੀ ਵਿਕਦੀ ਹੈ। ਤੇ ਪੁਲੀਸ ਨੂੰ ਸਭ ਪਤਾ ਹੈ। ਅਤੇ ਖ਼ੁਦ ਪੁਲੀਸ ਵੇਚਣ ਵਾਲਿਆਂ ਕੋਲੋਂ ਆਪਣਾ ਹਿੱਸਾ ਲੈਂਦੀ ਹੈ। ਜੋ ਸਮਗਲਰਾਂ ਦੀਆਂ ਕਾਰਾਂ ਤੇ ਟਰੱਕ ਚਲਦੇ ਹਨ। ਅਤੇ ਇਹਨਾਂ ਦੇ ਪਾਸ ਅਫਿਮ ਰੂਟਾਂ ਦੇ ਲਾਇਸੰਸ ਹਨ। ਐਸੀ ਹਾਲਤ ਵਿੱਚ ਚਾਹੇ ਪ੍ਰਧਾਨ ਮੰਤਰੀ ਚਾਹੇ ਦੂਸਰੇ ਮੰਤਰੀ ਜਾਂ ਰਾਸ਼ਟਰਪਤੀ ਦੀ ਪੈਦਾਵਾਰ ਵਧਣ ਤੇ ਹੋਰ ਸਨਅਤੀ ਅਦਾਰੇ ਕਾਇਮ ਕਰਨ ਦੀਆਂ ਕਿੰਨੀਆਂ ਵੀ ਅਪੀਲਾਂ ਕਿਉਂ ਨਾ ਕਰਨ ਕੋਈ ਫਾਇਦਾ ਨਹੀਂ। ਕਿਉਂਕਿ ਹਕੂਮਤ ਦੇ ਇਹ ਸਾਰੇ ਜ਼ਿੰਮੇਵਾਰ ਅਸਲ ਵਿੱਚ ਕਮਜ਼ੋਰ ਹਨ। ਰੇਡੀਓ ਦਾ ਪ੍ਰਾਪੇਗੰਡਾ ਸਿਰਫ ਗੱਪਾਂ ਤੇ ਨੌਜਆਨ ਲੜਕੇ ਲੜਕੀਆਂ ਦੇ ਸਦਾਚਾਰ ਨੂੰ ਵਿਗਾੜਨ ਵਾਲੇ ਗੀਤਾਂ ਨਾਲ ਭਰਿਆ ਪਿਆ ਹੈ। ਕੋਈ ਪੰਜ ਚਾਰ ਸਾਲਾ ਪਲਟੋ ਦੀ ਅਗਲੀ ਰੂਪ ਰੇਖਾ ਹੁਣ ਤੋਂ ਸਾਹਮਣੇ ਆ ਗਈ ਹੈ। ਮੁਲਕ ਅੱਗੇ ਨਹੀਂ ਬਲਕਿ ਮੌਜੂਦਾ ਪਾਲਿਸੀ ਦੀ ਬਰਕਤ ਨਾਲ ਹੋਰ ਵੀ ਪਿੱਛੇ ਜਾਵੇਗਾ।

ਰਾਜਾਂ ਦੀਆਂ ਅਸੈਂਬਲੀਆਂ ਦੇ ਹੱਥ ਬੰਨ੍ਹ ਦਿੱਤੇ ਗਏ ਹਨ। ਤੇ ਉਹਨਾਂ ਦੇ ਸਿਰ 'ਤੇ ਰਾਜਪਾਲ ਪੂਰੇ ਅਖਤਿਆਰ ਦੇ ਕੇ ਬਿਠਾ ਦਿੱਤੇ ਗਏ ਹਨ। ਜਿਸ ਦਾ ਮਤਲਬ ਇਹ ਹੈ ਕਿ ਜਮਹੂਰੀਅਤ ਦਾ ਗਲਾ ਘੁੱਟਣਾ ਤੇ ਸ਼ਖ਼ਸੀ ਹਕੂਮਤ ਰਾਸ਼ਟਰਪਤੀ ਰਾਜ ਦਾ ਕਾਇਮ ਕਰਨਾ। ਇਹਨਾਂ ਸਾਰੀਆਂ ਬੁਰਾਈਆਂ ਤੇ ਕੰਮਜ਼ੋਰੀਆਂ ਦਾ ਆਧਾਰ ਇੱਕ ਹੀ ਹੈ। ਸਾਮਰਾਜਵਾਦ ਦਾ ਖਾਤਮਾ ਤੇ ਸਮਾਜਵਾਦੀ ਕਾਇਮੀ। ਪਰ ਇਹ ਜਨਤਾ ਦੀ ਕੁਰਬਾਨੀ ਤੇ ਸੂਝ ਦੀ ਮੰਗ ਕਰਦਾ ਹੈ।

ਸੁਆਲ : ਕੀ ਸਮਾਜਵਾਦੀ ਨਿਜ਼ਾਮ ਵਿੱਚ ਕੰਮ ਚੋਰੀ ਜੈਸੀਆਂ ਬੁਰਾਈਆਂ ਨਹੀਂ ਹੋਣਗੀਆਂ?

ਜੁਆਬ : ਕਾਫ਼ੀ ਸਮੇਂ ਤੱਕ ਇਹ ਕਮਜ਼ੋਰੀਆਂ ਰਹਿਣਗੀਆਂ ਕਿਉਂਕਿ ਮਨੁੱਖ ਜਾਤੀ ਜਿਸ ਸਰਮਾਏਦਾਰੀ ਨਿਜ਼ਾਮ ਵਿੱਚੋਂ ਨਿਕਲੇਗੀ ਉਸ ਦਾ ਅਸਰ ਕਈ ਪੀੜ੍ਹੀਆਂ ਤੱਕ ਰਹੇਗਾ ਅਤੇ ਆਖਰ ਸਮਾਂ ਪਾਕੇ ਆਦਤਾਂ ਬਦਲ ਜਾਣਗੀਆਂ ਕਿਉਂਕਿ ਮਨੁੱਖ ਦਾ ਦਿਮਾਗ ... ... ਦੇ ਹਾਲਤ ਵਿੱਚ ਬਦਲ ਜਾਂਦਾ ਹੈ। ਮਨੁੱਖੀ ਦਿਮਾਗ ਦੀ ਜੜ੍ਹ ਨਹੀਂ ਚੇਤੰਨ ਹੈ। ਇਸਦਾ ਗਿਆਨ ਅੱਗੇ ਨੂੰ ਵਧਦਾ ਹੈ ਤਾਰੀਖ ਇਸ ਦੀ ਗਵਾਹ ਹੈ।

ਸੁਆਲ : ਜਦ ਮਨੁੱਖ ਜਾਤੀ ਦਾ ਗਿਆਨ ਆਪਣੇ ਨਿਸ਼ਾਨੇ ਵੱਲ ਵਧੇਗਾ ਤਾਂ ਇਸ ਵਿੱਚ ਕਿਹੜੀਆਂ ਕਿਹੜੀਆਂ ਤਬਦੀਲੀਆਂ ਆਉਣਗੀਆਂ?

ਜਵਾਬ : ਪਹਿਲੀ ਤਬਦੀਲੀ ਤਾਂ ਇਹ ਆਵੇਗੀ ਕਿ ਅੱਡ ਅੱਡ ਮੁਲਕਾਂ, ਕੌਮਾਂ ਤੇ ਰੰਗਾਂ ਦੀ ਰੁਕਾਵਟ ਹੇਠ ਗਿਆਨ ਦੀ ਰੋਸ਼ਨੀ ਦੇ ਸਾਹਮਣੇ ਅਗਿਆਨ ਦੀ ਹਨੇਰੀ ਰਾਤ ਮੁੱਕ ਜਾਵੇਗੀ। ਮਨੁੱਖ ਦੁਨੀਆਂ ਦੇ ਜੋ ਕਿਸੇ ਵੀ ਹਿੱਸੇ ਵਿੱਚ ਜਾਵੇ ਉਹ ਉਸਦਾ ਘਰ ਤੇ ਉਥੇ ਰਹਿਣ ਵਾਲੇ ਭਾਈ ਭੈਣਾ ਹੋਣਗੇ, ਪਾਸਪੋਰਟਾਂ ਦੇ ਝਗੜੇ ਮੁੱਕ ਜਾਣਗੇ। ਸੱਚੇ ਅਰਥਾਂ ਵਿੱਚ ਸਾਰੀ ਦੁਨੀਆਂ ਇੱਕ ਦੇਸ਼ ਅਤੇ ਸਾਰੀ ਮਨੁੱਖ ਜਾਤੀ ਇੱਕ ਟੱਬਰ ਹੋ ਜਾਵੇਗੀ। ਉਦੋਂ ਮਨੁੱਖ ਜਾਤੀ ਦੇ ਮੱਥੇ ਉੱਤੇ ਅਨੇਕਤਾ ਦਾ ਕਾਲਾ ਦਾਗ ਨਹੀਂ ਹੋਵੇਗਾ ਸਗੋਂ ਏਕਤਾ ਦੀ ਖ਼ੂਬਸੂਰਤੀ ਨਾਲ ਚਿਹਰਾ ਚਮਕ ਉਠੇਗਾ। ਸਮਾਜਕ ਬੁਰਾਈਆਂ ਸਾਮਰਾਜ ਦੇ ਨਾਲ ਹੀ ਮੁੱਕ ਜਾਣਗੀਆਂ ਅਤੇ ਮੌਜੂਦਾ ਤਾਰੀਖ ਨੂੰ ਪੜ੍ਹਕੇ ਇਸ ਸਮੇਂ ਬਹਿਸ਼ਿ ਸਮੇਂ ਦਾ ਨਾਂ ਦਿੱਤਾ ਜਾਵੇਗਾ।

ਸੁਆਲ : ਰਾਜ ਪ੍ਰਬੰਧ ਦੀ ਸ਼ਕਲ ਕੀ ਹੋਵੇਗੀ।

ਜਵਾਬ : ਜਦ ਚੋਰੀ ਠੱਗੀ ਲੁੱਟ ਖਸੁੱਟ ਦਾ ਮਨੁੱਖ ਦੇ ਦਿਮਾਗ ਵਿੱਚੋਂ ਜਹਿਰ ਨਿਕਲ ਜਾਵੇਗਾ ਤਾਂ ਜਰ ਪ੍ਰਸਤੀ, ਮੁਲਕਗਿਰੀ ਨਾਲ ਨਾਲ ਹੀ ਖਤਮ ਹੋ ਜਾਣਗੀਆਂ। ਤਦ ਕੋਈ ਲੜਾਈ ਭੜਾਈ ਆਪਸ ਵਿੱਚ ਨਹੀਂ ਹੋਵੇਗੀ ਤੇ ਨਾ ਹੀ ਸਮਾਜਵਾਦੀ ਯੁੱਗ ਵਿੱਚ ਪੁਲੀਸ ੀ ਲੋੜ ਰਹੇਗੀ।

ਸੁਆਲ : ਜਦ ਫੌਜ ਤੇ ਪੁਲੀਸ ਨਾ ਰਹੇਗੀ ਤਾਂ ਆਰਥਿਕ ਹਾਲਤ ਕਿਵੇਂ ਦਰੁਸਤ ਰਹੇਗੀ।

ਜਵਾਬ : ਪੈਦਾਵਾਰ ਸਾਇੰਸ ਦੇ ਤਰੀਕੇ ਨਾਲ ਏਨੀ ਵਧ ਜਾਵੇਗੀ ਕਿ ਜੋ ਮਨੁੱਖ ਜਾਤੀ ਦੇ ਭੰਡਾਰ ਭਰਪੂਰ ਹੋਣਗੇ। ਕਾਲ ਭੁੱਖ ਬਿਮਾਰੀਆਂ ਤੇ ਅਗਿਆਨ ਮੌਜੂਦਾ ਜ਼ਮਾਨੇ ਦੀਆਂ ਬੁਰਾਈਆਂ ਤਾਰੀਖ ਦੇ ਪੰਨਿਆਂ ਉੱਤੇ ਹੀ ਰਹਿ ਜਾਣਗੀਆ ਇਸ ਦੁਨੀਆਂ ਵਿੱਚ ਕੋਈ ਥਾਂ ਨਹੀਂ ਰਹਿ ਜਾਵੇਗਾ।

ਹੁਣ ਸਾਰੀ ਦੁਨੀਆਂ ਇੱਕ ਹੋਵੇਗੀ ਤੇ ਰਾਜ ਡੰਡੇ ਦਾ ਨਹੀਂ, ਸੂਝ ਦਾ ਹੋਵੇਗਾ। ਦੁਨੀਆਂ ਦੇ ਜਿਸ ਹਿੱਸੇ ਵਿੱਚ ਕਿਸੇ ਜ਼ਿੰਦਗੀ ਦੀ ਲੋੜ ਹੋਵੇਗੀ ਤਾਂ ਆਰਥਕ ਭਾਈਚਾਰਾ ਬਿਨਾਂ ਕਿਸੇ ਮੁੱਲ ਦੇ ਆਪਣਾ ਘਰ ਟੱਬਰ ਸਮਝ ਕੇ ਮੁਫ਼ਤ ਪਹੁੰਚਾਏਗਾ।

ਸੁਆਲ : ਕੀ ਪਹੁੰਚਣ ਵਾਲੇ ਹਵਾਈ ਜਹਾਜ, ਬਹਿਰੀ ਜਹਾਜ ਤੇ ਉਨ੍ਹਾਂ ਦਾ ਅਮਲਾ ਤੇ ਰੇਲਵਈ ਤੇ ਆਦਿ ਆਵਾਜਾਈ ਦੇ ਸਾਧਨ ਹੋਣਗੇ ਕੀ ਕੁੱਝ ਨਹੀਂ ਲੈਣਗੇ, ਮੁਫਤ ਸੇਵਾ ਕਰਨਗੇ?

ਜਵਾਬ : ਕੋਈ ਕਿਸੇ ਦਾ ਨੌਕਰ (ਗੁਲਾਮ ਨਹੀਂ ਹੋਵੇਗਾ) ਸਭ ਕੋਈ ਆਪਣੇ ਭੈਣਾਂ ਤੇ ਭਰਾਵਾਂ ਦੀ ਸੇਵਾ ਕਰਨਾ ਆਪਣਾ ਫਰਜ ਸਮਝੇਗਾ। ਕਿਉਂਕਿ ਹੁਣ ਸਾਰੀ ਦੁਨੀਆਂ ਇੱਕ ਟੱਬਰ ਹੈ।

ਸੁਆਲ : ਭਿੰਨ ਭਿੰਨ ਸਿਧਾਂਤ, ਮਜ਼ਬ ਤੇ ਧਰਮ ਮਨੁੱਖ ਜਾਤੀ ਨੂੰ ਖੇਰੂੰ ਖੇਰੂੰ ਨਹੀਂ ਕਰਨਗੇ?

ਜਵਾਬ : ਸਭ ਸਿਧਾਂਤ, ਮਜ਼ਬ ਤੇ ਧਰਮ ਉਸ ਵੇਲੇ ਤੱਕ ਖਤਮ ਹੋ ਜਾਣਗੇ। ਮਨੁੱਖ ਮਾਤਰ ਦਾ ਇੱਕ ਹੀ ਧਰਮ ਜਾਂ ਮਜ਼ਬ ਰਹਿ ਜਾਵੇਗਾ। ਪਿਆਰ, ਨਿਆਏ ਅਤੇ ਸੇਵਾ।

ਸੁਆਲ : ਸ਼ਾਦੀ ਦਾ ਰਿਵਾਜ ਕੀ ਹੋਵੇਗਾ?

ਜੁਆਬ : ਸ਼ਾਦੀ ਦਾ ਅਰਥ ਹੈ ਖ਼ੁਸ਼ੀ, ਖ਼ੁਸ਼ੀ ਸੱਚੇ ਪਿਆਰ ਵਿੱਚੋਂ ਆ ਸਕਦੀ ਹੈ ਨਾ ਕਿ ਨਰੜ ਵਿੱਚੋਂ, ਸ਼ਾਦੀਆਂ ਪਿਆਰ ਮਈ ਹੋਣਗੀਆਂ ਬਿਨਾਂ ਕਿਸੇ ਲਾਲਚ ਜਾਂ ਦਬਾਅ ਦੇ ।

ਸੁਆਲ : ਬਚਪਨ, ਜੁਆਨੀ ਤੇ ਬੁਢੇਪਾ ਦੀ ਸੰਭਾਲ ਕਿਵੇਂ ਹੋਵੇਗੀ?

ਜੁਆਬ : ਹੁਣ ਮਨੁੱਖੀ ਸਮਾਜ ਮੌਜੂਦਾ ਸਮੇਂ ਦੀ ਤਰ੍ਹਾਂ ਲਾਵਾਰਸ ਨਹੀਂ ਹੋਣਗੇ, ਬੱਚੇ ਬੁੱਢੇ ਬਿਮਾਰ ਦੀ ਸੰਭਾਲ ਸਮਾਜ ਕਰੇਗਾ ਨੌਜਵਾਨ ਆਪਣਾ ਫਰਜ ਸਮਝਕੇ ਜੋ ਵੀ ਸਮਾਜ ਵਲੋਂ ਸੇਵਾ ਮਿਲੇਗੀ ਖਿੜੇ ਮੱਥੇ ਕਰਨਗੇ।

ਸੁਆਲ : ਤੁਸੀਂ ਆਖਦੇ ਹੋ ਸਮਾਜਵਾਦ ਤੋਂ ਬਿਨਾਂ ਨਾ ਹੀ ਪੈਦਾਵਾਰ ਹੋ ਸਕਦੀ ਹੈ ਤੇ ਨਾ ਹੀ ਸੱਚੀ ਖ਼ੁਸ਼ੀ ਆ ਸਕਦੀ ਹੈ ਤੇ ਨਾ ਹੀ ਰੋਟੀ ਦੀ ਕਾਣੀ ਵੰਡ ਦੂਰ ਹੋ ਸਕਦੀ ਹੈ। ਅਮਰੀਕਾ ਸਾਮਰਾਜੀ ਦੇਸ਼ ਹੈ ਉਸਦੀ ਪੈਦਾਵਾਰ ਸਮਾਜਵਾਦੀ ਦੇਸ਼ਾਂ ਨਾਲੋਂ ਵੀ ਵਧੀ ਹੋਈ ਹੈ ਦੁਨੀਆਂ ਦਾ 70 ਫੀਸਦੀ ਧਨ ਉਸਦੇ ਪਾਸ ਇਕੱਠਾ ਹੋਇਆ ਹੈ।

**ਪ੍ਰਾਇਮਰੀ ਤੋਂ ਲੈ ਕੇ ਉਪਰ ਤੱਕ ਹਰ ਇੱਕ ਸਕੂਲ ਦੇ ਨਾਲ ਬੱਚਿਆਂ ਦੀ ਤਾਕਤ ਤੇ ਉਸਦੇ ਉਮਰ ਦੇ ਹਿਸਾਬ ਕਾਰਖਾਨੇਦਾਰੀ ਕੀਤੀ ਜਾਵੇ ਜਿਸ ਵਿੱਚ ਕਿਤਾਬੀ ਪੜ੍ਹਾਈ ਦੇ ਛੁੱਟ ਦਸਤਕਾਰੀ ਸਿਖਾਈ ਜਾਵੇ। ਅਮਰੀਕਾ ਵਿੱਚ ਹਰ ਘਰ ਵਿੱਚ ਜੋ ਘਰ ਵਾਸਤੇ ਨਲਕੇ ਹੋਣਗੇ ਉਹ ਛੋਟੇ ਛੋਟੇ ਇੰਜਨ ਨਾਲ ਚਲਾਏ ਜਾਂਦੇ ਹਨ, ਉਹ ਸਭ ਇੰਜਣ ਪ੍ਰਾਇਮਰੀ ਸਕੂਲ ਦੇ ਬੱਚਿਆਂ ਦੇ ਹੱਥੀ ਬਣੇ ਹੋਣਗੇ।**

ਜਵਾਬ : ਸਾਨੂੰ ਪਹਿਲਾ ਅਮਰੀਕਾ ਦੀ ਤਰੀਖ ਨੂੰ ਸਮਝਣਾ ਹੋਵੇਗਾ ਕਿ ਉਸਦੇ ਪਾਸ ਧਨ ਇਕੱਠਾ ਹੋਇਆ। ਜਦ ਕੋਲੰਬਸ ਨਵੀਂ ਦੁਨੀਆਂ ਦੀ ਖੋਜ ਵਿੱਚ ਨਿਕਲਿਆ ਜੇ ਉਸਦੇ ਦਿਮਾਗ ਵਿੱਚ ਯਕੀਨੀ ਆ ਚੁੱਕੀ ਸੀ ਕਿ ਨਵੀਂ ਦੁਨੀਆਂ



ਜ਼ਰੂਰ ਹੈ। ਸਮੁੰਦਰ ਵਿੱਚ ਕੋਨਾ ਕੋਨਾ ਸਖਤ ਮਿਹਨਤ ਦੇ ਬਾਅਦ ਇੱਕ ਟਾਪੂ ਨਾਲ ਜਾ ਲੱਗਾ ਅਤੇ ਉਸ ਨੂੰ ਭਾਰਤ ਸਮਝਿਆ। ਉਸ ਟਾਪੂ ਦੇ ਨਕਲੀ ਵਾਸੀਆਂ ਨੂੰ ਰੈਡ ਇੰਡੀਅਨ ਦੇ ਨਾਂ ਨਾਲ ਪੁਕਾਰਿਆ। ਹੁਣ ਰੈਡ ਇੰਡੀਅਨ ਦੀ ਬਾਬਤ ਵੀ ਜਾਨਣਾ ਜ਼ਰੂਰੀ ਹੈ। ਜਿਨ੍ਹਾਂ ਨੂੰ ਲੇਖਕ ਨੇ ਖ਼ੁਦ ਅੱਖੀਂ ਦੇਖਿਆ ਤੇ ਗੱਲਾਂ ਕੀਤੀਆਂ। ਇਨ੍ਹਾਂ ਦਾ ਰਹਿਣ ਸਹਿਣ ਇਸਾਈ ਦੁਨੀਆਂ ਵਾਲਾ ਹੈ। ਸਿਰ ਦੇ ਵਾਲਾਂ ਦੀਆਂ ਗੁੱਤਾਂ ਗੁੰਦ ਕੇ ਪਿੱਛੇ ਸੁੱਟ ਦਿੰਦੇ ਹਨ। ਮਰਦ ਤੇ ਜਨਾਨੀਆਂ ਦੋਵੇਂ। ਜਨਾਨੀਆਂ ਏਸ਼ੀਆਈ ਔਰਤਾਂ ਵਾਂਗ ਘੱਗਰੀਆਂ ਪਹਿਨਦੀਆਂ ਹਨ ਤੇ ਇਨ੍ਹਾਂ ਵਾਂਗ ਹੀ ਸ਼ਰਮੀਲੀਆਂ ਹਨ। ਅੱਖਾਂ ਤੇ ਨੱਕ ਮੰਗੋਲ ਜਾਤੀ ਨਾਲ ਮਿਲਦਾ ਜੁਲਦਾ ਹੈ ਅਤੇ ਆਰੀਆਂ ਨਾਲ ਨਹੀਂ। ਸਿੱਖਾਂ ਦੇ ਵਾਲ ਦੇਖਕੇ ਬਹੁਤ ਖ਼ੁਸ਼ ਹੁੰਦੇ ਅਤੇ ਟੁੱਟੀ ਫੁੱਟੀ ਅੰਗਰੇਜ਼ੀ ਵਿੱਚ ਗੱਲਾਂ ਬਾਤਾਂ ਕਰਦੇ। ਗੋਰੀ ਚਮੜੀ ਪਾਸੋਂ ਸਖਤ ਘਿਰਨਾ ਹੈ ਕਿਉਂਕਿ ਗੋਰਿਆਂ ਨੇ ਇਨ੍ਹਾਂ ਨੂੰ ਖੁਸ਼ਕ ਪਗੜੀਆਂ (ਅਲੱਗ ਬਸਤੀਆਂ) ਤੇ ਕੈਦ ਕਰ ਰੱਖਿਆ ਹੈ।

ਜਦ ਕੋਲੰਬਸ ਨੇ ਟਾਪੂ ਨੂੰ ਲੱਭਣ ਦਾ ਢੰਡੋਰਾ ਯੂਰਪ ਵਿੱਚ ਦਿੱਤਾ ਤਾਂ ਯੂਰਪ ਦੇ ਮੁਲਕ ਕੀ ਅੰਗਰੇਜ਼ੀ, ਫਰਾਂਸੀਸੀ, ਜਰਮਨ ਵਗੈਰਾ ਅਮਰੀਕਾ ਨੂੰ ਨੱਸ ਪਏ। ਅਤੇ ਦੱਖਣੀ ਹਿੱਸੇ ਵਿੱਚ ਜੰਗਲ ਸਾਫ ਕਰਕੇ ਖੇਤੀ ਦਾ ਕੰਮ ਸ਼ੁਰੂ ਕੀਤਾ। ਪਰ ਜੰਗਲ ਏਨੇ ਗਾੜ੍ਹੇ ਸਨ ਕਿ ਯੂਰਪੀਨਾਂ ਇਕੱਲਿਆਂ ਦੀ ਸ਼ਕਤੀ ਇਨ੍ਹਾਂ ਨੂੰ ਸਾਫ ਕਰਨ ਵਿੱਚ ਅਸਮਰੱਥ ਸੀ। ਹੁਣ ਇਨ੍ਹਾਂ ਯੂਰਪੀਨਾਂ ਮੁਲਕਾਂ ਦੀਆਂ ਵਪਾਰੀ ਕੰਪਨੀਆਂ ਨੇ ਇੱਕ ਵਪਾਰੀ ਲੱਭਾ ਉਹ ਇਹ ਕਿ ਅਫਰੀਕਾ ਦੇ ਹਬਸ਼ੀਆਂ ਨੂੰ ਕੁੱਝ ਲਾਲਚ ਦੇ ਕੇ ਉਨ੍ਹਾਂ ਨੂੰ ਖਰੀਦ ਕੇ ਅਮਰੀਕਾ ਲੈ ਜਾਂਦੇ ਉਥੋਂ ਦੇ ਗੋਰੇ ਜਿਮੀਂਦਾਰਾ ਕੋਲ ਵੇਚਣਾ ਸ਼ੁਰੂ ਕੀਤਾ। ਹੁਣ ਇਹ ਖਰੀਦੇ ਹੋਏ ਹਬਸ਼ੀ ਗੁਲਾਮ, ਭੇਡਾਂ ਬੱਕਰੀਆਂ ਦੀ ਤਰ੍ਹਾਂ ਉਨ੍ਹਾਂ ਦੇ ਜਰ ਖਰੀਦ ਗੁਲਾਮ ਸਮਝੇ ਜਾਣ ਲੱਗੇ। ਜੰਗਲ ਸਾਫ ਕਰਣ ਦੇ ਇਲਾਵਾ, ਪਾਲੇ ਸ਼ੇਰਾਂ ਨਾਲ ਮੁਕਾਬਲਾ ਕਰਾਕੇ ਅਤੇ ਸ਼ੇਰਾਂ ਪਾਸੋਂ ਮਾਸ ਦੀਆਂ ਬੋਟੀਆਂ ਤੁੜਾ ਕੇ ਸ਼ੁਗਲ ਦੇਖਣਾ ਅਤੇ ਖ਼ੁਸ਼ੀਆਂ ਕਰਨ ਵਿੱਚ ਆਪਣੀ ਬਡਪਣ ਦਾ ਸਬੂਤ ਦਿੰਦੇ। ਦੱਖਣੀ ਅਮਰੀਕਾ ਦੀ ਜ਼ਿਮੀਂਦਾਰੀ ਇਨ੍ਹਾਂ ਦੇ ਗੁਲਾਮਾਂ ਨੂੰ ਹੁਣ ਆਪਣਾ ਮਾਣ ਸਮਝਦੀ ਸੀ ਤੇ ਉਸਨੂੰ ਹਰ ਤਰ੍ਹਾਂ ਦਾ ਹੱਕ ਸੀ ਕਿ ਜੋ ਚਾਹੁਣ ਉਹ ਇਨ੍ਹਾਂ ਨਾਲ ਕਰਨ। ਕਾਨੂੰਨ ਵੱਲੋਂ ਪੂਰੀ ਖੁੱਲ੍ਹ ਸੀ।

ਇਸਤੋਂ ਪਿੱਛੋਂ ਜਦ ਯੂਰਪ ਦੀਆਂ ਸਨਅਤੀ ਕੰਪਨੀਆਂ ਨੇ ਸਿਮਾਲੀ ਅਮਰੀਕਾ ਦੀਆਂ ਬੰਦਰਗਾਹਾਂ ਤੇ ਦਰਿਆ ਤੇ ਪੂਰਾ ਕਬਜਾ ਕਰ ਲਿਆ ਤੇ ਦਰਿਆਵਾਂ ਤੇ ਲੱਕੜੀ ਦੇ ਕਾਰਖਾਨੇ ਬਣਾ ਲਏ ਤਾਂ ਲਕੜੀ ਕੱਟਣ ਤੇ ਚੀਰਣ ਲਈ ਮਜ਼ਦੂਰਾਂ ਦੀ ਲੋੜ ਪਈ। ਉਨ੍ਹਾਂ ਨੂੰ ਜੋ ਮਜ਼ਦੂਰ ਚਾਹੀਦੇ ਸਨ ਉਹ ਕਿਸੇ ਹੱਦ ਤੱਕ ਆਜ਼ਾਦ ਹੋਣੇ ਚਾਹੀਦੇ ਸਨ ਤਾਂ ਕਿ ਉਹ ਇੱਕ ਜਗ੍ਹਾ ਤੋਂ ਦੂਸਰੀ ਜਗ੍ਹਾ ਲਿਜਾਏ ਜਾ ਸਕਣ। ਪਰ ਦੱਖਣੀ ਅਮਰੀਕਾ ਦੀ ਜਿਮੀਦਾਰੀ ਨੂੰ ਇਹ ਮੰਨਜੂਰ ਨਹੀਂ ਸੀ ਕਿ ਮਜਦੂਰ ਜਦ ਚਾਹੇ ਇੱਕ ਜਗ੍ਹਾ ਤੋਂ ਦੂਸਰੀ ਜਗ੍ਹਾ ਚਲਾ ਜਾਵੇ। ਇਸ ਲਈ ਜ਼ਿਮੀਂਦਾਰੀ ਨੇ ਇਸ ਕਾਨੂੰਨ ਦੀ ਵਿਰੋਧਤਾ ਕੀਤੀ, ਇਹ ਵਿਰੋਧਤਾ ਏਥੇ ਤੱਕ ਅੱਪੜ ਗਈ ਕਿ ਇਬਰਾਹੀਮ ਲਿੰਕਨ ਦੀ ਨੇਤਾਗਿਰੀ ਵਿੱਚ ਗੁਲਾਮਾਂ ਦੀ ਆਜ਼ਾਦੀ ਦਾ ਨਾਹਰਾ ਦੇ ਕਿ ਉਤਰੀ ਅਮਰੀਕਾ ਦੀ ਕਾਰਖਾਨੇਦਾਰੀ ਨੇ ਲੜਾਈ ਲੜੀ ਤੇ ਉਹ ਕਾਮਯਾਬ ਵੀ ਹੋ ਗਏ। ਗੁਲਾਮਾਂ ਨੂੰ ਬਿਨਾਂ ਰੋਕ ਟੋਕ ਦੇ ਇੱਕ ਜਗ੍ਹਾ ਤੋਂ ਕੰਮ ਛੱਡ ਕੇ ਦੂਸਰੀ ਜਗ੍ਹਾ ਜਾਣ ਦਾ ਹੱਕ ਦੇ ਦਿੱਤੇ। ਅਸਲ ਵਿੱਚ ਇਸ ਲੜਾਈ ਵਿੱਚ ਗੁਲਾਮਾਂ ਦੀ ਆਜ਼ਾਦੀ ਦਾ ਸੁਆਲ ਨਹੀਂ ਸੀ, ਸਗੋਂ ਕਾਰਖਾਨੇਦਾਰੀ ਤੇ ਜਿਮੀਂਦਾਰੀ ਦੇ ਆਪਣੇ ਮੁਫਾਦ ਦਾ ਸੁਆਲ ਸੀ। ਪਰ ਕਾਰਖਾਨੇਦਾਰੀ ਨੇ ਇਸਨੂੰ ਅਮਰੀਕਾ ਦੀ ਖੁੱਲਦਿਲੀ ਦਾ ਨਾਂ ਦਿੱਤਾ। ਅਮਰੀਕਾ ਦਾ ਹਰ ਇੱਕ ਬੱਚਾ ਬੱਚਾ ਇਹ ਦਾਅਵਾ ਕਰਨ ਲੱਗਾ ਕਿ ਅਮਰੀਕਾ ਹੀ ਪਹਿਲਾ ਜਮਹੂਰੀ ਦੇਸ਼ ਹੈ ਜਿਸਨੇ ਗੁਲਾਮ ਹਬਸ਼ੀਆਂ ਨੂੰ ਆਜ਼ਾਦ ਕਰਾਣ ਲਈ ਭਰਾਵਾਂ ਦਾ ਵੀ ਲਿਹਾਜ ਨਾ ਕੀਤਾ ਤੇ ਇਸ ਆਜ਼ਾਦੀ ਦੇ ਆਦਰਸ਼ ਲਈ ਆਪਣੇ ਖ਼ੂਨ ਵਹਾਏ। ਏਸ ਕਾਮਯਾਬੀ ਨੇ ਅਮਰੀਕਨ ਨੌਜਵਾਨਾਂ ਦੇ ਹੌਸਲੇ ਵਧਾ ਦਿੱਤੇ। ਤੇ ਅਮਰੀਕਨ ਗੌਰਮਿੰਟ ਨੇ ਵੀ ਨੌਜਵਾਨਾਂ ਨੂੰ ਸੰਭਾਲਣ ਵਿੱਚ ਕੋਈ ਕਸਰ ਨਾ ਰੱਖੀ। ਚਾਹੇ ਅਮਰੀਕਾ ਗੌਰਮਿੰਟ ਦਾ ਖਾਸਾ ਸਰਮਾਏਦਾਰਾਨਾਂ ਹੀ ਸੀ, ਪਰ ਮੁਲਕ ਦੇ ਨੌਜਵਾਨਾਂ ਨੂੰ ਸੰਭਾਲਿਆ। ਪਹਿਲਾਂ ਕਦਮ ਹਰ ਇੱਕ ਕੌਮੀ ਗੌਰਮਿੰਟ ਦਾ ਇਹ ਹੁੰਦਾ ਹੈ ਕਿ ਉਹ ਵਿੱਦਿਆ ਵੱਲ ਪੂਰਾ ਧਿਆਨ ਦੇਵੇ। ਬੋਲੀ ਨੂੰ ਸਹਿਲ ਤੇ ਆਮ ਬਣਾਏ। ਵਿੱਦਿਆ ਨੂੰ ਸਸਤੀ ਤੇ ਪੈਦਾਵਾਰ ਨੂੰ ਸਾਇੰਸੀ ਤਰੀਕੇ ਵਿੱਚ ਢਾਲੇ। ਫੀਸ ਕਿਤਾਬਾਂ ਆਦਿ ਦਾ ਖਰਚ ਬਿਲਕੁੱਲ ਮਾਮੂਲੀ ਹੋਵੇ ਤੇ ਫਿਰ ਕੋਸ਼ਿਸ਼ ਕੀਤੀ ਜਾਵੇ ਕਿ ਹਰ ਇੱਕ ਬੱਚੇ ਨੂੰ ਮੁਫਤ ਵਿੱਦਿਆ ਹੋਵੇ। ਪ੍ਰਾਇਮਰੀ ਤੋਂ ਲੈ ਕੇ ਉਪਰ ਤੱਕ ਹਰ ਇੱਕ ਸਕੂਲ ਦੇ ਨਾਲ ਬੱਚਿਆਂ ਦੀ ਤਾਕਤ ਤੇ ਉਸਦੇ ਉਮਰ ਦੇ ਹਿਸਾਬ ਕਾਰਖਾਨੇਦਾਰੀ ਕੀਤੀ ਜਾਵੇ ਜਿਸ ਵਿੱਚ ਕਿਤਾਬੀ ਪੜ੍ਹਾਈ ਦੇ ਛੁੱਟ ਦਸਤਕਾਰੀ ਸਿਖਾਈ ਜਾਵੇ। ਅਮਰੀਕਾ ਵਿੱਚ ਹਰ ਘਰ ਵਿੱਚ ਜੋ ਘਰ ਵਾਸਤੇ ਨਲਕੇ ਹੋਣਗੇ ਉਹ ਛੋਟੇ ਛੋਟੇ ਇੰਜਨ ਨਾਲ ਚਲਾਏ ਜਾਂਦੇ ਹਨ, ਉਹ ਸਭ ਇੰਜਣ ਪ੍ਰਾਇਮਰੀ ਸਕੂਲ ਦੇ ਬੱਚਿਆਂ ਦੇ ਹੱਥੀ ਬਣੇ ਹੋਣਗੇ। ਹੁਣ ਲਓ ਅਮਰੀਕਾ ਐਮ.ਏ., ਬੀ.ਏ. ਪੜ੍ਹਿਆ ਲਿਖਿਆ ਨੌਜਵਾਨ ਗਰਮੀ ਸਰਦੀ ਵਿੱਚ ਟਰੈਕਟਰ ਉੱਤੇ ਏਨਾ ਸਖਤ ਕੰਮ ਕਰਦਾ ਹੈ। ਮਕਸੀਕੋ ਹੱਦ ਦੇ ਨੇੜੇ ਏਨੀ ਗਰਮੀ ਹੁੰਦੀ ਹੈ ਜੋ ਪੰਜਾਬ ਦੇ ਨਾਲੋਂ ਡਿਊਢੀ ਦੁੱਗਣੀ, ਅਮਰੀਕੀ ਨੌਜਵਾਨ ਇਸਦੀ ਪ੍ਰਵਾਹ ਕਰਦਾ ਹੈ ਨਾ ਹੀ ਐਤਵਾਰ ਤੋਂ ਸਿਵਾਏ ਆਰਾਮ। ਜਦ ਤੁਸੀਂ ਇੱਕ ਅਮਰੀਕਨ ਕਿਸਾਨ ਨੌਜਵਾਨ ਨੂੰ ਪੁੱਛੋਗੇ ਕਿ ਤੂੰ ਲਿਖਿਆ ਪੜ੍ਹਿਆ ਹੋ ਕੇ ਦਫ਼ਤਰੀ ਨੌਕਰੀ ਕਿਉਂ ਨਹੀਂ ਕੀਤੀ ਤਾਂ ਉਹ ਹੱਸ ਕੇ ਕਹੇਗਾ ਇਹ ਔਰਤਾਂ ਦਾ ਕੰਮ ਹੈ, ਮੇਰਾ ਕੰਮ ਪੈਦਾਵਾਰ ਕਰਨਾ ਹੈ।

ਸੁਆਲ : ਕੀ ਉਹ ਇਕੱਲਾ ਹੀ ਏਨੀ ਪੈਦਾਵਾਰ ਕਰਦਾ ਹੈ ਜਿਤਨੀ ਅਮਰੀਕਾ ਵਿੱਚ ਹੁੰਦੀ ਹੈ?

ਜਵਾਬ : ਨਹੀਂ! ਇਕੱਲਾ ਇਨਸਾਨ ਏਨੀ ਪੈਦਾਵਾਰ ਕਿਸੇ ਮੁਲਕ ਵਿੱਚ ਵੀ ਨਹੀਂ ਕਰ ਸਕਦਾ ਜਿੰਨਾ ਚਿਰ ਮਹਿਕਮਾ ਖੇਤੀ ਆਪਣੇ ਫਰਜ ਨੂੰ ਪੂਰਾ ਨਹੀਂ ਕਰਦਾ।

ਸੁਆਲ : ਮਹਿਕਮਾ ਖੇਤੀ ਦੇ ਕੀ ਫਰਜ਼ ਹਨ?

ਜੁਆਬ : ਸੁਣੀਏ! ਇਹ ਕੋਈ ਖਿਤਾਬੀ ਜਾਂ ਸੁਣੀਆਂ ਸੁਣਾਈਆਂ ਹਵਾਈ ਗੱਲਾਂ ਨਹੀਂ ਹਨ ਸਗੋਂ ਅੱਖੀਂ ਦੇਖੀ ਤੇ ਕੈਲੀਫੋਰਨੀਆਂ ਦੇ ਬਾਗਾਂ ਵਿੱਚ ਅਮਰੀਕਨ ਕਿਸਾਨ ਦੇ ਨਾਲ ਮਜ਼ਦੂਰ ਦੀ ਹੈਸੀਅਤ ਵਿੱਚ ਕੰਮ ਕਰਨ ਦੇ ਤਜਰਬੇ 'ਤੇ ਅਧਾਰਿਤ ਹੈ। ਪਹਿਲੇ ਜਦ ਕਿਸਾਨ ਬਾਗ ਜਾਂ ਖੇਤੀ ਵਾਸਤੇ ਜ਼ਮੀਨ ਤਿਆਰ ਕਰਦਾ ਹੈ ਤਾਂ ਮਾਧਿਅਮ ਕਾਸ਼ਤ ਦੇ ਕਾਰਕੁਨ ਖ਼ੁਦ ਖੇਤੀ ਦੀ ਮਿੱਟੀ ਲਿਜਾ ਕੇ ਮੁਲਾਹਜਾ ਕਰਦੇ ਹਨ, ਕਿਸਾਨ ਨੂੰ ਕੋਈ ਖੇਚਲ ਨਹੀਂ ਕਰਨੀ ਪੈਂਦੀ। ਤੇ ਫਿਰ ਸਲਾਹ ਦਿੰਦੇ ਹਨ ਕਿ ਫਲਾਣੀ ਜਿਨਸ ਬੀਜ। ਜੇ ਚੰਗੇ ਬੀਜ ਜਾਂ ਖਾਦ ਦੀ ਜ਼ਰੂਰਤ ਹੋਵੇ ਤਾਂ ਖ਼ੁਦ ਲਿਆਕੇ ਦਿੰਦੇ ਹਨ।





# ਵਿਵਾਦਾਂ ਭਰਿਆ ਰਿਹਾ ਸਾਲ-2024




ਹਰ ਕੈਲੰਡਰ ਸਾਲ ਆਪਣੀ ਝੋਲੀ ਵਿਚ ਸਭ ਤਰ੍ਹਾਂ ਦੀਆਂ ਕੌੜੀਆਂ ਮਿਠੀਆਂ ਯਾਦਾਂ ਸਮੇਟਦੇ ਹੋਏ ਵਿਦਾ ਹੁੰਦਾ ਹੈ। ਇਹ ਯਾਦਾਂ ਕੌਮਾਂਤਰੀ ਘਟਨਾਵਾਂ ਵੀ ਹੁੰਦੀਆਂ ਹਨ ਅਤੇ ਰਾਸ਼ਟਰੀ ਘਟਨਾਵਾਂ ਵੀ। ਜੇਕਰ ਭਾਰਤ ਦੇ ਸੰਦਰਤ ਵਿਚ ਦੇਖੀਏ ਤਾਂ ਸਾਲ 2024 ਹੈਰਾਨ ਕਰਨ ਵਾਲੀਆਂ ਰਾਜਨੀਤਕ ਘਟਨਾਵਾਂ ਅਤੇ ਸਮਾਜਿਕ ਟਕਰਾਵਾਂ, ਨਿਆਂਪਾਲਿਕਾ ਅਤੇ ਚੋਣ ਆਯੋਗ ਵਰਗੀਆਂ ਸੰਵਿਧਾਨਕ ਸੰਸਥਾਵਾਂ ਦੀ ਸਾਖ 'ਤੇ ਸਵਾਲਾਂ ਅਤੇ ਬੇਰੁਜ਼ਗਾਰੀ ਤੇ ਮਹਿੰਗਾਈ ਦੇ ਚਲਦਿਆਂ ਆਮ ਲੋਕਾਂ ਲਈ ਦੁਸ਼ਵਾਰੀਆ ਭਰਿਆ ਰਿਹਾ ਹੈ। ਹਮੇਸ਼ਾ ਦੀ ਤਰ੍ਹਾਂ ਕੁਦਰਤੀ ਆਫ਼ਤਾਂ ਦੇ ਨਾਲ ਹੀ ਭ੍ਰਿਸ਼ਟਾਚਾਰ ਕਾਰਨ, ਮਨੁੱਖ ਵਲੋਂ ਬਣਾਈਆਂ ਆਫ਼ਤਾਂ ਵੀ ਇਸ ਸਾਲ ਬਹੁਤ ਦੇਖਣ ਨੂੰ ਮਿਲੀਆਂ। ਇਸ ਸਾਲ ਰੇਲ ਦੁਰਘਟਨਾਵਾਂ ਵਿਚ ਵੀ ਜ਼ਬਰਦਸਤ ਵਾਧਾ ਹੋਇਆ। ਇਨ੍ਹਾਂ ਸਭ ਤੋਂ ਇਲਾਵਾ ਅਸੀਂ ਸਾੜੇ ਸਮਾਜਿਕ, ਸੱਭਿਆਚਾਰਕ, ਰਾਜਨੀਤਕ ਅਤੇ ਕਾਰੋਬਾਰੀ ਜੀਵਨ ਨੂੰ ਰੋਸ਼ਨ ਕਰਨ ਵਾਲੀਆਂ ਕਈ ਹਸਤੀਆਂ ਨੂੰ ਵੀ ਇਸ ਸਾਲ ਗਵਾਇਆ।

ਵਿਵਾਦਾਂ ਦਰਮਿਆਨ ਅਯੁੱਧਿਆ ਵਿਚ ਅੱਧੇ-ਅਧੂਰੇ ਰਾਮ ਮੰਦਰ ਦਾ ਉਦਘਾਟਨ, ਚੋਣ ਬਾਂਡ ਦੀ ਖ਼ੁਖਾਰ ਯੋਜਨਾ 'ਤੇ ਸੁਪਰੀਮ ਕੋਰਟ ਦਾ ਫੈਸਲਾ, ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ ਦੀ ਗ੍ਰਿਫ਼ਤਾਰੀ, ਆਮ ਚੋਣਾਂ ਵਿਚ ਭਾਜਪਾ ਦਾ ਕਮਜ਼ੋਰ ਪ੍ਰਦਰਸ਼ਨ ਪਰ ਨਰਿੰਦਰ ਮੋਦੀ ਦਾ ਲਗਾਤਾਰ ਤੀਜੀ ਵਾਰ ਪ੍ਰਧਾਨ ਮੰਤਰੀ ਬਣਨਾ, ਕਾਂਗਰਸ ਦੀ ਹਾਲਤ ਵਿਚ ਸੁਧਾਰ ਹੋ ਕੇ ਰਾਹੁਲ ਗਾਂਧੀ ਦਾ ਲੋਕ ਸਭਾ ਵਿਚ ਵਿਰੋਧੀ ਦਲ ਦਾ ਨੇਤਾ ਬਣਨਾ ਇਸ ਸਾਲ ਅ ਦੀਆਂ ਵਰਣਨਯੋਗ ਘਟਨਾਵਾਂ ਰਹੀਆਂ। ਓਡੀਸ਼ਾ ਅਤੇ ਆਂਧਰਾ ਪ੍ਰਦੇਸ਼ ਵਿਚ ਸੱਤਾ ਦਾ ਬਦਲਾਅ, 'ਬਟੋਗੇ ਤੋਂ ਕਟੋਗੇ'' ਵਰਗੇ ਨੂੰ ਨਾਅਰਿਆਂ ਦਰਮਿਆਨ ਮਹਾਰਾਸ਼ਟਰ, ਝਾਰਖੰਡ, ਹਰਿਆਣਾ ਅਤੇ ਜੰਮੂ-ਕਸ਼ਮੀਰ ਵਿਚ ਵਿਧਾਨ ਸਭਾ ਦੀਆਂ ਚੋਣਾਂ ਹੋਣਾ, ਮਣੀਪੁਰ ਵਿਚ ਜਾਤੀ ਹਿੰਸਾ ਦਾ ਸਿਲਸਿਲਾ ਜਾਰੀ ਰਹਿਣਾ ਅਤੇ ਉਦਯੋਗਪਤੀ ਗੌਤਮ ਅਡਾਨੀ ਦੇ ਮੁੱਦੇ 'ਤੇ ਸੰਸਦ ਦੀ ਕਾਰਵਾਈ ਵਿਚ ਲਗਾਤਾਰ ਰੁਕਾਵਟ ਰਹਿਣਾ ਵੀ ਇਸ ਸਾਲ ਦੀ ਅਫਸੋਸਜਨਕ ਖ਼ਾਸੀਅਤ ਰਹੀ।

ਸਵਾਲ ਇਹ ਵੀ ਹੈ ਕਿ ਬੀਤ ਰਿਹਾ ਸਾਲ 2024 ਕਿਨ੍ਹਾਂ ਖ਼ਾਸ ਗੱਲਾਂ ਲਈ ਯਾਦ ਰੱਖਿਆ ਜਾਵੇਗਾ ਜਾਂ ਇਸ ਸਾਲ ਦੀਆਂ ਕਿਹੜੀਆਂ ਇਸ ਤਰ੍ਹਾਂ ਦੀਆਂ ਗੱਲਾਂ ਜਾਂ ਘਟਨਾਵਾਂ ਹਨ, ਜਿਨ੍ਹਾਂ ਦੀਆਂ ਯਾਦਾਂ ਦੇਸ਼, ਦੁਨੀਆ ਦੇ ਇਤਿਹਾਸ ਵਿਚ ਦਰਜ ਹੋ ਜਾਣਗੀਆਂ ਅਤੇ ਜੋ ਸਾਡੇ ਭਵਿੱਖ ਨੂੰ ਵੀ ਪ੍ਰਭਾਵਿਤ ਕਰਦੀਆਂ ਰਹਿਣਗੀਆਂ? ਅੱਜ ਤੋਂ ਕੁਝ ਸਾਲਾਂ ਬਾਅਦ ਜਦੋਂ ਇਹ ਸਵਾਲ ਪੁੱਛਿਆ ਜਾਵੇਗਾ ਤਾਂ ਜੋ ਲੋਕ ਇਸ ਦੇਸ਼ ਦੀ ਵਖਰੇਵਿਆਂ ਤੋਂ, ਇਸ ਦੇਸ਼ ਦੇ ਆਜ਼ਾਦੀ ਅੰਦੋਲਨ ਦੀ ਅਗਵਾਈ ਕਰਨ ਅਤੇ ਉਸ ਵਿਚ ਕੁਰਬਾਨੀਆਂ ਦੇਣ ਵਾਲੇ ਮਹਾਨਾਇਕਾਂ ਨਾਲ ਅਤੇ ਇਸ ਦੇਸ਼ ਦੇ ਸੰਵਿਧਾਨ ਨਾਲ ਪਿਆਰ ਕਰਦੇ ਹਨ, ਉਨ੍ਹਾਂ ਲਈ ਇਸ ਸਵਾਲ ਦਾ ਜਵਾਬ ਦੇਣਾ ਬਹੁਤ ਸੌਖਾ ਹੋਵੇਗਾ। ਅਜਿਹੇ ਸਭ ਲੋਕਾਂ ਦਾ ਇਹੀ ਜਵਾਬ ਹੋਵੇਗਾ ਕਿ ਪਿਛਲੇ ਕੁਝ ਸਾਲਾਂ ਦੀ ਤਰ੍ਹਾਂ ਇਹ ਸਾਲ ਵੀ ਭਾਰਤੀ ਸੰਵਿਧਾਨ ਅਤੇ ਦੇਸ਼ ਦੀਆਂ ਭਿੰਨਤਾਵਾਂ ਅਤੇ ਫਿਰਕੂ ਨਫ਼ਰਤ ਨਾਲ ਭਰੀ ਵਿਚਾਰਧਾਰਾ ਦੇ ਹਮਲਿਆਂ ਦਾ ਸਾਲ ਰਿਹਾ। ਇਨ੍ਹਾਂ ਹਮਲਿਆਂ ਤੋਂ ਆਮ ਆਦਮੀ ਦੇ ਜੀਵਨ ਦੀਆਂ ਦੁਸ਼ਵਾਰੀਆਂ ਵਿਚ ਤਾਂ ਵਾਧਾ ਹੋਇਆ ਹੀ, ਦੇਸ਼ ਦੇ ਸੰਵਿਧਾਨ ਅਤੇ ਸਾਡੇ ਆਜ਼ਾਦੀ ਸੰਗ੍ਰਾਮ ਦੇ ਦੌਰਾਨ ਵਿਕਸਿਤ ਹੋਈਆਂ ਉੱਚੀਆਂ ਕਦਰਾਂ-ਕੀਮਤਾਂ ਵੀ ਬੁਰੀ ਤਰ੍ਹਾਂ ਲਹੂ-ਲੁਹਾਨ ਹੋਈਆਂ, ਜੋ ਭੂਗੋਲਿਕ, ਸੱਭਿਆਚਾਰਕ ਅਤੇ ਸਮਾਜਿਕ ਭਾਵਨਾਤਮਿਕ ਤੌਰ 'ਤੇ ਇਸ ਦੇਸ਼ ਦੀ ਏਕਤਾ ਅਤੇ ਅਖੰਡਤਾ ਬਣਾਈ ਰੱਖਣ ਦੀ ਗਾਰੰਟੀ ਹੈ।




ਇਹ ਸਾਲ ਨਿਆਂਪਾਲਿਕਾ ਅਤੇ ਚੋਣ ਕਮਿਸ਼ਨ ਵਰਗੀਆਂ ਮਹੱਤਵਪੂਰਨ ਸੰਵਿਧਾਨਿਕ ਸੰਸਥਾਵਾਂ ਦੀ ਸਾਖ ਡਿਗਣ ਲਈ ਵੀ ਯਾਦ ਕੀਤਾ ਜਾਵੇਗਾ। ਇਸ ਸਾਲ ਲੋਕ ਸਭਾ ਦੀਆਂ ਚੋਣਾਂ ਸਮੇਤ ਅੱਠ ਰਾਜਾਂ ਵਿਚ ਵਿਧਾਨ ਸਭਾ ਦੀਆਂ ਚੋਣਾਂ ਹੋਈਆਂ। ਲੋਕ ਸਭਾ ਚੋਣਾਂ ਵਿਚ ਸੀਟਾਂ ਦੇ ਲਿਹਾਜ਼ ਨਾਲ ਭਾਜਪਾ ਨੂੰ ਭਾਵੇਂ ਤਕੜਾ ਇਟਵਾ ਲੱਗਿਆ, ਪਰ ਉਹ ਲਗਾਤਾਰ ਤੀਜੀ ਵਾਰ ਨਰਿੰਦਰ ਮੋਦੀ ਦੀ ਅਗਵਾਈ ਵਿਚ ਸਰਕਾਰ ਬਣਾਉਣ ਵਿਚ ਕਾਮਯਾਬ ਰਹੀ। ਇਸ ਤੋਂ ਇਲਾਵਾ ਪੰਜ ਰਾਜਾਂ ਵਿਚ ਵੀ ਉਸ ਦੇ ਗੱਠਜੋੜ ਦੀ ਸਰਕਾਰ ਬਣੀ। ਇਨ੍ਹਾਂ ਸਭ ਚੋਣਾਂ ਵਿਚ ਵੋਟਾਂ ਤੋਂ ਲੈ ਕੇ ਗਿਣਤੀ ਤੱਕ ਵਿਚ ਗੜਬੜੀਆਂ ਹੋਣ ਦੀਆਂ ਸ਼ਿਕਾਇਤਾਂ ਆਮ ਰਹੀਆਂ ਪਰ ਕਿਸੇ ਵੀ ਸ਼ਿਕਾਇਤ 'ਤੇ ਤਸੱਲੀਬਖ਼ਸ਼ ਕਾਰਵਾਈ ਕਰਨ ਦੀ ਬਜਾਏ ਮੁੱਖ ਚੋਣ ਕਮਿਸ਼ਨ ਨੇ ਸਤੀ ਸ਼ਾਇਰੀ ਸੁਣਾਉਂਦੇ ਹੋਏ ਸ਼ਿਕਾਇਤ ਕਰਨ ਵਾਲਿਆਂ ਦਾ ਮਜ਼ਾਕ ਉਡਾਇਆ। ਇਹੀ ਨਹੀਂ, ਚੋਣ ਕਮਿਸ਼ਨ ਦੀ ਸਿਫਾਰਿਸ਼ 'ਤੇ ਸਰਕਾਰ ਨੇ ਚੋਣ ਪ੍ਰਣਾਲੀ ਦੀ ਪਾਰਦਰਸ਼ਤਿਾ ਖ਼ਤਮ ਕਰਨ ਦੀ ਹੋਇਆ ਹੈ। ਹਰ ਪੁਰਾਣੀ ਮਸਜਿਦ ਅਤੇ ਦੀ ਦਰਗਾਹ ਹੇਠਾਂ ਮੰਦਿਰ ਲੱਭਣ ਦਾ। ਆਏ ਦਿਨ ਕਿਸੇ ਨਾ ਕਿਸੇ ਪੁਰਾਤਨ ਮਸਜਿਦ ਹੇਠ ਅਤੇ ਦਰਗਾਹ ਹੇਠਾਂ ਮੰਦਰ ਹੋਣ ਦਾ ਰਨ ਦਾਅਵਾ ਕੀਤਾ ਜਾ ਰਿਹਾ ਹੈ। ਪੂਜਾ-ਥਾਂ ਕਾਨੂੰਨ 1991 ਅਨੁਸਾਰ 15 ਅਗਸਤ, 1947 ਤੋਂ ਪਹਿਲਾਂ ਹੋਂਦ ਵਿਚ ਆਏ ਕਿਸੇ ਵੀ ਧਾਰਮਿਕ ਸਥਾਨ ਦੇ ਪੂਜਾ ਥਾਂ ਨੂੰ ਕਿਸੇ ਦੂਜੇ ਧਾਰਮਿਕ ਭਾਈਚਾਰੇ ਦੇ ਪੂਜਾ ਥਾਂ ਵਿਚ ਨਹੀਂ ਬਦਲਿਆ ਜਾ ਸਕਦਾ। ਇਸ ਕਾਨੂੰਨ ਦੀ ਅਣਦੇਖੀ ਕਰਦੇ ਹੋਏ ਹੇਠਲੀਆਂ 'ਅਦਾਲਤਾਂ ਵੀ ਬਗੈਰ ਸੋਚੇ-ਸਮਝੇ ਸਰਕਾਰ ਦੇ ਪੱਧਰ 'ਤੇ ਪੁਰਾਤਨ ਮਸਜਿਦਾਂ ਅਤੇ ਦਰਗਾਵਾਂ ਦੇ 7 ਸਰਵੇ ਦੇ ਆਦੇਸ਼ ਧੜੱਲੇ ਨਾਲ ਜਾਰੀ ਕਰ ਰਹੀਆਂ ਹਨ। ਸੁਪਰੀਮ ਕੋਰਟ ਇਸ ਤਰ੍ਹਾਂ ਦੇ ਨੂੰ ਸਾਰੇ ਆਦੇਸ਼ਾਂ 'ਤੇ ਰੋਕ ਲਗਾ ਚੁੱਕਾ ਹੈ।

ਸਾਲ 2024 ਨੂੰ ਭਾਰਤੀ ਅਰਥ-ਵਿਵਸਥਾ ਦੇ ਚਮਕਣ ਲਈ ਵੀ ਯਾਦ ਰੱਖਿਆ ਜਾਵੇਗਾ, ਜਿਸ ਦੇ ਨਤੀਜੇ ਦੇ ਤੌਰ ਤੇ ਦੇਸ ਵਿਚ ਗਰੀਬੀ, ਬੇਰੁਜ਼ਗਾਰੀ ਅਤੇ ਮਹਿਗਾਈ ਵਿਚ ਅਨੇਖਾ ਵਾਧਾ ਹੋਇਆ ਹੈ। ਇਹ ਵਾਧਾ ਕਿਸ ਪੱਧਰ ਤੱਕ ਪਹੁੰਚ ਗਿਆ ਹੈ ਇਹ ਜਾਣਨ ਲਈ ਵਧੇਰੇ ਜਾਂਚ ਕਰਨ ਦੀ ਜ਼ਰੂਰਤ ਨਹੀਂ ਹੈ। ਇਸ ਦੀ ਹਾਲਤ ਨੂੰ ਤੋਂ ਭਾਰੀ ਛੋਟਾਂ ਲੈ ਕੇ ਕਾਂਗਰਸ ਦੀ ਨੌਜਵਾਨ ਸਫਲਤਾ ਹਾਸਿਲ ਕੀਤੀ। ਲੋਕ ਸਭਾ ਵਿਚ ਨਾਲ ਉਨ੍ਹਾਂ ਨੇ ਖ਼ੂਬ ਪ੍ਰਸ਼ੰਸਾ ਖੱਟੀ ਹੈ।

ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ ਰਾਹੀਂ ਬਹੁਤ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਖ਼ੁਦ ਸਰਕਾਰ ਦਾ ਦਾਅਵਾ ਹੈ ਕਿ ਇਸ ਯੋਜਨਾ ਤਹਿਤ 80 ਮਹੀਲੇ ਮੁਫ਼ਤ ਰਾਸ਼ਨ ਦਿੱਤਾ ਜਾ ਰਿਹਾ ਹੈ। ਹਾਲਾਂਕਿ ਇਸ ਦੇ ਬਾਵਜੂਦ ਸਰਕਾਰ ਵਲੋਂ ਅਰਥ-ਵਿਵਸਥਾ ਦੀ ਗੁਲਾਬੀ ਤਸਵੀਰ ਲੋਕਾਂ ਨੂੰ ਦਿਖਾਈ ਜਾ ਰਹੀ ਹੈ ਅਤੇ ਵਿਸ਼ਵ ਦੀ ਪੰਜਵੀਂ ਅਰਥ ਵਿਵਸਥਾ ਬਣਨ ਦਾ ਹਰ ਦਾਅਵਾ ਕੀਤਾ ਜਾ ਰਿਹਾ ਹੈ ਅਤੇ ਅੰਕੜਿਆਂ ਦੀ ਬਾਜ਼ੀਗਰੀ ਰਾਹੀਂ ਜੀ. ਡੀ. ਪੀ ਵਿਕਾਸ ਦਰ 7.2 ਦੱਸਿਆ ਜਾ ਰਿਹਾ ਹੈ। ਪ੍ਰਤੀ ਵਿਅਕਤੀ ਆਮਦਨੀ ਦੇ ਮਾਮਲੇ ਵਿਚ ਭਾਰਤ ਦੁਨੀਆ ਦੇ ਦੇਸ਼ਾਂ ਵਿਚੋਂ 125ਵੇਂ ਨੰਬਰ 'ਤੇ ਹੈ ਅਤੇ ਢੋਲ ਪਿਟਿਆ ਜਾ ਰਿਹਾ ਹੈ ਕਿ ਅਸੀਂ ਛੇਤੀ ਹੀ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਅਰਥ-ਵਿਵਸਥਾ ਬਣ ਜਾਵਾਂਗੇ।

ਅੰਤਰ-ਰਾਸ਼ਟਰੀ ਬਾਜ਼ਾਰ ਵਿਚ ਡਾਲਰ ਦੇ ਮੁਕਾਬਲੇ ਰੁਪਏ ਦੀ ਕੀਮਤ ਡਿਗਣ ਦਾ ਸਿਲਸਿਲਾ ਇਸ ਸਾਲ ਵੀ ਬਣਿਆ ਰਿਹਾ ਹੈ ਅਤੇ ਉਹ ਸਭ ਤੋਂ ਬੁਰੀ ਤਰ੍ਹਾਂ ਡਿਗਣ ਵਾਲੀ ਏਸ਼ਿਆਈ ਮੁਦਰਾ ਬਣ ਗਿਆ। ਪਿਛਲੇ ਦੋ ਸਾਲਾਂ ਵਿਚ ਭਾਰਤ ਸਰਕਾਰ ਨੇ ਆਪਣਾ ਖ਼ਰਚ ਚਲਾਉਣ ਲਈ ਰਿਜ਼ਰਵ ਬੈਂਕ ਦੇ ਰਿਜ਼ਰਵ ਫੰਡ ਤੋਂ ਇਕ ਵਾਰ ਨਹੀਂ, ਦੋ-ਦੋ ਵਾਰ ਪੈਸੇ ਲਏ ਸਨ। ਇਸ ਸਾਲ ਉਸ ਨੇ ਜਨਤਾ 'ਤੇ ਟੈਕਸ ਦਾ ਬੋਝ ਵਧਾਇਆ, ਸਿੱਖਿਆ ਅਤੇ ਸਿਹਤ ਦੇ ਬਜਟ ਵਿਚ ਕਟੌਤੀ ਕੀਤੀ ਅਤੇ ਸਰਕਾਰੀ ਸਾਜ਼ੋ ਸਾਮਾਨ ਅਤੇ ਸੇਵਾਵਾਂ ਨੂੰ ਨਿੱਜੀ ਹੱਥਾਂ ਵਿਚ ਸੌਂਪਣ ਦਾ ਸਿਲਸਿਲਾ ਜਾਰੀ ਰੱਖਿਆ।

ਭਾਰਤ ਸਰਕਾਰ ਭਾਵੇਂ ਦਾਅਵਾ ਕਰੇ ਕਿ ਆਰਥਿਕ ਤਰੱਕੀ ਦੇ ਮਾਮਲੇ ਵਿਚ ਪੂਰੀ ਦੁਨੀਆ ਵਿਚ ਭਾਰਤ ਦਾ ਡੰਕਾ ਵੱਜ ਰਿਹਾ ਹੈ, ਪਰ ਹਕੀਕਤ ਇਹ ਹੈ ਕਿ ਵਿਸ਼ਵ ਦੇ ਆਰਥਿਕ ਮਾਮਲਿਆਂ ਦੇ ਸਾਰੇ ਖੋਜ ਕੇਂਦਰ ਭਾਰਤ ਦੀ ਅਰਥ-ਵਿਵਸਥਾ ਦਾ ਸੋਗ ਗੀਤ ਗਾ ਰਹੇ ਹਨ। ਸੰਯੁਕਤ ਰਾਸ਼ਟਰ ਦੀ ਏਜੰਸੀ ਯੂ.ਐਨ.ਡੀ.ਪੀ. ਨੇ ਸਾਰੇ ਅੰਕੜਿਆਂ ਦੇ ਆਧਾਰ 'ਤੇ ਦੱਸਿਆ ਹੈ ਕਿ ਭਾਰਤ ਟਿਕਾਊ ਵਿਕਾਸ ਦੇ ਮਾਮਲੇ ਵਿਚ ਦੁਨੀਆ ਦੇ 166 ਦੇਸ਼ਾਂ ਵਿਚ 109ਵੇਂ ਨੰਬਰ 'ਤੇ ਹੈ। ਮਾਨਵ 1 ਵਿਕਾਸ ਰਿਪੋਰਟ ਵਿਚ ਭਾਰਤ ਦਾ ਸਥਾਨ ਰ 193 ਦੇਸ਼ਾਂ ਵਿਚੋਂ 134ਵਾਂ ਹੈ। ਅਮਰੀਕਾ ਅਤੇ ਜਰਮਨੀ ਜੀਆਂ ਏਜੰਸੀਆਂ ਅਨੁਸਾਰ 5 ਗਲੋਬਲ ਹੰਗਰ ਇੰਡੈਕਸ ਵਿਚ ਦੁਨੀਆ ਦੇ 127 ਦੇਸ਼ਾਂ ਵਿਚੋਂ ਭਾਰਤ 105ਵੇਂ ਨੰਬਰ 'ਤੇ ਹੈ। ਸੰਯੁਕਤ ਰਾਸ਼ਟਰ ਦੇ ਵੈਸ਼ਵਿਕ ਪ੍ਰਸੰਨਤਾ ਸੂਚਕ ਅੰਕ ਵਿਚ ਭਾਰਤ ਦੀ ਸਥਿਤੀ ਲਗਾਤਾਰ ਗਿਰਾਵਟ ਦਰਜ ਹੋ ਰਹੀ ਹੈ ਅਤੇ ! ਤਾਜ਼ਾ ਰਿਪੋਰਟ ਅਨੁਸਾਰ ਉਹ 143 ਦੇਸ਼ਾਂ ਵਿਚੋਂ 126ਵੇਂ ਨੰਬਰ 'ਤੇ ਹੈ।

ਵਿਸ਼ਵ ਪੱਧਰ 'ਤੇ ਭਾਰਤ ਦੀ ਸਾਖ ਸਿਰਫ ਆਰਥਿਕ ਮਾਮਲਿਆਂ ਵਿਚ ਹੀ ਨਹੀਂ ਡਿਗ ਰਹੀ, ਬਲਕਿ ਲੋਕਤੰਤਰ, ਬੋਲਣ ਦੀ ਆਜ਼ਾਦੀ, ਮਨੁੱਖੀ ਅਧਿਕਾਰ ਅਤੇ ਮੀਡੀਆ ਦੀ ਆਜ਼ਾਦੀ ਵਿਚ ਵੀ ਭਾਰਤ ਦੀ ਅੰਤਰਰਾਸ਼ਟਰੀ ਰੈਂਕਿੰਗ ਇਸ ਸਾਲ ਪਹਿਲਾਂ ਤੋਂ ਬਹੁਤ ਥੱਲੇ ਆ ਗਈ ਹੈ। ਹਾਲਾਂਕਿ ਭਾਰਤ ਸਰਕਾਰ ਇਹੋ ਜਿਹੀਆਂ ਰਿਪੋਰਟਾਂ ਨੂੰ ਤੁਰੰਤ ਖਾਰਜ ਕਰ ਦਿੰਦੀ ਹੈ। ਅਤੇ ਸਰਕਾਰ ਦੇ ਪ੍ਰਚਾਰਤੰਤਰ ਦਾ ਹਿੱਸਾ ਬਣ ਚੁੱਕਿਆ ਮੀਡੀਆ ਵੀ ਇਸ ਮਾਮਲੇ ਵਿਚ ਸਰਕਾਰ ਦੇ ਸੁਰ ਵਿਚ ਸੁਰ ਮਿਲਾਉਂਦਾ ਹੈ, ਜਦੋਂ ਕਿ ਇਹ ਰੇਟਿੰਗ ਸਾਡੇ ਇਥੇ ਹੋਣ ਵਾਲੇ ਚੋਣ ਸਰਵੇਖਣ ਜਾਂ ਐਗਜ਼ਿਟ ਪੋਲ ਦੀ ਤਰਜ਼ 'ਤੇ ਨਹੀਂ, ਬਲਕਿ ਤੱਥਾਂ 'ਤੇ ਆਧਾਰਿਤ ਹੁੰਦੀ ਹੈ।

ਬੜਾ ਮੁਮਕਿਨ ਹੈ ਕਿ ਇਸ ਪੂਰੇ ਸੂਰਤ-ਏ-ਹਾਲ ਤੋਂ ਬੇਖ਼ਬਰ ਹਿੰਦੂਤਵਵਾਦੀ ਵਿਚਾਰਧਾਰਾ ਦੇ ਸੰਗਠਨ ਅਤੇ ਵਿਕਾਸ ਦਾ ਝਾਂਸਾ ਦੇ ਕੇ ਸੱਤਾ ਵਿਚ ਆਏ ਉਨ੍ਹਾਂ ਦੇ ਲੋਕ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਆਪਣੇ ਮਨਸੂਬੇ ਨੂੰ ਪੂਰਾ ਕਰਨ ਦੀ ਦਿਸ਼ਾ ਵਿਚ ਇਸ ਸਾਲ ਨੂੰ ਆਪਣੇ ਲਈ ਪ੍ਰਾਪਤੀਆਂ ਭਰਿਆ ਮੰਨ ਲੈਣ। ਉੱਝ ਸਾਵਰਕਰ-ਗੋਲਵਲਕਰ ਦੇ ਹਿੰਦੂਤਵ ਦੀ ਵੰਡ-ਪਾਊ ਵਿਚਾਰਧਾਰਾ ਨੂੰ ਹੁਲਾਰਾ 2014 ਵਿਚ ਕੇਂਦਰ ਵਿਚ ਭਾਜਪਾ ਦੀ ਸਰਕਾਰ ਬਣਨ ਤੋਂ ਬਾਅਦ ਹੀ ਮਿਲਣ ਲੱਗਾ ਸੀ ਪਰ ਉਸ ਦੇ ਦੂਰਗਾਮੀ ਨਤੀਜੇ 2019 ਤੋਂ ਆਉਣੇ ਸ਼ੁਰੂ ਹੋਏ ਸਨ ਜੋ ਸਾਲ 2024 ਵਿਚ ਤਾਂ ਬਹੁਤ ਸਾਫ਼ ਤੌਰ 'ਤੇ ਨਜ਼ਰ ਆਏ ਹਨ।





ਜਾਈਆਂ ਖੇਡ ਮੈਦਾਨ ਦੀਆਂ-4

# ਮਾਝੇ ਦੀ ਉੱਡਣ ਪਰੀ ਅਥਲੀਟ ਮਨਦੀਪ ਕੌਰ

*ਮਨਦੀਪ ਦਾ ਵਾਪਸੀ ਦਾ ਜਜ਼ਬਾ ਆਖਰ ਉਸ ਨੂੰ ਰਿਲੇਅ ਟੀਮ ਵਿੱਚ ਵਾਪਸ ਲੈ ਆਇਆ। ਉਸ ਨੇ ਹਿੰਮਤ ਨਹੀਂ ਹਾਰੀ। 19 ਸਤੰਬਰ ਤੋਂ 4 ਅਕਤੂਬਰ ਤੱਕ ਦੱਖਣੀ ਕੋਰੀਆ ਦੇ ਸ਼ਹਿਰ ਇੰਚੇਓਨ ਵਿਖੇ ਹੋਈਆਂ ਏਸ਼ਿਆਈ ਖੇਡਾਂ ਲਈ ਉਹ ਚੁਣੀ ਗਈ। 400 ਮੀਟਰ ਵਿਅਕਤੀਗਤ ਦੌੜ ਵਿੱਚ ਉਸ ਨੇ ਦੌੜਦਿਆਂ ਛੇਵਾਂ ਸਥਾਨ ਹਾਸਲ ਕੀਤਾ। 4x400 ਮੀਟਰ ਰਿਲੇਅ ਦੌੜ ਵਿੱਚ ਉਹ ਭਾਰਤ ਦੀ ਚੌਕੜੀ ਦੀ ਅਹਿਮ ਅਥਲੀਟ ਸੀ।*




ਨਵਦੀਪ ਸਿੰਘ ਗਿੱਲ

ਭਾਰਤੀ ਅਥਲੈਟਿਕਸ ਵਿੱਚ ਮਹਿਲਾਵਾਂ ਦੀ 4x400 ਮੀਟਰ ਰਿਲੇਅ ਦੌੜ ਈਵੈਂਟ ਵਿੱਚ ਸਭ ਤੋਂ ਵੱਧ ਚੜ੍ਹਾਈ ਪੰਜਾਬਣਾਂ ਦੀ ਰਹੀ ਹੈ। ਪੰਜਾਬ ਦੀਆਂ ਅਥਲੀਟਾਂ ਸਦਕਾ ਇਸ ਈਵੈਂਟ ਵਿੱਚ ਭਾਰਤ ਨੇ ਏਸ਼ੀਅਨ ਗੇਮਜ਼ ਵਿੱਚ ਦੋ ਦਹਾਕੇ ਕਿਸੇ ਨੂੰ ਖੰਘਣ ਨਹੀਂ ਦਿੱਤੀ। ਨਵੀਂ ਸਦੀ ਦੇ ਪਹਿਲੇ ਡੇਢ ਦਹਾਕੇ ਵਿੱਚ ਪੰਜਾਬ ਦੀ ਮਨਜੀਤ ਕੌਰ, ਰਾਜਵਿੰਦਰ ਕੌਰ ਗਿੱਲ, ਸਾਗਰਦੀਪ ਕੌਰ ਤੇ ਮਨਦੀਪ ਕੌਰ ਨੇ ਇਸ ਈਵੈਂਟ ਵਿੱਚ ਆਪਣੀ ਧਾਂਕ ਜਮਾਈ।ਅੱਜ ਦੇ ਕਾਲਮ ਵਿੱਚ ਓਲੰਪੀਅਨ ਮਨਦੀਪ ਕੌਰ ਦੇ ਸੁਨਹਿਰੀ ਖੇਡ ਸਫ਼ਰ ਦੀ ਗੱਲ ਕਰਾਂਗਾ ਜਿਸ ਨੂੰ ਹਾਲੇ ਤੱਕ ਉਸ ਨੂੰ ਉਹ ਬਣਦਾ ਮਾਣ-ਸਨਮਾਨ ਨਹੀਂ ਮਿਲਿਆ ਜਿਸ ਦੀ ਉਹ ਵੱਡੀ ਹੱਕਦਾਰ ਰਹੀ ਹੈ। ਮਨਦੀਪ ਕੌਰ ਭਾਰਤੀ ਅਥਲੈਟਿਕਸ ਦੀ ਉਹ ਸੁਨਹਿਰੀ ਅਥਲੀਟ ਹੈ ਜਿਸ ਨੇ ਏਸ਼ਿਆਈ ਖੇਡਾਂ ਵਿੱਚ ਸੋਨ ਤਮਗਿਆਂ ਦੀ ਹੈਟ੍ਰਿਕ ਪੂਰੀ ਕਰਨ ਦੇ ਨਾਲ ਰਾਸ਼ਟਰਮੰਡਲ ਖੇਡਾਂ ਵਿੱਚ ਵੀ ਸੋਨ ਤਮਗਾ ਵੀ ਜਿੱਤਿਆ ਹੈ।ਹੋਰ ਤਾਂ ਹੋਰ ਮਨਦੀਪ ਨੇ ਏਸ਼ੀਅਨ ਪੱਧਰ ਦੀਆਂ ਮੀਟ ਅਤੇ ਮੁਕਾਬਲਿਆਂ ਵਿੱਚ 15 ਸੋਨ ਤਮਗ਼ਿਆਂ ਸਣੇ 20 ਤੋਂ ਵੱਧ ਤਮਗ਼ੇ ਜਿੱਤੇ ਹਨ ਪਰ ਉਸ ਨੂੰ ਹਾਲੇ ਤੱਕ ਅਰਜੁਨਾ ਐਵਾਰਡ ਵੀ ਨਹੀਂ ਮਿਲਿਆ। ਉਸ ਤੋਂ ਘੱਟ ਪ੍ਰਾਪਤੀਆਂ ਵਾਲਿਆਂ ਨੂੰ ਪਦਮ ਸ਼੍ਰੀ, ਰਾਜੀਵ ਖੇਲ ਰਤਨ (ਹੁਣ ਧਿਆਨ ਚੰਦ ਖੇਲ ਰਤਨ) ਪੁਰਸਕਾਰ ਤੱਕ ਮਿਲ ਚੁੱਕੇ ਹਨ।

ਇਕ ਦਹਾਕੇ ਦੇ ਕਰੀਬ ਸਮੇਂ ਤੋਂ 4x400 ਮੀਟਰ ਰਿਲੇਅ ਟੀਮ ਦਾ ਅਹਿਮ ਮੈਂਬਰ ਰਹੀ ਮਨਦੀਪ ਕੌਰ ਤਰਨ ਤਾਰਨ ਜ਼ਿਲ੍ਹੇ ਦੇ ਪਿੰਡ ਚੀਮਾ ਦੀ ਜੰਮਪਲ ਹੈ ਜਿਸ ਕਾਰਨ ਉਹ ਮਨਦੀਪ ਕੌਰ ਚੀਮਾ ਦੇ ਨਾਮ ਨਾਲ ਵੀ ਜਾਣੀ ਜਾਂਦੀ ਹੈ।ਮਨਦੀਪ ਦਾ ਜਨਮ 19 ਅਪਰੈਲ 1988 ਨੂੰ ਪਿਤਾ ਜਸਬੀਰ ਸਿੰਘ ਦੇ ਘਰ ਮਾਤਾ ਸਰਬਜੀਤ ਕੌਰ ਦੀ ਕੁੱਖੋਂ ਹੋਇਆ। ਮਨਦੀਪ ਹੁਰੀਂ ਦੋ ਭੈਣਾਂ ਤੇ ਦੋ ਭਰਾ ਹਨ। ਚਾਰੇ ਭੈਣ-ਭਰਾਵਾਂ ਵਿੱਚੋਂ ਉਹ ਇਕੱਲੀ ਹੈ ਜਿਸ ਨੇ ਖੇਡਾਂ ਵਿੱਚ ਕੁੱਦ ਕੇ ਨਾਮ ਖੱਟਿਆ। ਉਸ ਦੇ ਪਰਿਵਾਰ ਵਿੱਚ ਪਹਿਲਾਂ ਵੀ ਕੋਈ ਖਿਡਾਰੀ ਨਹੀਂ ਰਿਹਾ। ਕੈਰੋਂ ਵਿੰਗ ਵਿੱਚ ਸਕੂਲੀ ਪੜ੍ਹਾਈ ਕਰਦਿਆਂ ਮਨਦੀਪ ਨੇ ਅਥਲੈਟਿਕਸ ਦੇ ਗੁਰ ਕੋਚ ਬਲਜਿੰਦਰ ਸਿੰਘ ਮੰਡ ਤੋਂ ਸਿੱਖੇ। 2003 ਵਿੱਚ ਸਟੇਟ ਤੇ ਫੇਰ ਨੈਸ਼ਨਲ ਪੱਧਰ ਉਤੇ ਮੱਲਾਂ ਮਾਰਨੀਆਂ ਸ਼ੁਰੂ ਕੀਤੀਆਂ। ਸ਼ੁਰੂਆਤ ਵਿੱਚ ਉਹ 100 ਮੀਟਰ, 200 ਮੀਟਰ ਤੇ 400 ਮੀਟਰ ਤਿੰਨੇ ਈਵੈਂਟ ਕਰਦੀ ਸੀ ਅਤੇ ਨੈਸ਼ਨਲ ਸਕੂਲ ਖੇਡਾਂ ਵਿੱਚ ਤਿੰਨਾਂ ਵਿੱਚ ਹੀ ਮੈਡਲ ਜਿੱਤਦੀ ਰਹੀ। ਕੌਮਾਂਤਰੀ ਮੁਕਾਬਲਿਆਂ ਲਈ ਉਸ ਨੇ 400 ਮੀਟਰ ਈਵੈਂਟ ਨੂੰ ਹੀ ਪੱਕੇ ਤੌਰ ਉਤੇ ਅਪਣਾ ਲਿਆ ਜਿੱਥੇ ਉਹ ਵਿਅਕਤੀਗਤ ਤੇ ਰਿਲੇਅ ਦੋਵੇਂ ਦੌੜਾਂ ਦੌੜਦੀ।

2005 ਵਿੱਚ ਏਸ਼ੀਅਨ ਇੰਡੋਰ ਚੈਂਪੀਅਨਸ਼ਿਪ ਵਿੱਚ ਸੋਨ ਤਮਗ਼ਾ ਅਤੇ ਫੇਰ 2006 ਵਿੱਚ ਜੂਨੀਅਰ ਏਸ਼ੀਅਨ ਚੈਂਪੀਅਨਸ਼ਿਪ ਵਿੱਚ ਸੋਨ ਤਮਗ਼ਾ ਜਿੱਤਣ ਤੋਂ ਬਾਅਦ ਮਨਦੀਪ ਨੇ ਮੁੜ ਪਿੱਛੇ ਨਹੀਂ ਦੇਖਿਆ। ਮਨਦੀਪ ਪਹਿਲੀ ਵਾਰ ਸੁਰਖੀਆ ਵਿੱਚ 2006 ਵਿੱਚ ਆਈ ਜਦੋਂ ਉਹ ਦੋਹਾ ਏਸ਼ੀਆਡ ਲਈ ਚੁਣੀ ਗਈ ਭਾਰਤੀ ਮਹਿਲਾ 4x400 ਮੀਟਰ ਰਿਲੇਅ ਟੀਮ ਵਿੱਚ ਚੁਣੀ ਗਈ। ਦੋਹਾ ਵਿਖੇ ਭਾਰਤੀ ਟੀਮ ਨੇ ਸੋਨ ਤਮਗਾ ਜਿੱਤਿਆ। ਮਨਦੀਪ ਨੇ 2008 ਦੀਆਂ ਬੀਜਿੰਗ ਓਲੰਪਿਕ ਖੇਡਾਂ ਵਿੱਚ ਵੀ ਹਿੱਸਾ ਲਿਆ। ਉਹ ਮਨਜੀਤ ਕੌਰ ਤੋਂ ਕੁਝ ਸਾਲ ਜੂਨੀਅਰ ਸੀ ਅਤੇ ਰਿਲੇਅ ਟੀਮ ਵਿੱਚ ਦੋਵੇਂ ਪੰਜਾਬ ਦੀ ਨੁਮਾਇੰਦਗੀ ਕਰਦੀਆਂ ਸਨ। ਮਨਦੀਪ ਤੋਂ ਪਹਿਲਾਂ ਇਸ ਟੀਮ ਦਾ ਹਿੱਸਾ ਪੰਜਾਬ ਦੀ ਰਾਜਵਿੰਦਰ ਕੌਰ ਗਿੱਲ ਤੇ ਸਾਗਰਦੀਪ ਕੌਰ ਸਨ। ਮਨਦੀਪ ਨੇ ਪਹਿਲਾਂ ਓ.ਐਨ.ਜੀ.ਸੀ. ਵਿੱਚ ਨੌਕਰੀ ਕਰਦੀ ਸੀ ਅਤੇ ਹੁਣ ਉਹ ਪੰਜਾਬ ਪੁਲਿਸ ਵਿੱਚ ਡੀ.ਐਸ.ਪੀ. ਹੈ।

ਮਨਦੀਪ ਨੇ 2010 ਵਿੱਚ ਖੇਡ ਦੀ ਸਿਖਰ ਛੂੰਹਦਿਆਂ ਨਵੀਂ ਦਿੱਲੀ ਰਾਸ਼ਟਰਮੰਡਲ ਖੇਡਾਂ ਅਤੇ ਗੁਆਂਗਜ਼ੂ ਏਸ਼ਿਆਈ ਖੇਡਾਂ ਵਿੱਚ 4x400 ਮੀਟਰ ਰਿਲੇਅ ਦੌੜ ਦਾ ਸੋਨ ਤਮਗਾ ਜਿੱਤੀ। ਇਹ ਪਹਿਲਾ ਮੌਕਾ ਸੀ ਜਦੋਂ ਰਿਲੇਅ ਟੀਮ ਨੇ ਦੋਹਰਾ ਸੋਨ ਤਮਗਾ ਜਿੱਤਿਆ। ਰਾਸ਼ਟਰਮੰਡਲ ਖੇਡਾਂ ਵਿੱਚ ਵੀ ਇਹ ਭਾਰਤੀ ਮਹਿਲਾ ਅਥਲੀਟਾਂ ਦਾ ਦੂਜਾ ਅਤੇ ਕੁੱਲ ਚੌਥਾ ਤਮਗਾ ਸੀ। ਮਨਦੀਪ ਦੀ ਦੋਹਰੀ ਖੁਸ਼ੀ ਉਸ ਵੇਲੇ ਦੁੱਖ ਵਿੱਚ ਬਦਲ ਗਈ ਜਦੋਂ ਮਿਆਦ ਪੁੱਗੇ ਫੂਡ ਸਪਲੀਮੈਂਟ ਖਾਣ ਕਾਰਨ ਉਸ ਨੂੰ ਡੋਪਿੰਗ ਦਾ ਦੋਸ਼ੀ ਕਰਾਰ ਦੇ ਕੇ ਕੁਝ ਸਮੇਂ ਲਈ ਟਰੈਕ ਤੋਂ ਬਾਹਰ ਕਰ ਦਿੱਤਾ। ਮਨਦੀਪ ਨੇ ਬਹੁਤ ਕਿਹਾ ਕਿ ਉਸ ਦਾ ਕੋਈ ਕਸੂਰ ਨਹੀਂ ਪਰ ਕਿਸੇ ਨੇ ਉਸ ਦੀ ਕੋਈ ਨਹੀਂ ਸੁਣੀ ਅਤੇ ਮਿਆਦ ਪੁੱਗੇ ਫੂਡ ਸਪਲੀਮੈਂਟ ਦੀ ਜਾਂਚ ਤੱਕ ਵੀ ਨਾ ਕਰਵਾਈ ਗਈ। ਮਨਦੀਪ ਲਈ ਇਹ ਬਹੁਤ ਅਸਹਿ ਪੀੜਾ ਦਾ ਸਮਾਂ ਸੀ। ਮਨਦੀਪ ਨੇ ਹਿੰਮਤ ਨਹੀਂ ਛੱਡੀ ਅਤੇ ਮੈਦਾਨ 'ਤੇ ਪ੍ਰੈਕਟਿਸ ਜਾਰੀ ਰੱਖੀ। ਇਸ ਦੌਰਾਨ ਉਸ ਦਾ ਮਹਾਰਾਜਾ ਰਣਜੀਤ ਸਿੰਘ ਐਵਾਰਡੀ ਕੌਮਾਂਤਰੀ ਸਾਈਕਲਿਸਟ ਹਰਪਿੰਦਰ ਸਿੰਘ ਗੱਗੀ ਨਾਲ ਵਿਆਹ ਹੋ ਗਿਆ ਅਤੇ ਸਹੁਰੇ ਪਰਿਵਾਰ ਨੇ ਉਸ ਨੂੰ ਧੀਆਂ ਵਾਲਾ ਸਤਿਕਾਰ ਦਿੰਦਿਆਂ ਪੂਰੀ ਮੱਦਦ ਕੀਤੀ।



ਮਨਦੀਪ ਦਾ ਵਾਪਸੀ ਦਾ ਜਜ਼ਬਾ ਆਖਰ ਉਸ ਨੂੰ ਰਿਲੇਅ ਟੀਮ ਵਿੱਚ ਵਾਪਸ ਲੈ ਆਇਆ। ਉਸ ਨੇ ਹਿੰਮਤ ਨਹੀਂ ਹਾਰੀ। 19 ਸਤੰਬਰ ਤੋਂ 4 ਅਕਤੂਬਰ ਤੱਕ ਦੱਖਣੀ ਕੋਰੀਆ ਦੇ ਸ਼ਹਿਰ ਇੰਚੇਓਨ ਵਿਖੇ ਹੋਈਆਂ ਏਸ਼ਿਆਈ ਖੇਡਾਂ ਲਈ ਉਹ ਚੁਣੀ ਗਈ। 400 ਮੀਟਰ ਵਿਅਕਤੀਗਤ ਦੌੜ ਵਿੱਚ ਉਸ ਨੇ ਦੌੜਦਿਆਂ ਛੇਵਾਂ ਸਥਾਨ ਹਾਸਲ ਕੀਤਾ। 4x400 ਮੀਟਰ ਰਿਲੇਅ ਦੌੜ ਵਿੱਚ ਉਹ ਭਾਰਤ ਦੀ ਚੌਕੜੀ ਦੀ ਅਹਿਮ ਅਥਲੀਟ ਸੀ। ਫਾਈਨਲ ਵਿੱਚ ਦੌੜਦਿਆਂ ਉਸ ਨੇ ਟਰੈਕ ਉਪਰ ਰੱਖੇ ਆਪਣੇ ਇਕ-ਇਕ ਕਦਮ ਨਾਲ ਆਲੋਚਕਾਂ ਦਾ ਮੂੰਹ ਬੰਦ ਕੀਤਾ ਅਤੇ ਆਖਰ ਭਾਰਤੀ ਰਿਲੇਅ ਟੀਮ ਨੂੰ ਨਵੇਂ ਏਸ਼ਿਆਈ ਰਿਕਾਰਡ ਨਾਲ ਸੋਨ ਤਮਗਾ ਜਿਤਾ ਕੇ ਦਮ ਲਿਆ। ਭਾਰਤੀ ਰਿਲੇਅ ਟੀਮ ਦਾ ਇਹ ਲਗਾਤਾਰ ਚੌਥਾ ਸੋਨ ਤਮਗਾ ਸੀ ਅਤੇ ਮਨਦੀਪ ਨੇ ਵੀ ਹੈਟ੍ਰਿਕ ਪੂਰੀ ਕੀਤੀ। ਮਨਦੀਪ ਦਾ ਵਤਨ ਪਰਤਣ 'ਤੇ ਸ਼ਾਹਾਨਾ ਸਵਾਗਤ ਹੋਇਆ। ਮਨਦੀਪ ਇਕ ਖਿਡਾਰਨ ਸੀ ਅਤੇ ਖੇਡ ਮੈਦਾਨ ਨਾਲ ਹੀ ਉਸ ਨੇ ਆਪਣੇ ਜ਼ਖਮਾਂ ਨੂੰ ਭਰਿਆ।





ਮਨਦੀਪ ਨੇ ਆਪਣੇ ਖੇਡ ਕਰੀਅਰ ਵਿੱਚ ਏਸ਼ੀਅਨ ਗੇਮਜ਼ ਤੇ ਰਾਸ਼ਟਰਮੰਡਲ ਖੇਡਾਂ ਸਮੇਤ ਏਸ਼ੀਅਨ ਪੱਧਰ ਦੇ ਮੁਕਾਬਲੇ ਏਸ਼ੀਅਨ ਗ੍ਰਾਂ.ਪ੍ਰੀ., ਏਸ਼ੀਅਨ ਟਰੈਕ ਐਂਡ ਫੀਲਡ, ਏਸ਼ੀਅਨ ਇੰਡੋਰ ਚੈਂਪੀਅਨਸ਼ਿਪ ਆਦਿ ਮੁਕਾਬਲਿਆਂ ਵਿੱਚ 4x400 ਮੀਟਰ ਰਿਲੇਅ ਦੌੜ ਵਿੱਚ 14 ਸੋਨ ਤਮਗ਼ੇ, ਇੱਕ ਚਾਂਦੀ ਤੇ ਇੱਕ ਕਾਂਸੀ ਦਾ ਤਮਗ਼ਾ ਜਿੱਤਿਆ। ਮਨਦੀਪ ਨੇ 400 ਮੀਟਰ ਵਿਅਕਤੀਗਤ ਦੌੜ ਵਿੱਚ ਵੀ ਦੋ ਸੋਨੇ ਅਤੇ ਇੱਕ ਕਾਂਸੀ ਦਾ ਤਮਗ਼ਾ ਜਿੱਤਿਆ। ਮਨਦੀਪ ਦਾ 400 ਮੀਟਰ ਵਿਅਕਤੀਗਤ ਦੌੜ ਵਿੱਚ ਸਰਵੋਤਮ ਸਮਾਂ 51.74 ਸਕਿੰਟ ਹੈ ਜਦੋਂ ਕਿ 4x400 ਮੀਟਰ ਰਿਲੇਅ ਦੌੜ ਵਿੱਚ 3.27.77 ਸੀ ਜੋ ਕਿ ਏਸ਼ੀਅਨ ਰਿਕਾਰਡ ਸੀ।ਫਰਾਟਾ ਦੌੜਾਂ ਦੌੜਨ ਕਰਕੇ ਉਸ ਦੀ ਰੇਸ ਸਪੀਡ ਵਾਲੀ ਰਹੀ। ਵੱਡੇ ਮੁਕਾਬਲਿਆਂ ਵਿੱਚ ਉਹ ਰਿਲੇਅ ਟੀਮ ਦੀ ਫਿਨਸ਼ਿਰ ਰਹੀ।



ਅਥਲੈਟਿਕਸ ਵਿੱਚ ਮਨਦੀਪ ਆਪਣੀ ਸੀਨੀਅਰ ਅਥਲੀਟ ਮਨਜੀਤ ਕੌਰ ਦੀ ਵਾਰਸ ਸਾਬਤ ਹੋਈ।

ਮਨਦੀਪ ਤੇ ਮਨਜੀਤ ਜਿੱਥੇ ਰਿਲੇਅ ਟੀਮ ਵਿੱਚ ਸਾਥਣਾਂ ਅਤੇ ਹੋਸਟਲ ਵਿੱਚ ਗੂੜ੍ਹੀਆਂ ਸਹੇਲੀਆਂ ਸਨ ਉਥੇ 400 ਮੀਟਰ ਵਿਅਕਤੀਗਤ ਦੌੜ ਵਿੱਚ ਇਕ-ਦੂਜੇ ਦੇ ਮੁਕਾਬਲੇ ਦੌੜਦੀਆਂ ਸਨ। ਇਕੇਰਾਂ ਪਟਿਆਲਾ ਵਿਖੇ ਇਕ ਮੀਟ ਦੌਰਾਨ ਮਨਦੀਪ ਨੇ ਮਨਜੀਤ ਨੂੰ ਮਾਤ ਦੇ ਕੇ ਸਨਸਨੀ ਵੀ ਫੈਲਾ ਦਿੱਤੀ। ਮਨਦੀਪ ਨੇ ਕਦੇ ਵੀ ਹੰਕਾਰ ਨਹੀਂ ਕੀਤਾ ਅਤੇ ਹਰ ਇਕ ਨੂੰ ਇਹੋ ਕਿਹਾ ਕਿ ਮਨਜੀਤ ਹਮੇਸ਼ਾਂ ਹੀ ਉਸ ਤੋਂ ਸਰਵੋਤਮ ਰਹੀ ਹੈ। ਦੋਵਾਂ ਦਾ ਸਾਥ ਭਾਰਤੀ ਰਿਲੇਅ ਟੀਮ ਦੀ ਵੱਡੀ ਤਾਕਤ ਸੀ।

ਮਾਝੇ ਦੀ ਮਨਦੀਪ ਦਾ ਸਹੁਰਾ ਪਿੰਡ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਵਿੱਚ ਮੰਡੀ ਗੋਬਿੰਦਗੜ੍ਹ ਕੋਲ ਪਿੰਡ ਬਡਗੁੱਜਰਾਂ ਹੈ। ਉਸ ਦਾ ਪਤੀ ਹਰਪਿੰਦਰ ਸਿੰਘ ਗੱਗੀ ਪੰਜਾਬ ਦੇ ਖੇਡ ਵਿਭਾਗ ਵਿੱਚ ਜ਼ਿਲ੍ਹਾ ਖੇਡ ਅਫਸਰ ਹੈ। ਮਨਦੀਪ ਪੰਜਾਬ ਪੁਲਿਸ ਵਿੱਚ ਡੀ.ਐਸ.ਪੀ. ਹੈ। ਖੇਡ ਜੋੜੀ ਮਨਦੀਪ ਤੇ ਹਰਪਿੰਦਰ ਦਾ ਇੱਕ ਬੇਟਾ ਜਿਸ ਦਾ ਨਾਮ ਅਦਵਿਕ ਹੈ। ਮਨਦੀਪ ਕੌਰ ਨੂੰ ਮਹਾਰਾਜਾ ਸਿੰਘ ਐਵਾਰਡ ਨਾਲ ਸਨਮਾਨਿਆ ਜਾ ਚੁੱਕਾ ਹੈ ਪਰ ਉਹ ਵੱਡੇ ਕੌਮੀ ਪੁਰਸਕਾਰਾਂ ਦੀ ਹੱਕਦਾਰ ਹੈ।

---

ਲੋਕ ਵੇਦਨਾ

# ...ਜਿਤੁ ਜੰਮਹਿ ਰਾਜਾਨ॥



ਹਰਜਿੰਦਰ ਸਿੰਘ ਅਟਵਾਲ (ਡਾ.)

ਅਸੀਂ ਜਿਸ ਭੂਗੋਲਿਕ ਖਿੱਤੇ ਵਿੱਚ ਰਹਿ ਰਹੇ ਹਾਂ, ਇੱਥੇ ਅੱਜ ਪੰਜ ਸਦੀਆਂ ਤੋਂ ਵੀ ਵੱਧ ਸਮਾਂ ਪਹਿਲਾਂ ਸਾਡੇ ਸ਼ਾਇਰ ਗੁਰੂ, ਗੁਰੂ ਨਾਨਕ ਜੀ ਨੇ ਆਪਣੀ ਗੱਲ ਕਰਦਿਆਂ, ਜਦੋਂ ਉਹ ਆਪਣੀਆਂ ਚਾਰ ਉਦਾਸੀਆਂ ਸਮੇਂ ਭ੍ਰਮਣ ਕਰਦੇ ਸਨ ਤਾਂ ਆਪਣੇ ਸਮਕਾਲ ਜਾਂ ਭੂਤਕਾਲ ਵਿੱਚ ਰਚੀਆਂ ਅਜਿਹੀਆਂ ਰਚਨਾਵਾਂ ਸੰਭਾਲਣ ਦਾ ਕੰਮ ਵੀ ਕਰ ਰਹੇ ਸਨ ਤਾਂ ਉਨ੍ਹਾਂ ਵਿੱਚੋਂ ਸਮਾਜਿਕ ਬਰਾਬਰੀ ਦੇ ਸੰਕਲਪ ਦੀ ਭਾਵਨਾ ਅਤੇ ਵਿਚਾਰਧਾਰਾ ਨਾਲ ਜੁੜਿਆ ਸਾਹਿਤ ਇਕੱਠਾ ਕਰਦਿਆਂ ਸਮਾਜਿਕ ਬਰਾਬਰੀ ਦਾ ਇੱਕ ਅਜਿਹਾ ਸੰਕਲਪ ਅਤੇ ਸਿਧਾਂਤ ਉਸਾਰਦੇ ਹਨ ਕਿ ਉਹ ਇੱਕ ਅਜਿਹਾ ਪ੍ਰਭਾਵ ਉਸਰਦਾ ਜਾਂਦਾ ਹੈ, ਜਿਸ ਦਾ ਅਸਰ ਬਾਅਦ ਦੇ ਸਮਾਜਿਕ ਸੰਕਲਪ ਉਸਾਰਨ ਸਮੇਂ ਵੀ ਹੋਇਆ ਮਿਲਦਾ ਹੈ। ਗੁਰੂ ਨਾਨਕ ਤੋਂ ਪਹਿਲਾਂ ਸਾਡੇ ਬੇਬਾਕ ਸੰਤ ਕਵੀ ਕਬੀਰ ਜੀ ਇਸਲਾਮ ਧਰਮ ਵਿੱਚ ਮਰਦ-ਔਰਤ ਦੀ ਬਰਾਬਰੀ ਦੀ ਗੱਲ ਕਰਦਿਆਂ ਇਹ ਸੁਆਲ ਖੜੇ ਕਰਦੇ ਹਨ ਕਿ ਜੇ 'ਸੁੰਨਤ' ਕੀਤਿਆਂ ਹੀ ਕੋਈ ਪੁਰਸ਼ 'ਮੁਸਲਮਾਨ' ਬਣਦਾ ਹੈ ਤਾਂ ਉਸ ਔਰਤ ਬਾਰੇ ਕੀ ਕਹੋਗੇ, ਜੋ ਸੁੰਨਤ ਤੋਂ ਬਗੈਰ ਹੀ ਮੁਸਲਮਾਨੀ ਕਹਾ ਰਹੀ ਹੈ। ਸੰਤ ਕਬੀਰ ਜੀ ਅਸਲ ਵਿੱਚ ਔਰਤ-ਮਰਦ ਬਰਾਬਰੀ ਦੀ ਹੀ ਗੱਲ ਕਰ ਰਹੇ ਜਾਪਦੇ ਹਨ। ਇਸੇ ਤਰ੍ਹਾਂ ਗੁਰੂ ਨਾਨਕ ਜਦੋਂ ਸਮਾਜਿਕ, ਭੌਤਿਕ ਵਰਤਾਰੇ ਦੇ ਸੰਦਰਭ ਵਿੱਚ ਆਪਣਾ ਵਿਚਾਰਧਾਰਕ ਪੈਂਤੜਾ ਪੇਸ਼ ਕਰਦੇ ਹਨ, ਤਾਂ ਉਹ ਇੱਕ ਸ਼ਲੋਕ ਵਿੱਚ ਮਰਦ ਅਤੇ ਔਰਤ ਦੀ ਬਰਾਬਰੀ ਦੀ ਗੱਲ ਕਰ ਰਹੇ ਹੁੰਦੇ ਹਨ। ਗੁਰੂ ਨਾਨਕ ਤੋਂ ਪਹਿਲਾਂ ਪ੍ਰਚੱਲਤ ਧਰਮਾਂ ਅਨੁਸਾਰ ਮਰਦ ਦੀ ਸਰਬਉੱਚਤਾ ਉਪਰ ਜ਼ੋਰ ਦਿੱਤਾ ਜਾਂਦਾ ਸੀ, ਜਦੋਂ ਕਿ ਔਰਤ ਦੀ ਹੋਂਦ ਦੁਜੈਲੀ ਜਾਂ ਮਰਦ ਦੇ ਪੂਰਕ ਵਜੋਂ ਹੀ ਸਵੀਕਾਰੀ ਜਾਂਦੀ ਸੀ, ਭਾਵੇਂ ਔਲਾਦ ਪੈਦਾ ਕਰਨ ਦਾ ਕੁਦਰਤੀ ਹੱਕ ਔਰਤ ਕੋਲ ਹੀ ਸੀ, ਪਰ ਉਸ ਦਾ ਜੀਵਨ ਵਿਚਲੇ ਹੋਰ ਉਤਪਾਦਕ ਸੋਮਿਆਂ-ਵਸੀਲਿਆਂ ਉਪਰ ਕੋਈ ਹੱਕ ਨਹੀਂ ਸੀ, ਇਹ ਸਾਰਾ ਅਧਿਕਾਰ ਉਸ ਦੇ ਬਾਪ, ਭਰਾ, ਪਤੀ ਜਾਂ ਪੁੱਤਰ ਕੋਲ ਹੀ ਰਹਿੰਦਾ ਸੀ। ਔਰਤ ਦੀ ਸਥਿਤੀ ਇਕ ਉਸ ਵੇਲ ਵਰਗੀ ਸੀ, ਜੋ ਆਪਣੇ ਆਸਰੇ ਖੜੀ ਨਹੀਂ ਰਹਿ ਸਕਦੀ, ਉਸ ਨੂੰ ਕਿਸੇ ਸਹਾਰੇ ਦੀ ਲੋੜ ਸੀ ਅਤੇ ਸਮਾਜਿਕ ਵਿਵਸਥਾ ਵਿੱਚ ਇਹ ਸਹਾਰਾ ਕੇਵਲ ਅਤੇ ਕੇਵਲ ਮਰਦ ਹੀ ਬਣ ਸਕਦਾ ਸੀ। ਇਸ ਨੂੰ ਇਉਂ ਵੀ ਦੇਖਿਆ ਜਾ ਸਕਦਾ ਹੈ ਕਿ ਔਰਤ, ਮਰਦ ਦੀ ਗੁਲਾਮ ਸੀ ਅਤੇ ਹਰ ਮਾਲਕ ਆਪਣੇ ਗੁਲਾਮ ਨੂੰ ਆਪਣੀ ਸ਼ੈਅ-ਵਸਤੂ-ਜਾਇਦਾਦ ਹੀ ਸਮਝਦਾ ਆ ਰਿਹਾ ਸੀ। ਇਸ ਸਥਿਤੀ ਨੂੰ ਸਮਝਣ ਲਈ ਮਹਾਂਭਾਰਤ ਦੀ ਦਰੋਪਤੀ ਦੇ ਚੀਰ ਹਰਨ ਵਾਲੀ ਘਟਨਾ ਸ਼ਾਇਦ ਢੁਕਵੀਂ ਉਦਾਹਰਣ ਹੋਵੇਗੀ, ਦਰੋਪਤੀ ਨੂੰ ਜੂਏ ਵਿੱਚ ਹਾਰਨ ਲੱਗਿਆਂ ਦਾਅ 'ਤੇ ਲਾਉਣ ਸਮੇਂ ਉਹ ਪਾਂਡਵਾਂ ਦੀ ਗੁਲਾਮ ਹੈ, ਜਦੋਂ ਦਰਯੋਧਨ ਉਸ ਨੂੰ ਜੂਏ ਵਿੱਚ ਜਿੱਤ ਲੈਂਦਾ ਹੈ ਤਾਂ ਉਹ ਕੌਰਵਾਂ ਦੀ ਗੁਲਾਮ ਹੈ ਅਤੇ ਉਨ੍ਹਾ ਦੇ ਰਹਿਮੋ-ਕਰਮ 'ਤੇ ਹੈ। ਉਹ ਭਾਵੇਂ ਉਸ ਨੂੰ ਨਿਰਵਸਤਰ ਕਰਨ ਵਰਗਾ ਫੈਸਲਾ ਹੀ ਕਿਉਂ ਨਾ ਲੈ ਲੈਣ।

**_ਅਜੋਕੇ ਯੁੱਗ ਵਿੱਚ ਅਸੀਂ ਆਪਣੇ ਸਰਬਪੱਖੀ ਵਿਕਾਸ ਦੀਆਂ ਟਾਹਰਾਂ ਮਾਰਦੇ ਥੱਕਦੇ ਨਹੀਂ। ਅਸੀਂ ਤਕਨੀਕ ਦੀ ਸਹਾਇਤਾ ਨਾਲ ਕੁਦਰਤ ਨੂੰ ਆਪਣੇ ਵੱਸ ਵਿੱਚ ਕਰਨ ਤੱਕ ਦੀਆਂ ਗੱਲਾਂ ਵੀ ਕਰ ਰਹੇ ਹਾਂ, ਹਰ ਤਰ੍ਹਾਂ ਦੀ ਭੌਤਿਕ ਤਰੱਕੀ ਕਰਨ ਅਤੇ ਮਾਨਣ ਦੀ ਚਰਚਾ ਵੀ ਹੁੰਦੀ ਰਹਿੰਦੀ ਹੈ। ਜਦੋਂ ਅਸੀਂ ਭੌਤਿਕ ਤਰੱਕੀ ਦੇ ਆਸਰੇ ਉੱਚ ਅਸਮਾਨੇ ਉੱਡਦੇ ਪਏ ਹੁੰਨੇ ਆਂ ਤਾਂ ਉਦੋਂ ਪੰਜਾਬ ਦੀ ਧਰਤੀ ਦੇ ਇੱਕ ਪਿੰਡ ਵਿੱਚ ਕਿਸੇ ਔਰਤ ਨੂੰ ਕੁੱਟਮਾਰ ਕਰਕੇ, ਅਰਧ ਨਗਨ ਸਥਿਤੀ ਵਿੱਚ ਸਾਰੇ ਪਿੰਡ ਵਿੱਚ ਘੁਮਾਇਆ ਜਾ ਰਿਹਾ ਹੁੰਦਾ ਹੈ, ਕਸੂਰ ਵੀ ਉਸ ਔਰਤ ਦਾ ਨਹੀਂ, ਸਗੋਂ ਦੋਸ਼ੀ ਧਿਰਾਂ ਵੱਲੋਂ ਇਹ ਮੰਨਿਆ ਜਾਂਦਾ ਹੈ_**

ਅਜੋਕੇ ਯੁੱਗ ਵਿੱਚ ਅਸੀਂ ਆਪਣੇ ਸਰਬਪੱਖੀ ਵਿਕਾਸ ਦੀਆਂ ਟਾਹਰਾਂ ਮਾਰਦੇ ਥੱਕਦੇ ਨਹੀਂ। ਅਸੀਂ ਤਕਨੀਕ ਦੀ ਸਹਾਇਤਾ ਨਾਲ ਕੁਦਰਤ ਨੂੰ ਆਪਣੇ ਵੱਸ ਵਿੱਚ ਕਰਨ ਤੱਕ ਦੀਆਂ ਗੱਲਾਂ ਵੀ ਕਰ ਰਹੇ ਹਾਂ, ਹਰ ਤਰ੍ਹਾਂ ਦੀ ਭੌਤਿਕ ਤਰੱਕੀ ਕਰਨ ਅਤੇ ਮਾਨਣ ਦੀ ਚਰਚਾ ਵੀ ਹੁੰਦੀ ਰਹਿੰਦੀ ਹੈ। ਜਦੋਂ ਅਸੀਂ ਭੌਤਿਕ ਤਰੱਕੀ ਦੇ ਆਸਰੇ ਉੱਚ ਅਸਮਾਨੇ ਉੱਡਦੇ ਪਏ ਹੁੰਨੇ ਆਂ ਤਾਂ ਉਦੋਂ ਪੰਜਾਬ ਦੀ ਧਰਤੀ ਦੇ ਇੱਕ ਪਿੰਡ ਵਿੱਚ ਕਿਸੇ ਔਰਤ ਨੂੰ ਕੁੱਟਮਾਰ ਕਰਕੇ, ਅਰਧ ਨਗਨ ਸਥਿਤੀ ਵਿੱਚ ਸਾਰੇ ਪਿੰਡ ਵਿੱਚ ਘੁਮਾਇਆ ਜਾ ਰਿਹਾ ਹੁੰਦਾ ਹੈ, ਕਸੂਰ ਵੀ ਉਸ ਔਰਤ ਦਾ ਨਹੀਂ, ਸਗੋਂ ਦੋਸ਼ੀ ਧਿਰਾਂ ਵੱਲੋਂ ਇਹ ਮੰਨਿਆ ਜਾਂਦਾ ਹੈ ਕਿ ਪੀੜਤ ਔਰਤ ਦੇ 'ਪੁੱਤਰ' ਦੇ 'ਕੁਕਰਮਾਂ' ਦੀ ਸਜ਼ਾ ਉਸ ਨੂੰ ਦੇ ਰਹੇ ਹਾਂ, ਦੋਸ਼ੀ ਧਿਰ ਵਿੱਚ ਇੱਕ ਔਰਤ ਦਾ ਸ਼ਾਮਲ ਹੋਣਾ, ਸਾਡੇ ਸਮਾਜਿਕ ਵਿਕਾਸ ਤੇ ਔਰਤ-ਮਰਦ ਬਰਾਬਰੀ ਵਾਲੇ ਸਮਾਜਿਕ ਵਿਕਾਸ ਦੇ ਸੰਕਲਪ ਦਾ ਮੂੰਹ ਚਿੜ੍ਹਾ ਰਹੀ ਘਟਨਾ ਵਜੋਂ ਪੇਸ਼ ਹੋ ਰਹੀ ਹੁੰਦੀ ਹੈ। ਲੋਕ ਇਸ ਨੂੰ ਦੇਖ ਤਾਂ ਰਹੇ ਹਨ, ਪਰ ਕੋਈ ਅੱਗੇ ਆ ਕੇ ਇਸ ਘਟਨਾ ਨੂੰ ਰੋਕਣ ਦਾ ਹੌਸਲਾ ਨਹੀਂ ਕਰ ਸਕਿਆ, ਸ਼ਾਇਦ ਉਹ ਕਿਸੇ 'ਕ੍ਰਿਸ਼ਨ' ਦੀ ਉਡੀਕ ਕਰ ਰਹੇ ਹੋਣ? ਉਪਰੋਂ ਸਿੱਤਮ ਦੀ ਇੱਕ ਹੋਰ ਗੱਲ ਇਹ ਜੋੜੀ ਜਾਂਦੀ ਹੈ ਕਿ ਕਿਉਂ ਜੋ ਉਸ ਪੀੜਤ ਔਰਤ ਦੇ ਪੁੱਤਰ ਨੇ ਕਿਸੇ ਘਰ ਦੀ (ਦੋਸ਼ੀ ਧਿਰ) ਕੁੜੀ ਨਾਲ ਵਿਆਹ ਕਰਕੇ ਉਨ੍ਹਾਂ ਦੀ ਇੱਜ਼ਤ ਨੂੰ ਹੱਥ ਪਾਇਆ ਸੀ, ਤਾਂ ਇਹ ਵਾਪਰਨਾ ਹੀ ਸੀ। ਅਜਿਹੀਆਂ ਅਤੇ ਹੋਰ ਥੋਥੀਆਂ ਦਲੀਲਾਂ ਉਸਾਰਨ ਵਾਲੇ ਸਮਾਜ ਵਿੱਚ ਰਹਿੰਦਿਆਂ ਆਮ ਬੰਦਾ ਇਹ ਸੋਚਣ ਲਈ ਮਜਬੂਰ ਹੋ ਰਿਹਾ ਹੈ ਕਿ ਅਸੀਂ ਇੱਕੀਵੀਂ ਸਦੀ ਵਿੱਚ ਰਹਿ ਰਹੇ ਹਾਂ ਜਾਂ ਮਹਾਂਭਾਰਤ ਦੇ ਯੁੱਗ ਵਿੱਚ। ਪ੍ਰੋ. ਪੂਰਨ ਸਿੰਘ ਨੇ ਕਿਹਾ ਸੀ ਕਿ 'ਪੰਜਾਬ ਸਾਰਾ ਜੀਂਦਾ ਗੁਰਾਂ ਦੇ ਨਾਂਅ 'ਤੇ' ਕੀ ਇਹ ਉਹੀ ਪੰਜਾਬ ਹੈ? ਗੁਰੂ ਨਾਨਕ ਦੀ ਵਿਰਾਸਤ ਸਾਂਭਣ ਦਾ ਦਾਅਵਾ ਕਰਨ ਵਾਲਿਆਂ ਅੱਗੇ ਇਹ ਇੱਕ ਬਹੁਤ ਵੱਡਾ ਸੁਆਲ ਹੈ ਕਿ ਉਨ੍ਹਾਂ ਨੇ ਆਪਣੀ ਬਣਦੀ ਜ਼ਿੰਮੇਵਾਰੀ ਕਿਉਂ ਨਹੀਂ ਨਿਭਾਈ?

# ਨਾਨਕਾਣਾ (ਨਾਨਕਿਆਣਾ) ਸਾਹਿਬ ਬਾਰੇ ਕੁਝ ਅਣਜਾਣੇ ਤੱਥ

ਲਹਿੰਦੇ ਪੰਜਾਬ ਵਿਚ ਲਾਹੌਰ ਤੋਂ 91 ਕਿਲੋਮੀਟਰ ਦੂਰ, ਗੁਰੂ ਨਾਨਕ ਸਾਹਿਬ ਦਾ ਜਨਮ ਅਸਥਾਨ। ਇਸ ਦਾ ਪਹਿਲਾ ਨਾਂ ਰਾਏ ਭੋਇ ਦੀ ਤਲਵੰਡੀ ਸੀ; ਇਸ ਨੂੰ ਰਾਇ ਭੋਇ/ਭੋਜ (1380-1454), ਜੋ ਗੁਰੂ ਨਾਨਕ ਸਾਹਿਬ ਦੇ ਸਮੇਂ ਹੋਏ ਰਾਏ ਬੁਲਾਰ (1430-1518) ਦਾ ਪਿਤਾ ਸੀ, ਨੇ ਵਸਾਇਆ ਸੀ; ਰਾਏ ਬੁਲਾਰ ਭੱਟੀ ਰਾਜਪੂਤ ਸੀ, ਜਿਹੜਾ ਮੁਸਲਮਾਨ ਬਣ ਗਿਆ ਸੀ। ਗੁਰੂ ਨਾਨਕ ਸਾਹਿਬ ਦਾ ਜਨਮ ਅਸਥਾਨ ਹੋਣ ਕਰ ਕੇ ਇਸ ਦਾ ਨਾਂ ਨਾਨਕਾਣਾ ਸਾਹਿਬ (ਨਾਨਕ

**ਡਾ.ਹਰਜਿੰਦਰ ਸਿੰਘ ਦਿਲਗੀਰ**

+ਅਯਨਮ੍=ਘਰ) ਜਾਣਿਆ ਜਾਣ ਲਗ ਪਿਆ ਸੀ। ਕਿਸੇ ਵੇਲੇ ਇਹ ਸ਼ੇਖ਼ੂਪੁਰਾ ਜ਼ਿਲ੍ਹਾ ਦਾ ਇਕ ਪਿੰਡ ਸੀ, ਫਿਰ ਤਹਿਸੀਲ ਬਣਾ ਦਿੱਤਾ ਗਿਆ ਸੀ, ਅਤੇ ਮਈ 2005 ਵਿਚ ਨਾਨਕਾਣਾ ਸਾਹਿਬ ਨੂੰ ਇਕ ਜ਼ਿਲ੍ਹਾ ਬਣਾ ਦਿੱਤਾ ਗਿਆ ਸੀ। ਇਹ ਪਿੰਡ ਹੁਣ ਇਕ ਨਗਰ ਬਣ ਚੁਕਾ ਹੈ। ਸੰਨ 2020 ਵਿਚ ਇਸ ਦੀ ਆਬਾਦੀ ਤਕਰੀਬਨ 80 ਹਜ਼ਾਰ ਸੀ। ਗੁਰੂ ਨਾਨਕ ਸਾਹਿਬ ਇਸ ਪਿੰਡ ਵਿਚ 20 ਅਕਤੂਬਰ 1469 ਦੇ ਦਿਨ ਮਹਿਤਾ ਕਲਿਆਣ ਦਾਸ ਅਤੇ ਮਾਤਾ ਤ੍ਰਿਪਤਾ ਦੇ ਘਰ ਪੈਦਾ ਹੋਏ ਸਨ। ਗੁਰੂ ਜੀ ਨੇ ਆਪਣੀ ਉਮਰ ਦੇ ਪਹਿਲੇ 35 ਸਾਲ (ਸੰਨ 1469 ਤੋਂ 1504 ਤਕ) ਇਥੇ ਹੀ ਬਿਤਾਏ ਸਨ, ਜਿਸ ਦੌਰਾਨ ਉਹ ਵਪਾਰ ਕਰਦੇ ਰਹੇ ਸਨ; ਅਤੇ ਇਸ ਮਕਸਦ ਵਾਸਤੇ ਉਹ ਵੱਖ-ਵੱਖ ਇਲਾਕਿਆਂ ਵਿਚ ਜਾਂਦੇ ਰਹਿੰਦੇ ਸਨ। ਉਨ੍ਹਾਂ ਦੇ ਦੋਹਾਂ ਪੁੱਤਰਾਂ ਦਾ ਜਨਮ ਇਸੇ ਥਾਂ ਹੋਇਆ ਸੀ।

ਮੁਕਾਮੀ ਰਿਵਾਇਤ ਮੁਤਾਬਿਕ ਗੁਰੂ ਨਾਨਕ ਸਾਹਿਬ ਦੀ ਯਾਦ ਵਿਚ ਗੁਰਦੁਆਰਾ ਜਨਮ ਅਸਥਾਨ ਦੀ ਪਹਿਲੀ ਇਮਾਰਤ, 'ਕੋਠਾ ਸਾਹਿਬ' ਦੇ ਨਾਂ ਹੇਠ, ਉਨ੍ਹਾਂ ਦੇ ਪੋਤੇ ਧਰਮ ਚੰਦ (1523-1618), ਪੁੱਤਰ ਲਖਮੀ ਦਾਸ, ਨੇ ਸੰਨ 1579 ਵਿਚ ਬਣਾਈ ਸੀ। ਧਰਮ ਚੰਦ ਡੇਰਾ ਬਾਬਾ ਨਾਨਕ ਤੋਂ ਇਥੇ ਕਦੇ-ਕਦੇ ਕੱਤਕ ਦੀ ਪੂਰਨਮਾਸ਼ੀ ਦੇ ਦਿਨ ਆਉਂਦਾ ਹੁੰਦਾ ਸੀ। ਉਸ ਮਗਰੋਂ ਉਸ ਦਾ ਪੁੱਤਰ ਮਿਹਰ ਚੰਦ ਅਤੇ ਉਸ ਮਗਰੋਂ ਉਸ ਦਾ ਪੁੱਤਰ ਨਿਧਾਨ ਚੰਦ ਵੀ ਕਦੇ-ਕਦਾਈਂ ਕੱਤਕ ਦੀ ਪੂਰਨਮਾਸ਼ੀ ਦੇ ਦਿਨ ਗੁਰੂ ਜੀ ਦਾ ਪ੍ਰਕਾਸ਼ ਦਿਨ ਮਨਾਉਣ ਵਾਸਤੇ ਆਇਆ ਕਰਦੇ ਸਨ। ਸੰਨ 1688 ਵਿਚ ਨਿਧਾਨ ਚੰਦ ਦੇ ਪੁੱਤਰ ਲਾਜਪਤ ਨੇ ਹਨੂੰਮਾਨ ਨਾਂ ਦੇ ਇਕ ਸਾਧੂ ਨੂੰ ਇਸ 'ਕੋਠਾ ਸਾਹਿਬ' ਦੀ ਸੇਵਾ ਸੰਭਾਲ ਵਾਸਤੇ ਤਾਇਨਾਤ ਕਰ ਦਿੱਤਾ ਸੀ। ਸੰਨ 1690 ਵਿਚ ਲਾਜਪਤ ਨੇ ਦੁਨੀ ਚੰਦ ਉਦਾਸੀ (ਜਲਾਲਪੁਰ ਜੱਟਾਂ, ਜ਼ਿਲ੍ਹਾ ਗੁਜਰਾਤ) ਅਤੇ ਨੱਥਾ ਸਿੰਘ (ਸੁਲਤਾਨਪੁਰ ਲੋਧੀ) ਨੂੰ ਵੀ ਇਸ ਥਾਂ ਦੀ ਸੇਵਾ ਸੰਭਾਲ ਵਾਸਤੇ ਭੇਜ ਦਿੱਤਾ ਸੀ। ਇਨ੍ਹਾਂ ਨੇ ਆ ਕੇ ਇਸ ਥਾਂ ਨੂੰ 'ਨਾਨਕਾਣਾ ਸਾਹਿਬ' ਦੇ ਨਾਂ ਹੇਠ ਮਸ਼ਹੂਰ ਕਰ ਕੇ ਹਰ ਸਾਲ ਕੱਤਕ ਦੀ ਪੂਰਨਮਾਸ਼ੀ ਦੇ ਦਿਨ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਦਿਨ ਮਨਾਉਣਾ ਸ਼ੁਰੂ ਕਰ ਦਿੱਤਾ ਸੀ (ਨਾਨਕਾਣਾ ਤੋਂ ਨਨਕਾਣਾ ਨਾਂ ਸੰਨ 1850 ਤੋਂ ਬਹੁਤ ਮਗਰੋਂ ਅੰਗਰੇਜ਼ਾਂ ਵੱਲੋਂ ਗ਼ਲਤੀ ਨਾਲ ਨਾਂ ਲਿਖਣ ਕਰ ਕੇ ਮਸ਼ਹੂਰ ਹੋਇਆ ਸੀ)।

ਕੋਠਾ ਸਾਹਿਬ ਦੀ ਸੇਵਾ ਸੰਭਾਲ ਕਰਨ ਵਾਲੇ ਤਿੰਨੇ ਜਣੇ ਹਨੂੰਮਾਨ, ਦੁਨੀ ਚੰਦ ਅਤੇ ਨੱਥਾ ਸਿੰਘ ਮੌਜੂਦਾ ਗੁਰਦੁਆਰਾ ਬਾਲ ਲੀਲ੍ਹਾ ਦੇ ਨੇੜੇ ਘਰ ਬਣਾ ਕੇ ਰਿਹਾ ਕਰਦੇ ਸਨ। ਹੌਲੀ-ਹੌਲੀ ਇਥੇ ਹੋਰ ਲੋਕ ਵੀ ਆਬਾਦ ਹੋਣ ਲਗ ਪਏ ਸਨ। ਪੁਜਾਰੀ ਹਨੂੰਮਾਨ ਦੇ ਮਰਨ ਮਗਰੋਂ ਉਸ ਦਾ ਚੇਲਾ ਟੂਕੀ ਰਾਮ ਅਤੇ ਉਸ ਮਗਰੋਂ ਉਸ ਦਾ ਚੇਲਾ ਗਰੀਬ ਦਾਸ ਇਸ ਥਾਂ ਦਾ ਮਹੰਤ ਰਿਹਾ ਸੀ। ਗਰੀਬ ਦਾਸ ਤੋਂ ਮਗਰੋਂ ਹਰੀ ਰਾਮ ਅਤੇ ਉਸ ਤੋਂ ਮਗਰੋਂ ਗੱਯਾ ਨਾਂ ਦਾ ਮਹੰਤ ਸੇਵਾ ਕਰਦੇ ਰਹੇ ਸਨ; ਗੱਯਾ ਦੀ ਮੌਤ ਸੰਨ 1823 ਵਿਚ ਹੋਈ ਸੀ। ਇਸ ਮਗਰੋਂ ਨੱਥਾ ਸਿੰਘ ਨਿਰਮਲਾ ਬਾਲ ਲੀਲ੍ਹਾ ਗੁਰਦੁਆਰੇ ਦਾ ਅਤੇ ਕਾਹਨ ਸਿੰਘ ਨਿਰਮਲਾ ਕਿਆਰਾ ਸਾਹਿਬ ਦਾ ਮਹੰਤ ਰਹੇ ਸਨ। ਜਨਮ ਅਸਥਾਨ ਦਾ ਇੰਤਜ਼ਾਮ ਗੁਲਾਬ ਦਾਸ ਕੋਲ ਸੀ; ਉਹ ਸੰਨ 1862 ਵਿਚ ਮਰਿਆ ਸੀ। ਉਸ ਮਗਰੋਂ ਉਸ ਦਾ ਚੇਲਾ ਝੰਡਾ ਦਾਸ ਸੇਵਾ ਕਰਦਾ ਰਿਹਾ ਸੀ। ਝੰਡਾ ਦਾਸ ਸੰਨ 1882 ਵਿਚ ਮਰਿਆ ਤਾਂ ਉਸ ਦੀ ਥਾਂ 'ਤੇ ਸਾਧੂ ਰਾਮ ਨੇ ਸੇਵਾ ਸੰਭਾਲੀ ਸੀ। ਸਾਧੂ ਰਾਮ ਸੰਨ 1905 ਵਿਚ ਮਰ ਗਿਆ ਸੀ। ਉਸ ਦੀ ਥਾਂ 'ਤੇ ਕਿਸ਼ਨ ਦਾਸ ਮਹੰਤ ਬਣਿਆ ਸੀ। ਕਿਸ਼ਨ ਚੰਦ ਦੀ ਮੌਤ ਸੰਨ 1914 ਵਿਚ ਹੋਈ ਸੀ। ਉਸ ਮਗਰੋਂ ਮਹੰਤ ਨਰੈਣ ਦਾਸ (ਨਰੈਣੂ) ਨਾਨਕਾਣਾ ਸਾਹਿਬ ਦਾ ਮਹੰਤ ਬਣਿਆ ਸੀ। ਉਂਞ ਤਾਂ ਸਾਧੂ ਰਾਮ ਤੇ ਕਿਸ਼ਨ ਚੰਦ ਦਾ ਇਖ਼ਲਾਕ ਵੀ ਮਾੜਾ ਸੀ; ਉਹ ਦੋਵੇਂ ਸ਼ਰਾਬੀ ਤੇ ਵਿਭਚਾਰੀ ਸਨ, ਪਰ, ਨਰਾਇਣ ਦਾਸ ਨੇ ਤਾਂ ਹੱਦ ਹੀ ਕਰ ਦਿੱਤੀ ਸੀ। ਉਸ ਨੇ ਇਸ ਗੁਰਦੁਆਰੇ ਨੂੰ ਅੱਯਾਸ਼ੀ ਅਤੇ ਵਿਭਚਾਰ ਦਾ ਅੱਡਾ ਬਣਾ ਲਿਆ ਸੀ, ਜਿਸ ਕਾਰਨ ਸਿੱਖ ਬਹੁਤ ਦੁਖੀ ਸਨ। ਅਖ਼ੀਰ 20 ਫ਼ਰਵਰੀ 1921 ਦੇ ਦਿਨ ਡੇਢ ਸੌ ਤੋਂ ਵਧ ਸਿੱਖਾਂ ਦੇ ਕਤਲੇਆਮ ਮਗਰੋਂ ਇਸ ਦਾ ਇੰਤਜ਼ਾਮ ਸਿੱਖਾਂ ਦੇ ਆਪਣੇ ਹੱਥ ਵਿਚ ਆਇਆ ਸੀ।



ਨਾਨਕਾਣਾ ਸਾਹਿਬ ਦੇ ਗੁਰਦੁਆਰੇ: ਸੰਨ 1738 ਵਿਚ ਦੀਵਾਨ ਕੌੜਾ ਮੱਲ ਨੇ ਕੋਠਾ ਸਾਹਿਬ ਦੀ ਥਾਂ 'ਤੇ ਨਵੀਂ ਇਮਾਰਤ ਬਣਵਾ ਦਿੱਤੀ ਸੀ ਅਤੇ ਲੋਕ ਇਸ ਨੂੰ ਗੁਰਦੁਆਰਾ ਜਨਮ ਅਸਥਾਨ ਕਹਿਣ ਲਗ ਪਏ ਸਨ। ਹੁਣ ਹਰ ਸਾਲ ਬਾਕਾਇਦਾ ਕੱਤਕ ਦੀ ਪੂਰਨਮਾਸ਼ੀ ਦੇ ਦਿਨ ਗੁਰੂ ਨਾਨਕ ਪੁਰਬ ਮਨਾਇਆ ਜਾਣ ਲਗ ਪਿਆ ਸੀ। ਦੀਵਾਨ ਕੌੜਾ ਮੱਲ ਨੇ ਗੁਰਦੁਆਰਾ ਬਾਲ ਕਰੀਰਾ (ਹੁਣ ਬਾਲ ਲੀਲ੍ਹਾ) ਅਤੇ ਗੁਰਦੁਆਰਾ ਮਾਲ* ਜੀਓ (ਹੁਣ ਮਾਲ ਜੀ ਸਾਹਿਬ) ਵੀ ਬਣਾਏ ਸਨ (ਵਣ ਦੇ ਦਰਖ਼ਤ ਨੂੰ ਮਾਲ ਕਹਿੰਦੇ ਹਨ; ਇੱਥੇ ਵਣ ਦੇ ਬਹੁਤ ਸਾਰੇ ਰੁੱਖ ਸਨ)।

ਸੰਨ 1819-20 ਵਿਚ ਮਹਾਰਾਜਾ ਰਣਜੀਤ ਸਿੰਘ ਨੇ ਇੱਥੇ ਨਵੀਂ ਇਮਾਰਤ ਬਣਾਈ ਸੀ। ਫਿਰ ਸੰਨ 1930 ਤੇ ਸੰਨ 1940 ਵਿਚ ਇਸ ਵਿਚ ਹੋਰ ਵਾਧਾ ਕੀਤਾ ਗਿਆ ਸੀ। ਇਸ ਮਗਰੋਂ ਸਿਰਫ਼ ਜਨਮ ਅਸਥਾਨ ਹੀ ਨਹੀਂ ਬਲਕਿ ਨਾਨਕਾਣਾ ਸਾਹਿਬ ਦੇ ਹਰ ਗੁਰਦੁਆਰੇ ਦੀ ਨਵੀਂ ਇਮਾਰਤ ਬਣਾਈ ਗਈ ਹੈ। ਸੰਨ 1984 ਤੋਂ ਮਗਰੋਂ ਇੰਗਲੈਂਡ ਅਤੇ ਹੋਰ ਮੁਲਕਾਂ ਦੇ ਸਿੱਖਾਂ ਨੇ ਨਗਰ ਵਿਚ ਸੈਂਕੜੇ ਯਾਤਰੂਆਂ ਦੇ ਰਹਿਣ ਵਾਸਤੇ ਸਰਾਵਾਂ ਬਣਾ ਦਿੱਤੀਆਂ ਸਨ।

ਜਨਮ ਅਸਥਾਨ ਨਾਨਕਾਣਾ ਸਾਹਿਬ ਦੇ ਨਾਂ 'ਤੇ 16692 ਏਕੜ ਜ਼ਮੀਨ ਲੱਗੀ ਹੋਈ ਹੈ (ਸੰਨ 1935 ਦੇ ਇਕ ਰਿਕਾਰਡ ਵਿਚ ਇਹ ਰਕਬਾ 17539 ਘੁਮਾਂ ਸੀ)। ਭੱਟੀ ਪਰਿਵਾਰ ਦਾ ਦਾਅਵਾ ਹੈ ਕਿ ਉਨ੍ਹਾਂ ਨੇ 1100 ਏਕੜ ਜ਼ਮੀਨ ਗੁਰਦੁਆਰੇ ਵਾਸਤੇ ਭੇਟ ਕੀਤੀ ਸੀ। ਪੁਰਾਣੀਆਂ ਲਿਖਤਾਂ ਮੁਤਾਬਿਕ ਇਸ ਪਿੰਡ ਦੀ ਸਾਰੀ ਜ਼ਮੀਨ ਮਹਾਰਾਜਾ ਰਣਜੀਤ ਸਿੰਘ ਨੇ ਗੁਰਦੁਆਰੇ ਦੇ ਨਾਂ ਕਰ ਦਿੱਤੀ ਸੀ; ਭੱਟੀ ਖ਼ਾਨਦਾਨ ਵੱਲੋਂ ਜ਼ਮੀਨ ਦਾਨ ਕਰਨ ਦੀ ਗੱਲ ਮਗਰੋਂ ਪ੍ਰਚਾਰੀ ਗਈ ਸੀ। ਨਾਨਕਾਣਾ ਸਾਹਿਬ ਪਿੰਡ ਦਾ ਰਕਬਾ 18 ਹਜ਼ਾਰ ਏਕੜ ਹੈ।

ਨਾਨਕਾਣਾ ਸਾਹਿਬ ਵਿਚ ਜਨਮ ਅਸਥਾਨ ਤੋਂ ਇਲਾਵਾ 6 ਹੋਰ ਗੁਰਦੁਆਰੇ ਵੀ ਹਨ: 1. ਬਾਲ ਲੀਲਾ: ਇੱਥੇ ਗੁਰੂ ਨਾਨਕ ਸਾਹਿਬ ਬਚਪਨ ਵਿਚ ਖੇਡਦੇ ਹੁੰਦੇ ਸਨ। ਇਸ ਥਾਂ 'ਤੇ ਇਕ ਤਲਾਬ ਵੀ ਹੈ। ਇਸ ਗੁਰਦੁਆਰੇ ਦੇ ਨਾਂ 'ਤੇ 120 ਮੁਰੱਬੇ ਜ਼ਮੀਨ ਲਗੀ ਹੋਈ ਹੈ 2. ਪੱਟੀ ਸਾਹਿਬ: ਇੱਥੇ ਗੁਰੂ ਨਾਨਕ ਸਾਹਿਬ ਨੇ ਪਾਂਧੇ ਕੋਲੋਂ ਮੁੱਢਲੀ ਪੜ੍ਹਾਈ ਕੀਤੀ ਸੀ 3. ਮਾਲਜੀ ਸਾਹਿਬ: ਇਕ ਕਲਪਿਤ ਕਹਾਣੀ ਮੁਤਾਬਿਕ ਗੁਰੂ ਜੀ ਇਸ ਥਾਂ 'ਤੇ ਮਾਲ ਡੰਗਰ ਚਰਾਇਆ ਕਰਦੇ ਸਨ। ਇਕ ਦੁਪਹਿਰ ਵੇਲੇ ਸੱਪ ਵੱਲੋਂ ਗੁਰੂ ਜੀ 'ਤੇ ਛਾਂ ਕਰਨ ਦੀ ਕਾਲਪਨਿਕ ਕਹਾਣੀ ਇਸੇ ਥਾਂ ਨਾਲ ਜੋੜੀ ਜਾਂਦੀ ਹੈ। ਇਸ ਗੁਰਦੁਆਰੇ ਨਾਂ ਵੀ 180 ਮੁਰੱਬੇ ਜ਼ਮੀਨ ਹੈ 4. ਕਿਆਰਾ ਸਾਹਿਬ: ਗੁਰੂ ਜੀ ਦੇ ਡੰਗਰਾਂ ਵੱਲੋਂ ਕਿਸੇ ਕਿਸਾਨ ਦੀ ਫਸਲ ਉਜਾੜਨ ਅਤੇ ਗੁਰੂ ਜੀ ਵੱਲੋਂ ਉਸ ਖੇਤੀ ਨੂੰ ਹਰਾ ਕਰਨ ਦੀ ਕਾਲਪਨਿਕ ਕਹਾਣੀ ਇਸ ਥਾਂ ਨਾਲ ਜੋੜੀ ਜਾਂਦੀ ਹੈ। ਇਸ ਗਰਦੁਆਰੇ ਦੇ ਨਾਂ 45 ਮੁਰੱਬੇ ਜ਼ਮੀਨ ਹੈ 5. ਤੰਬੂ ਸਾਹਿਬ: ਪਿਤਾ ਵੱਲੋਂ ਵਪਾਰ ਕਰਨ ਵਾਸਤੇ ਦਿੱਤੇ ਵੀਹ ਰੁਪੈ ਚੂਹੜਕਾਣਾ ਵਿਚ ਭੁੱਖੇ ਸਾਧੂਆਂ ਦੀ ਰੋਟੀ ਵਾਸਤੇ ਖ਼ਰਚ ਕਰਨ ਅਤੇ ਤਲਵੰਡੀ ਵਾਪਿਸ ਆ ਕੇ ਪਿਤਾ ਦੀ ਮਾਰ ਤੋਂ ਬਚਣ ਵਾਸਤੇ ਲੁਕ ਜਾਣ ਵਾਲੀ ਕਾਲਪਨਿਕ ਕਹਾਣੀ ਇਸ ਥਾਂ ਨਾਲ ਜੋੜੀ ਜਾਂਦੀ ਹੈ 6. ਗੁਰਦੁਆਰਾ ਪੰਜਵੀਂ ਤੇ ਛੇਵੀਂ ਪਾਤਸ਼ਾਹੀ: ਗੁਰੂ ਅਰਜਨ ਸਾਹਿਬ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਇਸ ਪਿੰਡ ਆਉਣ ਦੀ ਯਾਦ ਵਿਚ ਇਹ ਗੁਰਦੁਆਰਾ ਬਣਿਆ ਹੋਇਆ ਹੈ। ਇਸ ਗੁਰਦੁਆਰੇ ਦੇ ਨਾਂ 13 ਘੁਮਾਂ ਜ਼ਮੀਨ ਹੈ।

***-ਡਾਇਰੈਕਟਰ: ਗੁਰੂ ਨਾਨਕ ਰਿਸਰਚ ਇੰਸਟੀਚਊਟ, ਬ੍ਰਿਮਿੰਘਮ, ਇੰਗਲੈਂਡ***
***ਸਾਬਕਾ ਡਾਇਰੈਕਟਰ: ਸਿੱਖ ਹਿਸਟਰੀ ਰਿਸਰਚ ਬੋਰਡ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)***

# ਸਿਆਸੀ-ਅੰਧ ਦੀ ਸ਼ਿਕਾਰ ਅਕਾਲੀ ਸਿਆਸਤ

ਜਿਸ ਦੌਰ ਵਿਚੋਂ ਅਕਾਲੀ ਸਿਆਸਤ ਇਸ ਵੇਲੇ ਲੰਘ ਰਹੀ ਹੈ, ਉਸ ਵਿਚੋਂ ਹਰ ਰੰਗ ਦੀ ਚੇਤਨਾ ਮਨਫੀ ਹੋ ਰਹੀ ਲੱਗਦੀ ਹੈ ਕਿਉਂਕਿ ਅਕਾਲੀਅਤ ਦੇ ਵਿਰਾਸਤੀ ਪ੍ਰਸੰਗ ਦੀ ਲੋੜ ਹੀ ਅਕਾਲੀਆਂ ਵੱਲੋਂ ਨਹੀਂ ਸਮਝੀ ਜਾ ਰਹੀ। ਪੰਜ ਸਿੰਘ ਸਾਹਿਬਾਨ ਵੱਲੋਂ ਕੱਢਿਆ ਦਸੰਬਰੀ-ਰਾਹ ਅਕਾਲੀ ਦਲ ਦੀ ਮੁੜ ਸਥਾਪਤੀ ਦਾ ਰਾਹ ਲੱਗਣ ਲੱਗ ਪਿਆ ਸੀ। ਇਹ ਰਾਹ ਬਾਦਲਕਿਆਂ ਵੱਲੋਂ ਜਿਸ ਢੀਠਤਾਈ ਨਾਲ ਰੋਕਿਆ ਗਿਆ, ਉਸ ਦੀ ਕੰਧ 'ਤੇ ਲਿਖੀ ਸੇਧ ਆਤਮਘਾਤੀ ਨਤੀਜਿਆਂ ਵੱਲ ਜਾਂਦੀ ਬਾਦਲਕਿਆਂ ਤੋਂ ਬਿਨਾ ਸਭ ਨੂੰ ਦਿੱਸਦੀ ਹੈ। ਇਸ ਬਾਰੇ ਜੋ ਕੁਝ ਵੀ ਸੋਸ਼ਲ ਮੀਡੀਆ 'ਤੇ ਕਿਹਾ ਜਾ ਰਿਹਾ ਹੈ ਜਾਂ ਪ੍ਰਿੰਟ ਮੀਡੀਆ ਵਿਚ ਲਿਖਿਆ ਜਾ ਰਿਹਾ ਹੈ,



**ਬਲਕਾਰ ਸਿੰਘ ਪ੍ਰੋਫੈਸਰ**
**ਫੋਨ: +91-93163-01328**

ਉਸ ਨਾਲ ਅਕਾਲੀਆਂ ਵਿਚੋਂ ਇਕ ਪਾਸੇ ਗੁੰਮਸ਼ੁਦਾ ਪੰਥਕਤਾ ਨੂੰ ਸਾਹਮਣੇ ਲਿਆਂਦਾ ਜਾ ਰਿਹਾ ਹੈ ਅਤੇ ਦੂਜੇ ਪਾਸੇ ਅਕਾਲੀ ਦਲ ਦੀ ਖੇਤਰੀ ਭੂਮਿਕਾ ਨੂੰ ਸਾਹਮਣੇ ਲਿਆਉਣ ਦੀ ਕੋਸ਼ਿਸ਼ ਹੋ ਰਹੀ ਹੈ। ਇਸ ਦਾ ਮੰਦਭਾਗਾ ਪੱਖ ਇਹ ਹੈ ਕਿ ਕਿਸੇ ਵੀ ਰੰਗ ਦਾ ਅਕਾਲੀ ਨਾ ਉਸ ਨੂੰ ਸੁਣ ਰਿਹਾ ਹੈ ਅਤੇ ਨਾ ਹੀ ਸਮਝ ਰਿਹਾ ਹੈ। ਦੁਰਕਾਰੀ ਹੋਈ ਦਾਗ਼ੀ ਤੇ ਬਾਗ਼ੀ ਅਕਾਲੀ ਲੀਡਰਸ਼ਿਪ 'ਉਤਰ ਕਾਟੋ ਮੈਂ ਚੜ੍ਹਾਂ' ਦੀ ਸਿਆਸਤ ਵਿਚ ਕਸੂਤੀ ਉਲਝੀ ਹੋਈ ਹੈ। ਸੁਧਾਰ ਲਹਿਰ ਵਾਲੇ ਦਸੰਬਰੀ-ਹੁਕਨਾਮੇ ਦੀ ਪਾਲਣਾ ਕਰ ਕੇ ਰੜੇ 'ਤੇ ਖੜ੍ਹੇ ਹਨ ਅਤੇ ਬਾਦਲਕੇ ਨ ਮੰਨ ਕੇ ਅੰਦਰ ਵੜੇ ਹੋਏ ਹਨ। ਜੋ ਕੁਝ ਜਥੇਦਾਰੀ ਸੰਸਥਾ ਦੇ ਹੱਥੋਂ ਹੋ ਗਿਆ ਹੈ, ਉਸ ਦੇ ਹੁੰਗਾਰੇ ਨੂੰ ਹੁੰਗਾਰਾ ਭਰਨ ਦੀ ਪਰੰਪਰਾ ਅਤੇ ਸਿਧਾਂਤ ਵੱਲ ਲੋੜੀਂਦਾ ਧਿਆਨ ਅਕਾਲੀਆਂ ਵੱਲੋਂ ਕਿਉਂ ਨਹੀਂ ਦਿੱਤਾ ਜਾ ਰਿਹਾ, ਮਸਲਾ ਹੋ ਗਿਆ ਹੈ। ਕਿਸ ਦੇ ਪੈਰੋਂ ਕੌਣ ਫਿਹਲ ਹੋ ਗਿਆ ਹੈ, ਦੀ ਚਰਚਾ ਚੱਲੀ ਤਾਂ ਉਦਾਸੀ ਅਤੇ ਬੇਭਰੋਸਗੀ ਹੋਰ ਵੀ ਡੂੰਘੀ ਹੁੰਦੀ ਜਾਣੀ ਹੈ। ਅਕਾਲੀ ਦੁਕਾਨਦਾਰੀ ਤੋਂ ਹਰ ਤਰ੍ਹਾਂ ਦਾ ਸੌਦਾ ਵੇਚਣ ਲਈ ਤਤਪਰ ਅਕਾਲੀ ਸਿਆਸਤਦਾਨ, ਸਿਰ ਜੋੜਣ ਦੀ ਥਾਂ 'ਤੇ ਸਿਰ ਤੋੜਣ ਵਾਲੇ ਰਾਹ ਪਏ ਹੋਏ ਹਨ। ਇਸ ਹਾਲਤ ਵਿਚ ਕਿਸੇ ਨੂੰ ਕੌਣ ਦੱਸੇ ਕਿ ਕੀ ਕਰਨਾ ਹੈ ਅਤੇ ਕਿਵੇਂ ਕਰਨਾ ਹੈ?

ਅਕਾਲੀ ਧੜਿਆਂ ਦੇ ਬੁਲਾਰੇ ਜਦੋਂ ਕਿਸੇ ਚਰਚਾ ਵਿਚ ਇਕੱਠੇ ਹੁੰਦੇ ਹਨ ਤਾਂ ਬਹੁਤਾ ਸਮਾਂ ਇਕ ਦੂਜੇ ਦੀ ਪੱਗ ਉਛਾਲਣ ਵਿਚ ਉਲਝੇ ਰਹਿੰਦੇ ਹਨ। ਏਸੇ ਨੂੰ ਮੀਡੀਆ ਦੁਕਾਨਦਾਰੀ ਤੋਂ ਵਿਕਦਾ ਵੇਖਦਾ ਹੈ ਤਾਂ ਕਹਿਣ ਨੂੰ ਜੀਅ ਕਰਦਾ ਹੈ ਕਿ ਪੈਰ ਰੋਕ ਕੇ ਸੋਚੋ ਕਿ ਜੋ ਕਰੀ ਜਾ ਰਹੇ ਹੋ, ਇਸ ਬਾਰੇ ਪੁਰਖੇ ਕੀ ਕਹਿਣਗੇ? ਜੋ ਹੋ ਰਿਹਾ ਹੈ, ਉਸ ਬਾਰੇ ਚਰਚਾ ਕਰਨ ਦੀ ਥਾਂ ਇਕ ਦੂਜੇ ਦੇ ਪੋਤੜੇ ਫੋਲੇ ਜਾ ਰਹੇ ਹਨ। ਮਸਲਾ ਸਿਆਸੀ ਦੁਕਾਨਾਂ ਨੂੰ ਬੰਦ ਕਰ ਕੇ ਅਕਾਲੀਅਤ ਦੇ ਪਰੰਪਰਕ ਜਲੌਅ ਦੀ ਬਹਾਲੀ ਵਾਸਤੇ ਇਕੱਠੇ ਹੋਣ ਦਾ ਹੈ। ਪਰ ਬਾਦਲਕਿਆਂ ਵੱਲੋਂ ਨਿਸ਼ੰਗ ਹੋ ਕੇ ਕਿਹਾ ਜਾ ਰਿਹਾ ਹੈ ਕਿ ਕੱਢੇ ਹੋਏ ਸੁਧਾਰਵਾਦੀਏ ਉਨਾ ਚਿਰ ਅਕਾਲੀ ਦਲ ਦੀ ਭਰਤੀ ਵਿਚ ਹਿੱਸਾ ਕਿਵੇਂ ਲੈ ਸਕਦੇ ਹਨ, ਜਿੰਨਾ ਚਿਰ ਬਾਦਲਕਿਆਂ ਵੱਲੋਂ ਉਨ੍ਹਾਂ ਨੂੰ ਆਗਿਆ ਨਹੀਂ ਦਿੱਤੀ ਜਾਂਦੀ। ਅਸਲ ਮੁੱਦੇ ਤੋਂ ਧਿਆਨ ਭਟਕਾਉਣ ਲਈ ਨੌਂ ਜੱਜਾਂ ਦੇ ਫੈਸਲੇ ਦਾ ਹਵਾਲਾ ਦਿੱਤਾ ਜਾ ਰਿਹਾ ਹੈ ਕਿ ਧਰਮ ਨਿਰਪੇਖਤਾ ਦੀ ਭੇਟ ਵਿਰੋਧੀਆਂ ਨੂੰ ਚੜ੍ਹਾਏ ਬਿਨਾ ਅੱਗੇ ਕਿਵੇਂ ਤੁਰਿਆ ਜਾ ਸਕਦਾ ਹੈ। ਇਸ ਤਰ੍ਹਾਂ ਸੋਚਣ ਵਾਲੇ ਕਿਉਂ ਨਹੀਂ ਸੋਚਦੇ ਕਿ ਪ੍ਰਧਾਨ ਸ਼੍ਰੋਮਣੀ ਕਮੇਟੀ ਨੂੰ ਬਾਦਲਕਿਆਂ ਦੀ ਹਰ ਕਮੇਟੀ ਦਾ ਮੈਂਬਰ ਹੋਣ ਨਾਲ ਜੇ ਧਰਮ ਨਿਰਪੇਖਤਾ ਕਾਇਮ ਰਹਿੰਦੀ ਹੈ ਤਾਂ ਅਕਾਲੀ ਦਲ ਦੇ ਬਾਗ਼ੀਆਂ ਅਤੇ ਦਾਗ਼ੀਆਂ ਨੂੰ ਇਕੱਠੇ ਹੋ ਕੇ ਅਕਾਲੀ ਦਲ ਨੂੰ ਨਵੇਂ ਸਿਰਿਉਂ ਉਸਾਰਨ ਨਾਲ ਕੀ ਅਤੇ ਕਿਉਂ ਖ਼ਤਰਾ ਹੋ ਸਕਦਾ ਹੈ? ਤੱਕੜੀ ਦੇ ਨਿਸ਼ਾਨ 'ਤੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਜਿੱਤਣ ਨਾਲ ਜੇ ਧਰਮ ਨਿਰਪੇਖਤਾ ਨੂੰ ਕੋਈ ਖ਼ਤਰਾ ਪੈਦਾ ਨਹੀਂ ਹੋਇਆ ਤਾਂ ਜਥੇਦਾਰ ਸਾਹਿਬ ਵੱਲੋਂ ਅਕਾਲੀ ਦਲ ਦੇ ਵਿਧਾਨ ਮੁਤਾਬਿਕ ਨਵੀਂ ਭਰਤੀ ਕਰਨ ਨਾਲ ਕੀ ਤੇ ਕਿਉਂ ਖ਼ਤਰਾ ਪੈਦਾ ਹੋ ਸਕਦਾ ਹੈ? ਅਕਾਲੀ ਦਲ ਦੇ ਸ਼ਾਨਾਂਮੱਤੇ ਇਤਿਹਾਸ ਵਿਚ ਇਹੋ ਜਿਹੀ ਢਕੌਂਸਲਾ-ਸਿਆਸਤ ਪਹਿਲਾਂ ਕਦੇ ਨਹੀਂ ਹੋਈ ਸੀ ਅਤੇ ਨ ਹੀ ਪੈਦਾ ਹੋ ਰਹੀ ਸਿਆਸੀ ਦੁਰਗੰਧ ਅੱਜ ਵਾਂਗ ਸੀ।



ਮਸਲਾ, ਅਕਾਲੀ ਸਿਆਸਤ ਦਾ ਨ ਰਹਿ ਕੇ ਸ਼੍ਰੋਮਣੀ ਕਮੇਟੀ 'ਤੇ ਕਬਜ਼ੇ ਦੀ ਸਿਆਸਤ ਦਾ ਹੋ ਗਿਆ ਹੈ। ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਮੌਤ ਤੋਂ ਬਾਅਦ ਜਿਵੇਂ ਬਾਦਲਕਿਆਂ ਦੇ ਲਿਫਾਫੇ ਵਿਚੋਂ ਪ੍ਰਧਾਨ ਨਿਕਲਦੇ ਰਹੇ ਹਨ, ਉਸ ਨਾਲ ਕਿਸੇ ਨੂੰ ਕੋਈ ਭੁਲੇਖਾ ਨਹੀਂ ਰਿਹਾ ਕਿ ਸ਼੍ਰੋਮਣੀ ਕਮੇਟੀ ਵਿਚ ਉਹੀ ਹੋ ਸਕਦਾ ਹੈ, ਜੋ ਬਾਦਲਕੇ ਚਾਹੁੰਦੇ ਹਨ। ਜੋ ਇਸ ਨਾਲ ਨਹੀਂ ਤੁਰ ਸਕਿਆ, ਉਸ ਨੂੰ ਬਾਦਲੀ-ਮੁੱਖਧਾਰਾ ਵਿਚੋਂ ਬਾਹਰ ਹੋਣਾ ਪੈਂਦਾ ਆ ਰਿਹਾ ਹੈ। ਇਸ ਵਿਚ ਜਥੇਦਾਰੀ ਸੰਸਥਾ ਨੂੰ ਗੁਰਬਚਨ ਸਿੰਘ ਹੋਣਾ ਪਿਆ ਹੈ ਅਤੇ ਸ਼੍ਰਮੋਣੀ ਕਮੇਟੀ ਦੇ ਪ੍ਰਧਾਨ ਨੂੰ ਬਾਦਲਕਿਆਂ ਦਾ ਕਰਿੰਦਾ ਹੋਣਾ ਪਿਆ ਹੈ। ਵਰਤਮਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਦਸੰਬਰੀ ਫੈਸਲੇ ਤੋਂ ਬਾਅਦ ਹਰ ਹਫਤੇ ਮੀਟਿੰਗਾਂ ਕਰ ਕੇ ਉਹੀ ਕਰਨਾ ਪਿਆ ਹੈ ਜੋ ਨਹੀਂ ਕਰਨਾ ਚਾਹੀਦਾ ਸੀ। ਪਹਿਲੀ ਮੀਟਿੰਗ ਵਿਚ ਸੁਖਬੀਰ ਸਿੰਘ ਬਾਦਲ 'ਤੇ ਹਮਲਾਵਰ ਨੂੰ ਪੰਥ ਵਿਚੋਂ ਛੇਕਣ ਦਾ ਮਤਾ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਭੇਜਿਆ ਜਾਣਾ ਅਪ੍ਰਸੰਗਕ ਅਤੇ ਬੇਲੋੜਾ ਸੀ। ਦੂਜਾ ਸਿੰਘ ਸਾਹਿਬ ਜਥੇਦਾਰ ਤਖ਼ਤ ਦਮਦਮਾ ਸਾਹਿਬ ਨੂੰ ਕੱਢਣ ਦੇ ਰਾਹ ਤੁਰਨਾ ਜਥੇਦਾਰੀ ਸੰਸਥਾ ਵਿਚ ਦਖ਼ਲਅੰਦਾਜ਼ੀ ਸੀ। ਤੀਜੀ ਮੀਟਿੰਗ ਬੇਸ਼ੱਕ ਨਹੀਂ ਹੋ ਸਕੀ, ਪਰ ਜਿਸ ਤਰ੍ਹਾਂ ਦੀ ਭਾਵਨਾ ਵਿਚ ਹਰ ਕੋਈ ਉਲਝਿਆ ਹੋਇਆ ਦਿਸਦਾ ਹੈ, ਉਸ ਨਾਲ ਕੀ ਲੁਕਿਆ ਰਹਿ ਜਾਂਦਾ ਹੈ? ਬੋਲਣਹਾਰੀਏ ਸਿੱਖ ਸਮਾਜ ਦੀ ਇਹ ਸਥਿਤੀ ਹਰ ਕਿਸੇ ਨੂੰ ਉਲਝਾ ਰਹੀ ਹੈ। ਇਸ ਵਿਚੋਂ ਬਾਹਰ ਆ ਸਕਣ ਦਾ ਰਾਹ ਬਾਦਲਕਿਆਂ ਨੇ ਰੋਕਿਆ ਹੋਇਆ ਹੈ। ਬਾਦਲਕਿਆਂ ਦੀ ਸਿਆਸਤ ਨੂੰ ਪੰਜਾਬ ਅਤੇ ਪੰਥ ਇਕ ਦੂਜੇ ਨਾਲੋਂ ਅੱਗੇ ਹੋ ਕੇ ਨਕਾਰ ਚੁੱਕੇ ਹਨ। ਹਾਲੀਆ ਚੋਣਾਂ ਵਿਚ ਅਕਾਲੀ ਦਲ ਨੂੰ ਆਜ਼ਾਦ ਉਮੀਦਵਾਰਾਂ ਨਾਲੋਂ ਵੀ ਪਛੜਨਾ ਪਿਆ ਹੈ। ਫਿਰ ਵੀ ਬਾਦਲਕਿਆਂ ਵੱਲੋਂ ਕਿਹਾ ਜਾ ਰਿਹਾ ਹੈ ਕਿ ਬਾਦਲਕਿਆਂ ਨੂੰ ਲੀਡਰ-ਵਿਹੂਣ ਕਰਨ ਦੀ ਸਿਆਸਤ ਹੋ ਰਹੀ ਹੈ। ਪੰਥ ਨੂੰ ਇਕ ਪਰਿਵਾਰ ਤੱਕ ਸੀਮਤ ਕਰਨ ਦੀ ਵਧੀਕੀ ਲਗਾਤਾਰ ਹੋ ਰਹੀ ਹੈ। ਸਿਆਸੀ ਕਲਪਨਾ ਦੇ ਜਿਸ ਘੋੜੇ 'ਤੇ ਬਾਦਲਕੇ ਚੜ੍ਹੇ ਹੋਏ ਹਨ, ਉਸ ਨੇ ਕਲਪਿਤ ਦੌੜ ਨਾਲ ਕਿਧਰੇ ਨਹੀਂ ਪਹੁੰਚ ਸਕਣਾ। ਪੰਥ ਦੇ ਨਾਮ 'ਤੇ ਸਿਆਸਤ ਦੇ ਸਿੰਗਾਂ ਨੂੰ ਹੱਥ ਪਾ ਕੇ ਬਾਦਲਕੇ ਜਿਹੋ ਜਿਹੀ ਸਿਆਸਤ ਕਰਦੇ ਆ ਰਹੇ ਹਨ, ਉਸ ਦਾ ਭਾਂਡਾ ਆਮ ਪੰਜਾਬੀ ਬੰਦੇ ਦੇ ਸਾਹਮਣੇ ਟੁੱਟ ਚੁੱਕਾ ਹੈ। ਠੀਕਰੀਆਂ ਨੂੰ ਘੜਾ ਸਮਝਣ ਦੀ ਸਿਆਸਤ ਕਰਨ ਵਾਲੇ ਬਾਦਲਕਿਆਂ ਦੇ ਲਾਭਪਾਤਰੀ ਜਿਹੋ ਜਿਹੇ ਸਿਆਸੀ-ਅੰਧ ਦੀ ਸਿਆਸਤ ਕਰ ਰਹੇ ਹਨ, ਇਸ ਦਾ ਨ ਕੋਈ ਵਰਤਮਾਨ ਹੈ ਅਤੇ ਨ ਕੋਈ ਭਵਿੱਖ ਹੈ। ਇਸ ਲਬੇੜ੍ਹ ਸਿਆਸਤ ਤੋਂ ਸਿੱਖ ਸੰਸਥਾਵਾਂ ਨੂੰ ਬਚਾਉਣ ਦੀ ਪਹਿਲ ਦਸੰਬਰੀ ਫੈਸਲੇ ਨਾਲ ਹੋ ਗਈ ਸੀ ਅਤੇ ਹੁਣ ਇਸ 'ਤੇ ਪਹਿਰਾ ਦਿੱਤੇ ਜਾਣ ਦਾ ਸਵਾਲ ਇਕ ਵਾਰ ਫਿਰ ਜਥੇਦਾਰੀ ਸੰਸਥਾ ਦੇ ਸਾਹਮਣੇ ਹੈ। ਪੰਥਕ ਸੁਰ ਵਿਚ ਹੱਲ ਨਿਕਲਦੇ ਰਹੇ ਹਨ ਅਤੇ ਸਿਆਸੀ ਸੁਰ ਵਿਚ "ਖੁਆਰ ਹੋਏ ਸਭ ਮਿਲਹਿਗੇ ਬਚੇ ਸ਼ਰਣ ਜੋ ਹੋਇ" ਦਾ ਰਾਹ ਨਿਕਲ ਸਕਦਾ ਹੈ। ਇਸ ਵਾਸਤੇ ਪੰਥਕ ਬਿਰਦ ਦੀ ਪਾਲਣਾ ਵਾਸਤੇ ਜਥੇਦਾਰੀ ਸੰਸਥਾ ਵੱਲ ਦੁਨੀਆਂ ਦੇਖ ਰਹੀ ਹੈ। ਇਹ ਸਥਿਤੀ ਨ ਪਹਿਲੀ ਵਾਰ ਆਈ ਹੈ ਤੇ ਨ ਆਖਰੀ ਹੈ। ਤਾਂ ਤੇ ਸ਼ਾਹ ਮੁਹੰਮਦ ਦੇ ਇਹ ਬੋਲ ਯਾਦ ਰਹਿਣੇ ਚਾਹੀਦੇ ਹਨ- "ਧਾੜ ਬੁਰਛਿਆਂ ਦੀ ਸਾਡੇ ਪੇਸ਼ ਆਈ ਕੋਈ ਅਕਲ ਦਾ ਕਰੋ ਇਲਾਜ ਯਾਰੋ"। ਬਾਣੀ ਦੀ ਰੋਸ਼ਨੀ ਵਿਚ ਫੈਸਲਾ ਲੈਣ ਦੀ ਕੋਸ਼ਿਸ਼ ਕਰਾਂਗੇ ਤਾਂ ਰਾਹ, ਦਸੰਬਰੀ ਫੈਸਲੇ ਦੀ ਨਿਰੰਤਰਤਾ ਜ਼ਰੂਰ ਨਿਕਲੇਗਾ।

# ਧਰਮ ਅਤੇ ਭਾਸ਼ਾ ਰਾਸ਼ਟਰਵਾਦ ਦਾ ਅਧਾਰ ਨਹੀਂ ਹੋ ਸਕਦੇ

## ਪੀਪਲਜ਼ ਲਿਟਰੇਰੀ ਫੈਸਟੀਵਲ : ਇੱਕ ਰਿਪੋਰਟ




ਸੰਮਾਂ ਵਾਲੀ ਡਾਂਗ ਨਾਟਕ ਦਾ ਮੰਚਣ







***ਪੀਪਲਜ਼ ਲਿਟਰੇਰੀ ਫੈਸਟੀਵਲ ਦੇ ਦੂਜੇ ਦਿਨ ਵਿਚਾਰ ਚਰਚਾ ਵਿੱਚ ਇਹ ਗੱਲ ਉਭਰ ਕੇ ਸਾਹਮਣੇ ਆਈ ਕਿ ਪੰਜਾਬ ਦੀਆਂ ਵਿਭਿੰਨ ਸਮੱਸਿਆਵਾਂ ਨਵ-ਉਦਾਰਵਾਦੀ ਨੀਤੀਆਂ ਦੀ ਦੇਣ ਹਨ। ਕੋਈ ਵੀ ਰਾਜਸੀ ਧਿਰ ਇਸ ਕਾਰਪੋਰੇਟੀ ਸਿਕੰਜੇ ਪ੍ਰਤੀ ਗੰਭੀਰ ਨਹੀਂ ਹੈ। ਪਹਿਲੇ ਸੈਸ਼ਨ ਵਿੱਚ 'ਸਮਕਾਲੀ ਵਿਸ਼ਵ ਸਾਹਿਤ' ਵਿਸ਼ੇ ਤੇ ਗੱਲ ਕਰਦਿਆਂ ਚਿੰਤਕ ਮਨਮੋਹਨ ਨੇ ਕਿਹਾ ਕਿ ਫਲਸਫੇ ਅਤੇ ਸਾਹਿਤ ਦੇ ਇੱਕ ਦੂਜੇ ਦੇ ਪੂਰਕ ਹਨ। ਇਤਿਹਾਸਕਾਰ ਸ਼ੁਭਾਸ ਪ੍ਰਹਾਰ ਨੇ ਆਪਣੀ ਗੱਲ ਕਰਦਿਆਂ ਕਿਹਾ ਕਿ ਹਾਲੇ ਵੀ ਪੰਜਾਬੀ ਭਾਸ਼ਾ ਨੂੰ ਗਿਆਨ ਅਤੇ ਵਿਗਿਆਨ ਦੀ ਭਾਸ਼ਾ ਬਣਾਉਣ ਲਈ ਬਹੁਤ ਉਪਰਾਲੇ ਕਰਨ ਦੀ ਲੋੜ ਹੈ। ਨਾਮਵਰ ਘੁਮੱਕੜ ਨਿਰਲੇਪ ਸਿੰਘ ਨੇ ਗੁਰੂ ਨਾਨਕ ਦੇ ਹਵਾਲੇ ਨਾਲ ਗੱਲ ਕਰਦਿਆਂ ਕਿਹਾ ਕਿ ਸਫਰ ਅਤੇ ਸਾਹਿਤ ਦਾ ਆਪਸੀ ਰਿਸ਼ਤਾ ਬਹੁਤ ਡੂੰਘਾ ਹੈ। ਇਸ ਸੈਸ਼ਨ ਦੀ ਪ੍ਰਧਾਨਗੀ ਕਰਦਿਆਂ ਨਾਮਵਰ ਚਿੰਤਕ ਅਮਰਜੀਤ ਸਿੰਘ ਗਰੇਵਾਲ ਨੇ ਮਸਨੂਈ ਬੁੱਧੀ ਦੇ ਹਵਾਲੇ ਨਾਲ ਗੱਲ ਕਰਦਿਆਂ ਕਿਹਾ ਕਿ ਤਕਨੀਕ ਦੁਆਰਾ ਮਨੁੱਖੀ ਸਭਿਅਤਾ ਵਿੱਚ ਆਉਣ ਵਾਲੀਆਂ ਵੱਡੀਆਂ ਤਬਦੀਲੀਆਂ ਪ੍ਰਤੀ ਸੁਚੇਤ ਹੋਣ ਦੀ ਲੋੜ ਹੈ। ਸੈਸ਼ਨ ਦੇ ਸੂਤਰਧਰ ਕੁਮਾਰ ਸੁਸ਼ੀਲ ਸਨ। ਗੁਰਪੰਥ ਗਿੱਲ ਅਤੇ ਸੈਮ ਗੁਰਵਿੰਦਰ ਨੇ ਵੀ ਆਪਣੇ ਵਿਚਾਰ ਰੱਖੇ।***

ਸੁਰਜੀਤ ਪਾਤਰ ਜੀ ਦੀ ਸਿਮ੍ਰਤੀ ਨੂੰ ਸਮਰਪਿਤ ਸੱਤਵੇਂ ਚਾਰ ਰੋਜ਼ਾ ਪੀਪਲਜ਼ ਲਿਟਰੇਰੀ ਫੈਸਟੀਵਲ ਦੇ ਪਹਿਲੇ ਦਿਨ ਉਦਘਾਟਨੀ ਸ਼ੈਸ਼ਨ ਵਿੱਚ ' ਅਸੀਂ ਭਾਰਤ ਦੇ ਲੋਕ - ਸੰਵਿਧਾਨ, ਸਮਾਜ ਅਤੇ ਮੀਡੀਆ ' ਵਿਸ਼ੇ ਤੇ ਆਪਣੇ ਮੁੱਖ ਸੁਰ ਭਾਸ਼ਣ ਵਿੱਚ ਪ੍ਰਸਿੱਧ ਪੱਤਰਕਾਰ ਆਰਫਾ ਖਾਨਮ ਸ਼ੇਰਵਾਨੀ ਨੇ ਕਿਹਾ ਕਿ ਦੁਨੀਆਂ ਭਰ ਵਿੱਚ ਲੋਕਤੰਤਰ ਵੱਡੇ ਸੰਕਟ ਵਿੱਚ ਹੈ। ਆਜ਼ਾਦ ਪ੍ਰੈਸ ਅਤੇ ਲੋਕਤੰਤਰੀ ਸੰਸਥਾਵਾਂ ਨੂੰ ਗੰਭੀਰ ਖਤਰੇ ਪੈਦਾ ਹੋ ਗਏ ਹਨ। ਭਾਰਤ ਦੇ ਕਿਸਾਨ ਅੰਦੋਲਨਾਂ ਨੇ ਇੱਕ ਨਵੀਂ ਆਸ ਦੀ ਕਿਰਨ ਜਗਾਈ ਹੈ ਕਿ ਵੱਖ ਵੱਖ ਮੁਲਕਾਂ ਵਿੱਚ ਲੋਕ ਜਥੇਬੰਦ ਹੋ ਕੇ ਇਸ ਰੁਝਾਨ ਦੇ ਖਿਲਾਫ ਲੜ ਰਹੇ ਹਨ। ਉਹਨਾਂ ਕਿਹਾ ਕਿ ਗੋਦੀ ਮੀਡੀਆ ਦੇ ਮੁਕਾਬਲੇ ਬਦਲਵੇਂ ਮੀਡੀਏ ਨੇ ਲੋਕ ਆਵਾਜ਼ ਨੂੰ ਵੱਡੀ ਥਾਂ ਦਿੱਤੀ ਹੈ। ਮੁੱਖ ਮਹਿਮਾਨ ਪ੍ਰੋਫੈਸਰ ਜਗਮੋਹਨ ਸਿੰਘ ਨੇ ਕਿਹਾ ਕਿ ਹਰ ਦੌਰ ਵਿੱਚ ਸੱਤਾਧਾਰੀ ਧਿਰਾਂ ਲੇਖਕਾਂ, ਕਲਾਕਾਰਾਂ, ਬੁੱਧੀਜੀਵੀਆਂ ਨੂੰ ਸੱਚ ਦੀ ਆਵਾਜ਼ ਬੁਲੰਦ ਕਰਨ 'ਤੇ ਦਬਾਉਣ ਦਾ ਯਤਨ ਕਰਦੀਆਂ ਰਹੀਆਂ ਹਨ। ਪੀਪਲਜ਼ ਲਿਟਰੇਰੀ ਫੈਸਟੀਵਲ ਵਰਗੇ ਸਾਹਿਤਕ ਉਤਸਵ ਲੋਕਾਂ ਦੀ ਆਵਾਜ਼ ਬਣਦੇ ਹਨ।ਇਸ ਸ਼ੈਸ਼ਨ ਦਾ ਸੰਚਾਲਨ ਸਟਾਲਿਨਜੀਤ ਬਰਾੜ ਵੱਲੋਂ ਕੀਤਾ ਗਿਆ। ਇਸ

ਖੁਸ਼ਵੰਤ ਬਰਗਾੜੀ

ਮੌਕੇ ਜਸਪਾਲ ਮਾਨਖੇੜਾ ਦੀ ਪੁਸਤਕ 'ਮੈਂ ਹੁਣ ਉਹ ਨਹੀਂ' ਅਤੇ ਕੁਲਵੰਤ ਕੌਰ ਸੰਧੂ ਦੀ ਪੁਸਤਕ 'ਸੱਸਾਂ ਬਾਝ ਨਾ ਪੀੜ੍ਹੀਆਂ ਡਹਿੰਦੀਆਂ ਨੇ' ਰੀਲੀਜ਼ ਕੀਤੀਆਂ ਗਈਆਂ।

ਉਦਘਾਟਨੀ ਸ਼ੈਸ਼ਨ ਵਿੱਚ ਸੁਰ ਆਂਗਣ,ਫਰੀਦਕੋਟ ਵੱਲੋਂ ਪ੍ਰੋਫੈਸਰ ਰਾਜੇਸ਼ ਮੋਹਨ ਦੀ ਅਗਵਾਈ ਵਿੱਚ ਸੁਰਜੀਤ ਪਾਤਰ ਜੀ ਦੀਆਂ ਕਵਿਤਾਵਾਂ, ਗੀਤਾਂ ਦਾ ਗਾਇਨ ਕੀਤਾ ਗਿਆ। ਇਸ ਤੋਂ ਪਹਿਲਾਂ ਆਰਫਾ ਖਾਨਮ ਸ਼ੇਰਵਾਨੀ, ਜਸ ਮੰਡ ਅਤੇ ਪ੍ਰੋਫੈਸਰ ਜਗਮੋਹਨ ਸਿੰਘ ਨੇ ਪੁਸਤਕ ਪ੍ਰਦਰਸ਼ਨੀ ਦਾ ਉਦਘਾਟਨ ਕੀਤਾ। ਜਿਸ ਵਿੱਚ ਪੰਜਾਬੀ, ਹਿੰਦੀ ਅੰਗਰੇਜ਼ੀ ਦੇ ਪੰਦਰਾਂ ਤੋਂ ਵੱਧ ਪ੍ਰਕਾਸ਼ਕਾਂ ਨੇ ਭਾਗ ਲਿਆ।

ਪੀਪਲਜ਼ ਲਿਟਰੇਰੀ ਫੈਸਟੀਵਲ ਦਾ ਦੂਜਾ ਸ਼ੈਸ਼ਨ ਭਾਰਤੀ ਸਾਹਿਤ ਅਕਾਦਮੀ ਦੇ ਸਹਿਯੋਗ ਨਾਲ ਤਸਕੀਨ ਦੀ ਪੁਸਤਕ ' ਪੰਜਾਬੀ ਲੋਕ-ਸੰਗੀਤ ਹਰੀ ਕ੍ਰਾਂਤੀ ਦੇ ਆਰ-ਪਾਰ ' ਦੇ ਪ੍ਰਸੰਗ ਵਿੱਚ ਵਿਚਾਰ ਚਰਚਾ ਨਾਲ ਆਰੰਭ ਹੋਇਆ। ਇਸ ਵਿਚਾਰ ਚਰਚਾ ਵਿੱਚ ਰਾਜਿੰਦਰ ਪਾਲ ਸਿੰਘ ਬਰਾੜ, ਬਾਬੂ ਸਿੰਘ ਮਾਨ, ਕੁਲਦੀਪ ਸਿੰਘ ਦੀਪ ਅਤੇ ਤਸਕੀਨ ਨੇ ਭਾਗ ਲਿਆ। ਤਸਕੀਨ ਨੇ ਕਿਹਾ ਕਿ ਜਦੋਂ ਕੋਈ ਵੀ ਕਲਾ ਮੰਡੀ ਦਾ ਸੰਦ ਬਣ ਜਾਂਦੀ ਹੈ ਤਾਂ ਉਹ ਲੋਕ ਵਿਰੋਧੀ ਬਣ ਜਾਂਦੀ ਹੈ। ਕੁਲਦੀਪ ਸਿੰਘ ਦੀਪ ਨੇ ਕਿਹਾ ਕਿ ਗਾਇਕੀ ਵਿੱਚ ਹਥਿਆਰਾਂ ਅਤੇ ਨਸ਼ਿਆਂ ਦਾ ਜ਼ਿਕਰ ਖਤਰਨਾਕ ਰੁਝਾਨ ਹੈ। ਲੋਕ ਗਾਇਕ ਗੁਰਬਿੰਦਰ ਬਰਾੜ ਨੇ ਕਿਹਾ ਕਿ ਕੋਈ ਵੀ ਕਲਾਕਾਰ ਆਪਣੀ ਸਮਾਜਿਕ ਜ਼ਿੰਮੇਵਾਰੀ ਤੋਂ ਨਹੀਂ ਭੱਜ ਸਕਦਾ। ਕੁਮਾਰ ਜਗਦੇਵ ਨੇ ਬਦਲਦੇ ਹਾਲਾਤਾਂ ਵਿੱਚ ਗੀਤਕਾਰੀ ਦੇ ਸਮਾਜਕ ਪ੍ਰਸੰਗ ਦੀ ਗੱਲ ਕੀਤੀ।ਡਾ. ਰਾਜਿੰਦਰ ਪਾਲ ਸਿੰਘ ਨੇ ਕਿਹਾ ਕਿ ਪੰਜਾਬੀ ਗੀਤਕਾਰੀ ਅਤੇ ਗਾਇਕੀ ਵੀ ਹੋਰਨਾਂ ਸਾਹਿਤ ਰੂਪਾਂ ਵਾਂਗ ਸਮਾਜਿਕ ਸੋਚ ਦਾ ਪ੍ਰਤੀਬਿੰਬ ਹੀ ਹੁੰਦੀ ਹੈ। ਸੈਸ਼ਨ ਦੀ ਪ੍ਰਧਾਨਗੀ ਕਰਦਿਆਂ ਬਾਬੂ ਸਿੰਘ ਮਾਨ ਨੇ ਕਿਹਾ ਕਿ ਮੌਜੂਦਾ ਦੌਰ ਵਿੱਚ ਗੀਤਕਾਰੀ ਲਗਪਗ ਸਮਾਪਤ ਹੋ ਚੁੱਕੀ ਹੈ। ਸਿਰਫ ਸਾਜਾਂ ਦੇ ਸ਼ੋਰ ਵਿੱਚ ਸ਼ਬਦਾਂ ਦੀ ਭਰਤੀ ਕੀਤੀ ਜਾਂਦੀ ਹੈ। ਉਹਨਾਂ ਆਖਿਆ ਕਿ ਗੀਤਕਾਰੀ ਅਤੇ ਗਾਇਕੀ ਬਾਰੇ ਅਜਿਹੀਆਂ ਸੰਜੀਦਾਂ ਗੋਸ਼ਟੀਆਂ ਦੀ ਲੋੜ ਹੈ। ਇਸ ਮੌਕੇ ਉਹਨਾਂ ਅਨੇਕਾਂ ਗੀਤਾਂ ਦੇ ਪਿਛੋਕੜ ਬਾਰੇ ਚਰਚਾ ਕੀਤੀ।

ਪੀਪਲਜ਼ ਲਿਟਰੇਰੀ ਫੈਸਟੀਵਲ ਦੇ ਦੂਜੇ ਦਿਨ ਵਿਚਾਰ ਚਰਚਾ ਵਿੱਚ ਇਹ ਗੱਲ ਉਭਰ ਕੇ ਸਾਹਮਣੇ ਆਈ ਕਿ ਪੰਜਾਬ ਦੀਆਂ ਵਿਭਿੰਨ ਸਮੱਸਿਆਵਾਂ ਨਵ-ਉਦਾਰਵਾਦੀ ਨੀਤੀਆਂ ਦੀ ਦੇਣ ਹਨ। ਕੋਈ ਵੀ ਰਾਜਸੀ ਧਿਰ ਇਸ ਕਾਰਪੋਰੇਟੀ ਸਿਕੰਜੇ ਪ੍ਰਤੀ ਗੰਭੀਰ ਨਹੀਂ ਹੈ। ਪਹਿਲੇ ਸੈਸ਼ਨ ਵਿੱਚ ' ਸਮਕਾਲੀ ਵਿਸ਼ਵ ਸਾਹਿਤ ' ਵਿਸ਼ੇ ਤੇ ਗੱਲ ਕਰਦਿਆਂ ਚਿੰਤਕ ਮਨਮੋਹਨ ਨੇ ਕਿਹਾ ਕਿ ਫਲਸਫੇ ਅਤੇ ਸਾਹਿਤ ਦੇ ਇੱਕ ਦੂਜੇ ਦੇ ਪੂਰਕ ਹਨ। ਇਤਿਹਾਸਕਾਰ ਸ਼ੁਭਾਸ ਪ੍ਰਹਾਰ ਨੇ ਆਪਣੀ ਗੱਲ ਕਰਦਿਆਂ ਕਿਹਾ ਕਿ ਹਾਲੇ ਵੀ ਪੰਜਾਬੀ ਭਾਸ਼ਾ ਨੂੰ ਗਿਆਨ ਅਤੇ ਵਿਗਿਆਨ ਦੀ ਭਾਸ਼ਾ ਬਣਾਉਣ ਲਈ ਬਹੁਤ ਉਪਰਾਲੇ ਕਰਨ ਦੀ ਲੋੜ ਹੈ। ਨਾਮਵਰ ਘੁਮੱਕੜ ਨਿਰਲੇਪ ਸਿੰਘ ਨੇ ਗੁਰੂ ਨਾਨਕ ਦੇ ਹਵਾਲੇ ਨਾਲ ਗੱਲ ਕਰਦਿਆਂ ਕਿਹਾ ਕਿ ਸਫਰ ਅਤੇ ਸਾਹਿਤ ਦਾ ਆਪਸੀ ਰਿਸ਼ਤਾ ਬਹੁਤ ਡੂੰਘਾ ਹੈ। ਇਸ ਸੈਸ਼ਨ ਦੀ ਪ੍ਰਧਾਨਗੀ ਕਰਦਿਆਂ ਨਾਮਵਰ ਚਿੰਤਕ ਅਮਰਜੀਤ ਸਿੰਘ ਗਰੇਵਾਲ ਨੇ ਮਸਨੂਈ ਬੁੱਧੀ ਦੇ ਹਵਾਲੇ ਨਾਲ ਗੱਲ ਕਰਦਿਆਂ ਕਿਹਾ ਕਿ ਤਕਨੀਕ ਦੁਆਰਾ ਮਨੁੱਖੀ ਸਭਿਅਤਾ ਵਿੱਚ ਆਉਣ ਵਾਲੀਆਂ ਵੱਡੀਆਂ ਤਬਦੀਲੀਆਂ ਪ੍ਰਤੀ ਸੁਚੇਤ ਹੋਣ ਦੀ ਲੋੜ ਹੈ। ਸੈਸ਼ਨ ਦੇ ਸੂਤਰਧਰ ਕੁਮਾਰ ਸੁਸ਼ੀਲ ਸਨ। ਗੁਰਪੰਥ ਗਿੱਲ ਅਤੇ ਸੈਮ ਗੁਰਵਿੰਦਰ ਨੇ ਵੀ ਆਪਣੇ ਵਿਚਾਰ ਰੱਖੇ।

ਇਸ ਮੌਕੇ ਮਨਮੋਹਨ ਦੀ ਪੁਸਤਕ 'ਵਾਮਕੀ' ਅਤੇ ਸੁਭਾਸ਼ ਪਰਿਹਾਰ ਦੀ ਪੁਸਤਕ ' ਸੁਭਾਸ਼ ਪਰਿਹਾਰ 'ਸੋਸ਼ਲ ਮੀਡੀਆ' ਜਾਰੀ ਕੀਤੀਆਂ ਗਈਆਂ।



ਦੂਜੇ ਸੈਸ਼ਨ ਵਿਚ ' ਪੰਜਾਬ ਦੀ ਡਿਜੀਟਲ ਪੱਤਰਕਾਰੀ ਅਤੇ ਸਮਾਜਕ ਜੁਆਬਦੇਹੀ ' ਵਿਸ਼ੇ ਤੇ ਭਰਵੀਂ ਚਰਚਾ ਵਿੱਚ ' ਦ ਕਾਰਵਾਂ ' ਦੀ ਸੀਨੀਅਰ ਪੱਤਰਕਾਰ ਜਤਿੰਦਰ ਕੌਰ ਤੂੜ ਨੇ ਕਿਹਾ ਡਿਜੀਟਲ ਮੀਡੀਆ ਨੇ ਹਾਸ਼ੀਆਗ੍ਰਸਤ ਲੋਕਾਂ ਨੂੰ ਆਵਾਜ਼ ਦਿੱਤੀ ਹੈ ਪ੍ਰੰਤੂ ਇਸਦਾ ਆਪਮੁਹਾਰਾਪਣ ਬਹੁਤੀ ਵਾਰ ਰਾਹੋਂ ਕੁਰਾਹੇ ਵੀ ਪਾ ਦਿੰਦਾ ਹੈ। ਫਿਰਕਾਪ੍ਰਸਤੀ ਅਤੇ ਧਾਰਮਿਕ ਕੱਟੜਤਾ ਦੇ ਰੁਝਾਨ ਨੂੰ ਨਕਾਰਨ ਦੀ ਲੋੜ ਹੈ। 'ਦ ਸਿਟੀਜ਼ਨ ' ਦੇ ਐਸੋਸੀਏਟ ਸੰਪਾਦਕ ਰਾਜੀਵ ਖੰਨਾ ਨੇ ਵਿਊ ਅਤੇ ਰੈਵਨਿਊ ਦਾ ਨਾਗਵਲ ਡਿਜੀਟਲ ਪੱਤਰਕਾਰੀ ਦੀ ਆਤਮਾ ਨੂੰ ਮਾਰ ਰਿਹਾ ਹੈ। ਨਿਊਜ਼ ਕਲਿਕ ਦੇ ਸੀਨੀਅਰ ਪੱਤਰਕਾਰ ਸ਼ਿਵ ਇੰਦਰ ਸਿੰਘ ਨੇ ਡਿਜੀਟਲ ਪੱਤਰਕਾਰੀ ਦੀ ਤਾਕਤ ਅਤੇ ਸੱਤਾਧਾਰੀ ਧਿਰਾਂ ਦੀ ਚਾਲਾਂ ਨੂੰ ਪਛਾਣਨ ਦੀ ਲੋੜ ਹੈ। ਇਸ ਵਿਚਾਰ ਚਰਚਾ ਵਿਚ ਸੁਖਨੈਬ ਸਿੱਧੂ ਅਤੇ ਜੈਕ ਸਰਾਂ ਨੇ ਵੀ ਹਿੱਸਾ ਲਿਆ। ਸੈਸ਼ਨ ਦਾ ਸੰਚਾਲਣ ਰਾਜਪਾਲ ਸਿੰਘ ਨੇ ਕੀਤਾ।

ਪੀਪਲਜ਼ ਲਿਟਰੇਰੀ ਫੈਸਟੀਵਲ ਦੇ ਤੀਜੇ ਦਿਨ ਵਿਚਾਰ ਚਰਚਾ ਵਿੱਚ ਅਦਾਰਾ 23 ਮਾਰਚ ਵੱਲੋਂ ਦੋ ਬੈਠਕਾਂ ਵਿੱਚ ਆਧੁਨਿਕਤਾ, ਯੂਰੋ-ਕੇਂਦਰਿਤ ਵਿਚਾਰਧਾਰਾ, ਮਾਰਕਸਵਾਦ, ਰਾਸ਼ਟਰਵਾਦ ਅਤੇ ਕਿਸਾਨੀ/ਪੇਂਡੂ ਵਸੇਬ ਸਿਧਾਂਤਕ ਚਰਚਾ ਦੇ ਭਖਵੇਂ ਮੁੱਦੇ ਬਣੇ। ਜਸਵੰਤ ਸਿੰਘ ਕੰਵਲ ਯਾਦਗਾਰੀ ਭਾਸ਼ਣ ਸਿਰਲੇਖ ਅਧੀਨ ਭਾਰਤ ਦੇ ਪ੍ਰਮੁੱਖ ਰਾਜਨੀਤੀ ਸਿਧਾਂਤਕਾਰ ਪ੍ਰੋ. ਆਦਿਤਯ ਨਿਗਮ ਨੇ ' ਯੂਰਪੀ ਵਿਚਾਰ ਦੀ ਭਾਰਤੀ ਹੋਣੀ ਦੇ ਸਨਮੁਖ 'ਵਿਸ਼ੇ ਤੇ ਆਪਣੇ ਵਿਸਥਾਰਤ ਭਾਸ਼ਣ ਵਿੱਚ ਕਿਹਾ ਕਿ ਯੂਰਪ ਦਾ ਸਫ਼ਰ ਉਹਨਾਂ ਦਾ ਆਪਣਾ ਯੂਰਪੀਅਨ ਮਾਡਲ ਹੈ, ਸਾਡੇ ਸੰਦਰਭਾਂ ਉਤੇ ਇਸ ਨੂੰ ਇੰਨ-ਬਿੰਨ ਲਾਗੂ ਕਰਨ ਦੀ ਬਿਰਤੀ ਨੇ ਵੱਡੇ ਸੰਕਟ ਖੜੇ ਕੀਤੇ ਹਨ। ਉਦਯੋਗੀਕਰਨ, ਤਕਨੀਕੀ ਤਰੱਕੀ ਦੇ ਜਾਪ ਨੇ ਸਾਨੂੰ ਢੁੱਕਵੇਂ, ਬਦਲਵੇਂ ਚਿੰਤਨੀ ਸੋਮਿਆਂ ਤੋਂ ਕਾਫ਼ੀ ਦੂਰ ਰੱਖਿਆ ਹੈ। ਕਿਰਸਾਣੀ ਖ਼ਤਮ ਨਹੀਂ ਹੋ ਰਹੀ ਸਗੋਂ ਸੰਸਾਰ ਪ੍ਰਬੰਧ ਵਿੱਚ ਕਿਰਸਾਣੀ ਦਾ ਅਸਰ ਵਧ ਰਿਹਾ ਹੈ। ਇਸ ਵਧ ਰਹੇ ਅਸਰ ਨੂੰ ਹਾਲੇ ਢੁੱਕਵੇਂ ਸਿਧਾਂਤਕ ਚੌਖਟੇ ਵਿੱਚ ਬੰਨਣ ਦੀ ਵੰਗਾਰ ਸਾਡੇ ਸਾਹਮਣੇ ਖੜੀ ਹੈ।

'ਪੰਜਾਬੀ ਪੇਂਡੂ ਵਸੇਬ ਦਾ ਹੁਸਨ ਇਖ਼ਲਾਕ' ਸਿਰਲੇਖ ਵਾਲੀ ਦੂਜੀ ਬੈਠਕ ਵਿੱਚ ਪ੍ਰੋ. ਸ਼ੁੱਭਪ੍ਰੇਮ ਬਰਾੜ ਨੇ ਜਸਵੰਤ ਸਿੰਘ ਕੰਵਲ ਦੇ ਨਾਵਲ ਪੂਰਨਮਾਸ਼ੀ ਵਿੱਚ ਪੰਜਾਬੀ ਪਿੰਡ ਦੇ ਸੰਕਲਪ ਅਤੇ ਹਸਤੀ ਬਾਰੇ ਆਪਣੀ ਪੜਤ ਰੱਖੀ। ਅਰਥ ਸ਼ਾਸਤਰੀ ਬਲਦੇਵ ਸਿੰਘ ਸ਼ੇਰਗਿੱਲ ਨੇ ਖੇਤਰੀ ਖੋਜ ਕਾਰਜ ਦੀਆਂ ਲੱਭਤਾਂ ਸਾਂਝੀਆਂ ਕੀਤੀਆਂ ਅਤੇ ਪਿੰਡ ਪੱਧਰ ਦੀਆਂ ਸੰਸਥਾਵਾਂ ਦੀ ਮਜ਼ਬੂਤੀ ਸਦਕਾ ਪਿੰਡ ਨੂੰ ਤਕੜਿਆਂ ਕਰਨ ਦਾ ਸੱਦਾ ਦਿੱਤਾ। ਉਹਨਾਂ ਕਿਸਾਨ ਖ਼ੁਦਕਸ਼ੀਆਂ ਨੂੰ ਸਮਾਜਕ ਕਤਲ ਦਾ ਨਾਂ ਦੇਣ ਦੀ ਵਕਾਲਤ ਕੀਤੀ।ਇਤਿਹਾਸਕਾਰ ਅਤੇ ਡਾਇਰੈਕਟਰ ਅਦਾਰਾ 23 ਮਾਰਚ ਸੁਮੇਲ ਸਿੰਘ ਸਿੱਧੂ ਨੇ ਸੁਰਜੀਤ ਪਾਤਰ, ਲਾਲ ਸਿੰਘ ਦਿਲ, ਸੰਤ ਰਾਮ ਉਦਾਸੀ, ਪਾਸ਼, ਅਮਿਤੋਜ ਆਦਿ ਦੇ ਕਾਵਿ-ਹਵਾਲਿਆਂ ਨਾਲ ਪਿੰਡ ਦੀ ਸਿਮਰਤੀ ਅਤੇ ਸੰਭਾਵਨਾ ਦੇ ਬਰਅਕਸ ਸ਼ਹਿਰੀ ਵਸੇਬ ਦੀ ਉਦਾਸੀਨਤਾ, ਬੇਗਾਨਗੀ ਅਤੇ ਪੰਜਾਬ ਤੋਂ ਬੇਮੁੱਖ ਹੋਣ ਦੇ ਵਰਤਾਰੇ ਨੂੰ ਉਘਾੜਿਆ। ਇਹਨਾਂ ਦਿਲਚਸਪ ਸ਼ੈਸ਼ਨਾਂ ਵਿੱਚ ਸਰੋਤਿਆਂ ਵੱਲੋਂ ਭਰਵੀਂ ਸ਼ਮੂਲੀਅਤ ਸਵਾਲ ਜਵਾਬਾਂ ਦੇ ਰੂਪ ਵਿੱਚ ਕੀਤੀ ਗਈ।

ਪੀਪਲਜ਼ ਲਿਟਰੇਰੀ ਫੈਸਟੀਵਲ ਦੇ ਚੌਥੇ ਅਤੇ ਆਖਰੀ ਦਿਨ ਦੀ ਚਰਚਾ ਵਿੱਚ ਇਹ ਗੱਲ ਉੱਭਰ ਕੇ ਸਾਹਮਣੇ ਆਈ ਕਿ ਧਰਮ ਅਤੇ ਭਾਸ਼ਾ ਕਦੇ ਵੀ ਰਾਸ਼ਟਰਵਾਦ ਦਾ ਅਧਾਰ ਨਹੀਂ ਹੋ ਸਕਦੇ। ਫਾਸ਼ੀਵਾਦ ਅਤੇ ਸਮਕਾਲ ਵਿਸ਼ੇ 'ਤੇ ਆਪਣਾ ਕੁੰਜੀਵਤ ਭਾਸ਼ਣ ਦਿੰਦਿਆਂ ਚਿੰਤਕ ਡਾ.ਪਰਮਿੰਦਰ ਸਿੰਘ ਨੇ ਇਤਿਹਾਸ ਅਤੇ ਬਸਤੀਵਾਦੀ ਦੌਰ ਦੀਆਂ ਮਿਸਾਲਾਂ ਦੇ ਕੇ ਇਹ ਨੁਕਤੇ ਉਭਾਰੇ ਕਿ ਸਾਮਰਾਜੀ ਅਤੇ ਬਸਤੀਵਾਦੀ ਤਾਕਤਾਂ ਸਮਾਜ ਵਿੱਚ ਲੋਕਾਂ ਨੂੰ ਆਪਣੇ ਕਬਜ਼ੇ ਵਿੱਚ ਕਰਨ ਲਈ ਧਰਮ ਅਤੇ ਭਾਸ਼ਾ ਦੀਆਂ ਸਮਾਜ ਵਿੱਚ ਸੌੜੀਆਂ ਵੰਡੀਆਂ ਖੜੀਆਂ ਕਰਦੇ ਰਹੇ। ਸਿੱਟੇ ਵਜੋਂ ਦੁਨੀਆਂ ਵਿੱਚ ਗੈਰ ਕੁਦਰਤੀ ਵੰਡਾਂ ਅਤੇ ਹਿੰਸਾਂ ਦਾ ਸਾਹਮਣਾ ਮਜ਼ਲੂਮ ਲੋਕਾਂ ਨੂੰ ਕਰਨਾ ਪਿਆ।

ਸਵਰਨ ਸਿੰਘ ਦੀ ਅਗਵਾਈ ਵਿੱਚ ਰਸੂਲਪੁਰ ਕਵੀਸ਼ਰੀ ਜੱਥੇ ਵੱਲੋਂ ਇਨਕਲਾਬੀ ਕਵੀਸ਼ਰੀ ਦੀ ਪੇਸ਼ਕਾਰੀ ਦਿੱਤੀ ਗਈ। ਇਸ ਸ਼ੈਸ਼ਨ ਦਾ ਸੰਚਾਲਨ ਡਾ. ਨੀਤੂ ਵੱਲੋਂ ਕੀਤਾ ਗਿਆ। ਸਮਾਗਮ ਦੇ ਮੁੱਖ ਮਹਿਮਾਨ ਡਾ.ਤਰਲੋਕ ਬੰਧੂ ਨੇ ਕਿਹਾ ਕਿ ਅਜਿਹੇ ਲਿਟਰੇਰੀ ਫੈਸਟੀਵਲ ਲੋਕ ਚੇਤਨਾ ਨੂੰ ਪੈਦਾ ਕਰਨ ਵਿੱਚ ਵੱਡਾ ਰੋਲ ਨਿਭਾਉਂਦੇ ਹਨ। ਇਸ ਮੌਕੇ ਕੇਂਦਰੀ ਲੇਖਕ ਸਭਾ ਸਿਰਸਾ ਅਤੇ ਨਵਰੀਤ ਬਲੱਡ ਡੋਨਰਜ਼ ਸੁਸਾਇਟੀ ਬਰਗਾੜੀ ਦਾ ਲੋਕ ਪੱਖੀ ਕਾਰਜਾਂ ਲਈ ਸਨਮਾਨ ਕੀਤਾ ਗਿਆ।

ਪੀਪਲਜ਼ ਲਿਟਰੇਰੀ ਫੈਸਟੀਵਲ ਦਾ ਆਖਰੀ ਸ਼ੈਸ਼ਨ ਡਾ. ਸਾਹਿਬ ਸਿੰਘ ਵੱਲੋਂ ਨਾਟਕ ' ਸੰਮਾਂ ਵਾਲੀ ਡਾਂਗ' ਦੀ ਪੇਸ਼ਕਾਰੀ ਨਾਲ ਆਪਣੇ ਸਿਖਰ ਪਹੁੰਚ ਗਿਆ। ਆਹਲਾ ਅਦਾਕਾਰੀ ਅਤੇ ਮਜ਼ਬੂਤ ਸਕਰਿਪਟ ਨੇ ਦਰਸ਼ਕਾਂ ਨੂੰ ਆਪਣੇ ਨਾਲ ਵਹਾ ਲਿਆ। ਪੀਪਲਜ਼ ਲਿਟਰੇਰੀ ਫੈਸਟੀਵਲ ਦੌਰਾਨ ਲੱਗੀ ਪੁਸਤਕ ਪ੍ਰਦਰਸ਼ਨੀ ਵਿੱਚ ਲੋਕਾਂ ਨੇ ਦਿਲਚਸਪੀ ਦਿਖਾਉਂਦਿਆਂ ਸੈਂਕੜੇ ਮਨਪਸੰਦ ਪੁਸਤਕਾਂ ਦੀ ਖਰੀਦਦਾਰੀ ਕੀਤੀ। ਫੋਟੋਗ੍ਰਾਫਰ ਵਰਿੰਦਰ ਸ਼ਰਮਾਂ ' ਰੰਗ ਕੁਦਰਤ ਦੇ' ਸਿਰਲੇਖ ਅਧੀਨ ਪੰਛੀਆਂ ਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਲਗਾਈ ਗਈ। ਫੈਸਟੀਵਲ ਦੌਰਾਨ ਲੋਕਾਂ ਨੇ ਸ਼ਹਿਦ ਅਤੇ ਗੁੜ ਦੀਆਂ ਸਟਾਲਾਂ ਵਿੱਚ ਵੀ ਦਿਲਚਸਪੀ ਦਿਖਾਈ। ਪੰਜਾਬ ਕਲਾ ਪ੍ਰੀਸ਼ਦ, ਚੰਡੀਗੜ੍ਹ, ਭਾਸ਼ਾ ਵਿਭਾਗ ਪੰਜਾਬ, ਅਦਾਰਾ 23 ਮਾਰਚ ਨੇ ਪੀਪਲਜ਼ ਲਿਟਰੇਰੀ ਫ਼ੈਸਟੀਵਲ ਆਯੋਜਤ ਕਰਨ ਵਿੱਚ ਵਡਮੁੱਲਾ ਸਹਿਯੋਗ ਦਿੱਤਾ।

# ਭਾਰਤੀ ਸੰਵਿਧਾਨਗਾਜ਼ੀ ਦਾ ਕੱਚ-ਸੱਚ

ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਅੱਜ ਦੇ ਦਿਨ 'ਇਕ ਦੇਸ਼ ਇਕ ਚੋਣ' ਦੇ ਮਸਲੇ ਨੇ ਭਾਰਤੀ ਸੰਵਿਧਾਨਗਾਜ਼ੀ ਦੀਆਂ ਜੜ੍ਹਾਂ ਲੱਭਣ ਦਾ ਆਹਰ ਏਨਾ ਗੰਭੀਰ ਬਣਾ ਛੱਡਿਆ ਹੈ ਕਿ ਸੰਸਦੀ ਰੌਲੇ-ਰੱਪੇ ਨੇ ਕੇਂਦਰ ਦੀ ਸਰਕਾਰ ਨੂੰ ਇਸਦੇ ਨਬੇੜੇ ਲਈ ਜੇਪੀਸੀ ਬਿਠਾਉਣ ਲਈ ਮਜਬੂਰ ਕਰ ਦਿੱਤਾ, ਜਿਸ ਦੀ ਪਹਿਲੀ ਮੀਟਿੰਗ ਅੱਠ ਜਨਵਰੀ 2025 ਨੂੰ ਹੋਣ ਜਾ ਰਹੀ ਹੈ। ਇਹ ਵੀ ਤੈਅ ਹੋ ਚੁੱਕਿਆ ਹੈ ਕਿ ਇਹ ਕਮੇਟੀ ਅਗਲੇ ਪਾਰਲੀਮੈਂਟ ਸੈਸ਼ਨ ਦੇ ਆਖਰੀ ਹਫ਼ਤੇ ਦੇ ਪਹਿਲੇ ਦਿਨ ਤੱਕ ਆਪਣੀ ਰਿਪੋਰਟ ਭੇਜ ਦੇਵੇਗੀ। ਪਾਠਕ ਇਸ ਦਾ ਕੱਚ-ਸੱਚ ਜਾਨਣ ਲਈ ਉਤਸਕ ਹੋਣਗੇ ਜਿਸ ਵਿਚ ਹੋਰਨਾਂ ਤੋਂ ਬਿਨਾਂ ਮਹਾਤਮਾ ਗਾਂਧੀ ਤੇ ਬੀ.ਆਰ. ਅੰਬੇਡਕਰ ਦਾ ਯੋਗਦਾਨ ਉਚੇਚਾ ਵੀ ਹੈ ਤੇ ਗੌਲਣਯੋਗ ਵੀ। ਸੁਤੰਤਰਤਾ ਸੰਗਰਾਮ ਵਿਚ ਗ਼ੈਰ-ਹਾਜ਼ਰ ਮੰਨੀ ਜਾਂਦੀ ਭਾਜਪਾ ਵਲੋਂ ਕਾਂਗਰਸ ਦੀ ਭੂਮਿਕਾ ਨੂੰ ਛਾਂਗਣ ਸਮੇਤ।

ਚੇਤੇ ਰਹੇ ਕਿ ਬੀ.ਆਰ. ਅੰਬੇਡਕਰ ਨੂੰ ਖਰੜਾ ਕਮੇਟੀ ਦਾ ਚੇਅਰਮੈਨ ਥਾਪਣ ਵਿਚ ਮਹਾਤਮਾ ਗਾਂਧੀ ਦਾ ਖਾਸ ਹੱਥ ਸੀ ਜਿਸਨੇ ਖਰੜਾ ਤਿਆਰ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਪਰ ਖਰੜਾ ਕਮੇਟੀ ਦੀ ਬਿਲਕੁਲ ਆਜ਼ਾਦ ਹਸਤੀ ਨਹੀਂ ਸੀ। ਸੰਵਿਧਾਨ ਦੇ ਖਰੜੇ ਨੂੰ ਕਈ ਵਿਸ਼ਾ ਕਮੇਟੀ ਦੇ ਮਸ਼ਵਰੇ ਤੇ ਸਿਫਾਰਿਸ਼ਾਂ ਮੁਤਾਬਿਕ ਵਿਚਾਰਿਆ ਗਿਆ, ਸੋਧ ਹੋਈ ਤੇ ਅਖ਼ੀਰ ਇਸ ਨੂੰ ਵਿਆਪਕ ਸੰਵਿਧਾਨ ਸਭਾ ਨੇ ਅਪਣਾਇਆ। ਇਹ ਮਹੱਤਵਪੂਰਨ ਪੱਖ ਧਿਆਨ 'ਚ ਰੱਖਣ ਵਾਲਾ ਹੈ ਕਿ ਖ਼ਾਸ ਤੌਰ 'ਤੇ ਬਹੁਤੀਆਂ ਚਰਚਾਵਾਂ 'ਚ ਅੰਬੇਡਕਰ ਆਪਣੀ ਰਾਇ ਨਹੀਂ ਰੱਖ ਰਹੇ ਸਨ ਬਲਕਿ ਵਿਸ਼ਾ ਕਮੇਟੀਆਂ 'ਚ ਵਿਚਾਰੀਆਂ ਗਈਆਂ ਖਰੜੇ ਦੀਆਂ ਸੋਧਾਂ ਵੱਲੋਂ ਆਪਣੀ 'ਵਕਾਲਤ' ਕਰ ਰਹੇ ਸਨ।

ਸੰਵਿਧਾਨ ਉੱਤੇ ਹੋਈ ਵਿਚਾਰ-ਚਰਚਾ 'ਚ ਨਹਿਰੂ ਨੇ ਸਭ ਤੋਂ ਅਹਿਮ ਰੋਲ ਨਿਭਾਇਆ। ਸੰਵਿਧਾਨ ਨਿਰਮਾਣ ਦੀ ਪ੍ਰਕਿਰਿਆ 13 ਦਸੰਬਰ 1946 ਨੂੰ ਨਹਿਰੂ ਵੱਲੋਂ ਉਦੇਸ਼ ਤੇ ਟੀਚਿਆਂ ਬਾਰੇ ਮਤਾ ਪੇਸ਼ ਕਰਨ ਨਾਲ ਸ਼ੁਰੂ ਹੋਈ, ਜੋ ਬਾਅਦ ਵਿਚ ਪ੍ਰਸਤਾਵਨਾ ਬਣੀ। ਲਾਮਿਸਾਲ ਉਦੇਸ਼ ਜਿਹੜੇ ਮਤੇ ਨੇ ਪਰਿਭਾਸ਼ਿਤ ਕੀਤੇ, ਉਸ 'ਚ ਭਾਰਤ ਨੂੰ ਇੱਕ ਆਜ਼ਾਦ ਖ਼ੁਦਮੁਖ਼ਤਾਰ ਗਣਰਾਜ ਐਲਾਨਿਆ ਗਿਆ ਜਿਸ 'ਚ ਸਾਰੀਆਂ ਸ਼ਕਤੀਆਂ 'ਲੋਕਾਂ ਵੱਲੋਂ ਆਉਣਗੀਆਂ', ਭਾਰਤ ਦੇ ਸਾਰੇ ਲੋਕਾਂ ਨੂੰ ਸਮਾਜਿਕ, ਆਰਥਿਕ ਤੇ ਰਾਜਨੀਤਕ ਨਿਆਂ ਦੀ ਗਾਰੰਟੀ ਸਮਾਨਤਾ, ਮੌਕਿਆਂ ਦੇ ਪੱਖ ਤੋਂ, ਤੇ ਕਾਨੂੰਨ ਅੱਗੇ ਪ੍ਰਗਟਾਵੇ ਤੇ ਵਿਚਾਰਾਂ ਦੀ ਆਜ਼ਾਦੀ, ਆਸਥਾ, ਵਿਸ਼ਵਾਸ, ਪੂਜਾ, ਕੰਮਕਾਰ, ਜੁੜਾਅ ਤੇ ਕਿਰਿਆ ਦੀ ਸੁਤੰਤਰਤਾ, ਕਾਨੂੰਨ ਤੇ ਜਨਤਕ ਨੈਤਿਕਤਾ ਦੇ ਦਾਇਰੇ ਵਿਚ ਦਿੱਤੀ ਗਈ।''

ਪ੍ਰਸਤਾਵਨਾ ਦੇ ਉਦੇਸ਼ਾਂ 'ਚ ਮੁੱਢਲਾ ਸਿਧਾਂਤਕ ਢਾਂਚਾ ਹੈ, ਜਿਸ ਨੇ ਸਾਡੇ ਵਿਲੱਖਣ ਸੰਵਿਧਾਨ ਨੂੰ ਸਥਿਰਤਾ ਤੇ ਦ੍ਰਿੜ੍ਹਤਾ ਦਿੱਤੀ ਹੈ। ਇਸ ਦਾ ਸਿਹਰਾ ਜ਼ਿਆਦਾਤਰ ਸੰਵਿਧਾਨ ਸਭਾ ਦੀਆਂ ਚਰਚਾਵਾਂ 'ਚ ਘੜੇ ਗਏ ਦ੍ਰਿਸ਼ਟੀਕੋਣਾਂ ਨੂੰ ਜਾਂਦਾ ਹੈ, ਪਰ ਕਿਸੇ ਵੀ ਤਰ੍ਹਾਂ ਅਜਿਹਾ ਨਹੀਂ ਸੀ ਕਿ ਇਸ ਸਭ ਨੂੰ ਟਾਲਿਆ ਨਾ ਜਾ ਸਕਦਾ ਹੋਵੇ। ਬੁਨਿਆਦੀ ਹੱਕਾਂ ਤੇ ਬਾਲਗ ਅਧਿਕਾਰਾਂ 'ਤੇ ਆਧਾਰਿਤ ਸੰਵਿਧਾਨਵਾਦ ਨੇ ਇਤਿਹਾਸ, ਆਸਥਾ ਤੇ ਪਛਾਣ ਤੋਂ ਨਾਤਾ ਤੋੜ, ਇਸ ਦੀ ਬਜਾਏ ਬਸਤੀਵਾਦੀ ਵਿਰੋਧੀ ਲੋਕ ਰਾਸ਼ਟਰਵਾਦ ਨੂੰ ਸੰਵਿਧਾਨ 'ਚ ਦਰਜ ਬਰਾਬਰ ਅਧਿਕਾਰਾਂ ਦੇ ਉਦੇਸ਼ ਨਾਲ ਜੋੜਿਆ। ਉੱਨ੍ਹੀਵੀਂ ਸਦੀ ਤੇ ਬਾਅਦ ਦੇ ਸਾਲਾਂ ਅਤੇ ਵੀਹਵੀਂ ਸਦੀ ਦੀ ਸ਼ੁਰੂਆਤ ਵਿਚ ਉੱਠੀਆਂ ਬਸਤੀਵਾਦ ਵਿਰੋਧੀ ਤੇ ਜਾਤੀ ਵਿਰੋਧੀ ਸਮਾਜ ਸੁਧਾਰ ਲਹਿਰਾਂ ਨੇ ਫ਼ੈਸਲਾਕੁਨ ਭੂਮਿਕਾ ਨਿਭਾਈ।

ਭਾਰਤ ਵੱਲੋਂ ਇੱਕ ਅਜਿਹੇ ਸੰਵਿਧਾਨ ਨੂੰ ਅਪਨਾਉਣਾ, ਜਿਸ 'ਚ ਹਰੇਕ ਨਾਗਰਿਕ ਲਈ ਰਾਜਨੀਤਕ ਸਮਾਨਤਾ ਸਮੋਈ ਹੋਈ ਸੀ, ਆਧੁਨਿਕ ਸੰਸਾਰ ਦੀ ਬਹੁਤ ਵੱਡੀ ਮਾਨਵੀ ਤੇ ਸਿਆਸੀ ਉਪਲਬਧੀ ਸੀ। ਇਸ ਨੂੰ ਹਾਲਾਕਿ, ਹੁਣ ਦੀਆਂ ਸਥਿਤੀਆਂ 'ਚ ਉਸ ਸਮੇਂ ਪੱਕਾ ਮੰਨ ਕੇ ਨਹੀਂ ਚੱਲਿਆ ਜਾ ਸਕਦਾ, ਜਦੋਂ ਰਾਜਨੀਤੀ ਨੇ ਇਸ ਤਰ੍ਹਾਂ ਦੀਆਂ ਬਹੁਗਿਣਤੀਆਂ ਦਾ ਭਾਵ ਪੈਦਾ ਕਰ ਦਿੱਤਾ ਹੈ ਜਿਹੜੀਆਂ 'ਖ਼ਾਸ ਪਛਾਣਾਂ' 'ਤੇ ਆਧਾਰਿਤ ਹਨ। ਜੇਪੀਸੀ ਦੇ 39 ਮੈਂਬਰਾਂ ਵਿਚੋਂ ਨਾ ਲੋਕ ਸਭਾ ਦੇ 12 ਰਾਜ ਸਭਾ ਵਿਚੋਂ ਹਨ ਤੇ ਇਸਦੇ ਪ੍ਰਧਾਨ ਭਾਜਪਾ ਆਗੂ ਪੀ ਪੀ ਚੌਧਰੀ ਹਨ। ਆਸ ਹੈ ਕਿ ਇਹ ਕਮੇਟੀ ਭਾਰਤ ਦੇ ਸਾਰੇ ਨਾਗਰਿਕਾਂ ਲਈ ਰਾਜਨੀਤਕ ਸਮਾਨਤਾ ਵਾਲੇ ਇਸ ਸਥਾਨ ਨੂੰ ਮੁੱਖ ਰਖਦਿਆਂ ਹੀ ਆਪਣੀ ਰਿਪੋਰਟ ਦੇਵੇਗੀ।

### *ਚਾਰੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਕੁਰਬਾਨੀ*

ਇਹ ਸਮਾਂ ਸਾਹਿਬਜ਼ਾਦਾ ਅਜੀਤ ਸਿੰਘ, ਜੁਝਾਰ ਸਿੰਘ, ਜ਼ੋਰਾਵਰ ਸਿੰਘ, ਫਤਿਹ ਸਿੰਘ ਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਕੁਰਬਾਨੀ ਸਮੇਤ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਬੇਮਿਸਾਲ ਦੇਣ ਨੂੰ ਚੇਤੇ ਕਰਨ ਦਾ ਹੈ। ਕੋਟਿ ਕੋਟਿ ਪ੍ਰਣਾਮ!

### *ਗੁਰਸ਼ਰਨ ਸਿੰਘ ਦੀ ਯਾਦ ਵਿਚ ਨਾਟ ਉਤਸਵ*

ਇਨ੍ਹਾਂ ਦਿਨਾਂ ਵਿਚ ਸੁਚੇਤਕ ਰੰਗ ਮੰਚ ਵਲੋਂ ਗੁਰਸ਼ਰਨ ਸਿੰਘ ਦੀ ਯਾਦ ਵਿਚ ਨਾਟ ਉਤਸਵ ਰਚਾ ਕੇ ਪੰਜਾਬੀ ਨਾਟਕਕਾਰੀ ਤੇ ਮੰਚਨ ਦੀ ਉਸ ਹਸਤੀ ਨੂੰ ਚੇਤੇ ਕੀਤਾ ਗਿਆ ਹੈ ਜਿਸਨੇ ਇਸ ਕਲਾ ਨੂੰ ਪਿੰਡਾਂ ਦੀਆਂ ਗਲੀਆਂ ਮੁਹੱਲਿਆਂ ਤੱਕ ਪਹੁੰਚਾਇਆ। ਮੈਂ ਇਸਦੀ ਪੇਸ਼ਕਾਰੀ ਦੇ ਦੋ ਰੰਗ 'ਜਿਨ੍ਹਾਂ ਲਾਹੌਰ ਨਹੀਂ ਦੇਖਿਆ' ਤੇ 'ਰੀਟੇਕ ਜ਼ਿੰਦਗੀ' ਲੰਘੇ ਸਪਤਾਹ ਪੰਜਾਬ ਕਲਾ ਪ੍ਰੀਸ਼ਦ ਦੇ ਰੰਧਾਵਾ ਆਡੀਟੋਰੀਅਮ ਵਿਚ ਵੇਖੇ ਹਨ। ਲਾਹੌਰ ਨਾਲ ਸਬੰਧਤ ਨਾਟਕ ਅਸਗ਼ਰ ਵਜਾਹਦ ਦੀ ਰਚਨਾ ਉੱਤੇ ਉਸਾਰਿਆ ਗਿਆ ਹੈ ਜਿਹੜੇ 1947 ਦੀ ਦੇਸ਼ ਵੰਡ ਦੇ ਦੁਖਾਂਤ ਨੂੰ ਵੇਖਣ ਤੇ ਪ੍ਰਵਾਨ ਕਰਨ ਦਾ ਉਪਰਾਲਾ ਮਾਤਰ ਹੈ। 'ਰੀਟੇਕ ਜ਼ਿੰਦਗੀ' ਦੰਪਤੀ ਜੀਵਨ ਵਿਚ ਸਮੇਂ-ਸਮੇਂ ਆ ਰਹੀਆਂ ਤ੍ਰੇੜਾਂ ਦੀ ਏਨੀ ਖ਼ੂਬਸੂਰਤ ਪੇਸ਼ਕਾਰੀ ਹੈ ਕਿ ਹਰ ਜੋੜੀ ਇਸਨੂੰ ਮਾਣਦੀ ਵੀ ਹੈ। ਨਿਭਾਉਂਦੀ ਵੀ ਹੈ। ਦੋਵਾਂ ਨਾਟਕਾਂ ਦੇ ਮੰਚਨ ਦੀ ਵਿਉਂਤਬੰਦੀ ਸ਼ਬਦੀਸ਼ ਜੋੜੀ ਦੀ ਹੈ। ਪਿਛੋਕੜ ਦੀ ਗਾਇਕੀ ਦੇ ਰੂਪ ਵਿਚ ਵੀ ਤੇ ਸਟੇਜੀ ਬਿਰਤਾਂਤ ਵਿਚ ਵੀ। ਏਥੇ ਕੇਵਲ ਧਾਲੀਵਾਲ ਦੀ ਅਦਾਕਾਰੀ (ਜਿਨ੍ਹਾਂ ਲਾਹੌਰ ਨਹੀਂ ਦੇਖਿਆ) ਤੇ ਲੱਖਾ ਲਹਿਰੀ ਦੀ ਰਚਨਾਕਾਰੀ ਤੇ ਨਿਰਦੇਸ਼ਨ (ਰੀਟੇਕ ਜ਼ਿੰਦਗੀ) ਨੂੰ ਸ਼ਬਦੀਸ਼ ਦੇ ਕਾਵਿਕ ਬੋਲ ਲੋੜੀਂਦੇ ਅਰਥ ਪ੍ਰਦਾਨ ਕਰਦੇ ਹਨ। ਥੱਲੇ ਦਰਜ ਅੰਤਿਕਾ ਦੇ ਚੋਣਵੇਂ ਬੋਲ ਇਸਦੀ ਪੁਸ਼ਟੀ ਕਰਨਗੇ।

**ਅੰਤਿਕਾ**

ਸ਼ਬਦੀਸ਼॥
ਜ਼ਮੀਂ ਜਹਾਨ ਤੇਰਾ, ਇਹ ਆਸਮਾਨ ਤੇਰਾ
ਲਾਹੌਰ ਸ਼ਹਿਰ ਮੇਰਾ, ਇਹ ਘਰ ਮਕਾਨ ਮੇਰਾ
ਇਸ ਸੁਪਨ ਮਹਿਲ ਅੰਦਰ, ਗੁਜ਼ਰੇ ਹਯਾਤੀ ਮੇਰੀ
ਉਮਰਾਂ ਦਾ ਪੰਧ ਮੇਰਾ, ਫਿਰ ਸਭ ਸਮਾਨ ਤੇਰਾ
ਰਾਵੀ ਕਦੇ ਨਹੀਂ ਮੁੜਨੀ, ਗੱਡੀ ਜਾ ਮੀਲ ਪੱਥਰ
ਹੱਦਾਂ 'ਤੇ ਤੰਗ ਦਾਇਰੇ, ਖ਼ਾਬਾਂ ਦਾ ਖੁੱਲ੍ਹਾ ਘੇਰਾ
ਇੱਕ ਵਾਰ ਤੁਰ ਗਿਆਂ ਦੇ, ਪੈਂਡੇ ਕਦੇ ਨੀ ਮੁੱਕਣੇ
ਰਾਹਾਂ 'ਚ ਗੁੰਮ ਗਿਆਂ ਦਾ, ਵੱਜਣਾ ਨੀ ਫ਼ੇਰ ਫੇਰਾ।

## ਨਵੇਂ ਸਾਲ ਨੂੰ ਸਮਰਪਿਤ

### ਖੁਸ਼ੀਆਂ ਭਰਿਆ ਸਾਲ ਆਵੇ

ਖੁਸ਼ੀਆਂ ਭਰਿਆ ਸਾਲ ਆਵੇ
ਸਭ ਦੇ ਖੇੜੇ ਭਾਗ ਲਾਵੇ
ਤੰਗੀਆਂ ਮੁੱਕਣ ਆਏ ਸਰੱਗੀ
ਗੱਭਰੂ ਨਾ ਕੋਈ ਧੱਕੇ ਖਾਵੇ।

ਕੋਈ ਕਰੇ ਨਾ ਕਿਸੇ ਨਾਲ ਧੋਖਾ
ਨਾ ਕੋਈ ਹੱਕ ਗਰੀਬ ਦਾ ਖਾਵੇ
ਪੈਂਦੇ ਰਹਿਣ ਸਦਾ ਗਿੱਧੇ ਭੰਗੜੇ
ਹਰ ਕੋਈ ਵਾਤਾਵਰਣ ਬਚਾਵੇ।

ਬੱਚਿਆਂ ਹੱਥ ਕਿਤਾਬਾਂ ਹੋਵਣ
ਬਸਤੇ ਦਾ ਕੋਈ ਭਾਰ ਘਟਾਵੇ
ਲੋੜ ਮੁਤਾਬਿਕ ਟੀਚਰ ਹੋਵਣ
ਰੌਸ਼ਨ ਸਭ ਦਾ ਰਾਹ ਹੋ ਜਾਵੇ।

ਸਭ ਨੂੰ ਮਿਲੇ ਸਿਹਤ ਸੁਰੱਖਿਆ
ਨਾ ਕੋਈ ਰੁੱਖੀ-ਮਿੱਸੀ ਖਾਵੇ
ਵਿਹਲੜ ਨਾ ਕੋਈ ਕਰੇ ਖਰੂਦ
ਉੱਠ ਸਵੇਰੇ ਕੰਮ 'ਤੇ ਜਾਵੇ।

ਆਗੂ ਬਣਨ ਕਲਾਮ ਜਿਹੇ
ਹਰ ਕੋਈ ਇਥੇ ਕਿਰਤ ਕਮਾਵੇ
ਹਰ ਵਾਸੀ ਦੇਸ਼ ਮੇਰੇ ਦਾ
ਉੱਚੀਆਂ ਉਡਾਰੀਆਂ ਲਾਵੇ।

ਭੁੱਖ, ਗਰੀਬੀ ਤੇ ਵੱਢੀਖੋਰੀ
ਦੂਰ ਕਿਤੇ ਉੱਡ ਜਾਵੇ
ਹੱਕ-ਸੱਚ ਇਨਸਾਫ ਮਿਲੇ
ਨਾ ਕੋਈ ਧਰਨੇ ਲਾਵੇ।

ਸਭ ਨਾਲ 'ਮਾਨ' ਪਏ ਮੁਹੱਬਤ
ਦੇਸ਼ ਨਾ ਕੋਈ ਜੰਗ ਲਾਵੇ
ਮਜ਼੍ਹਬਾਂ ਦੇ ਨਾ ਹੋਵਣ ਝਗੜੇ
ਦੁਨੀਆਂ ਫਿਰ ਤਰੱਕੀ ਪਾਵੇ।

***-ਬਲਜਿੰਦਰ ਮਾਨ***
***ਫੋਨ: 98150-18947***

---

### ਨਵਾਂ ਸਾਲ ਮੁਬਾਰਕ!

ਨਵੇਂ ਸਾਲ ਦੀ ਲਓ ਵਧਾਈ।
ਵਧੋ ਫੁੱਲੋ, ਘਟੋ ਰਤਾ ਨਾ ਭਾਈ।
ਦੁੱਖ ਆਵੇ ਤਾਂ ਸੁੱਖ ਹੀ ਜਾਪੇ।
ਸੁੱਖੀਂ ਦਾਤਾ ਨਾ ਭੁੱਲੇ ਭਾਈ।
ਨਵੇਂ ਸਾਲ ਦੀ ਲਓ ਵਧਾਈ।

ਕਿਰਤ ਸ਼ੁਭ ਕਰਨਾ, ਭੀ ਵੰਡ ਛਕਣਾ।
ਦੀਨ ਦੁਖੀ ਦਾ ਦਰਦ ਦਿਲ ਰੱਖਣਾ।
ਖੋਹ ਖਾਣਾ ਨਾ ਰੱਬ ਨੂੰ ਭਾਏ।
ਦਰਗਾਹ ਦੀ ਨਾ ਇੰਜ ਰਸਾਈ।
ਨਵੇਂ ਸਾਲ ਦੀ ਲਓ ਵਧਾਈ।

ਰਲ ਮਿਲ ਰਹਿਣਾ, ਉੱਚਾ ਨਹੀਂ ਕਹਿਣਾ।
ਨਿਵ ਨਿਵ ਚੱਲਣਾ, ਰੁੱਖਾ ਬੋਲ ਸਹਿਣਾ।
ਹਉਂ ਹੰਕਾਰ ਬੁਰਾ ਹੈ ਦੀਰਘ,
ਰੋਗ ਅਵੱਲਾ, ਨਾ ਕਿਤੇ ਦਵਾਈ।
ਨਵੇਂ ਸਾਲ ਦੀ ਲਓ ਵਧਾਈ।

ਦਿਲ, ਦਰਿਆ, ਚੌਗਿਰਦ ਸੰਭਾਲੋ।
ਗੰਦ ਸੁੱਟਣ ਦੀ ਥਾਂ ਸਹੀ ਭਾਲੋ।
ਦਵਾ ਦਾਰੂ ਦੀ ਲੋੜ ਨਾ ਜਾਪੇ।
ਰਹੋ ਸਿਹਤਮੰਦ ਰੱਖੋ ਸਫ਼ਾਈ।
ਨਵੇਂ ਸਾਲ ਦੀ ਲਓ ਵਧਾਈ।

ਮਿਲੇ ਆਜ਼ਾਦੀ ਦਾ ਹੱਕ ਸਭ ਨੂੰ।
ਰੋਹਬ ਦਾਬ ਨਾ ਕਿਸੇ 'ਤੇ ਰੱਖ ਤੂੰ।
ਗੋਰਾ ਕਾਲਾ ਭੂਰਾ ਬਰਾਬਰ,
ਵੱਡਾ ਛੋਟਾ ਕੋਈ, ਰਤੀ ਨਾ ਰਾਈ
ਨਵੇਂ ਸਾਲ ਦੀ ਲਓ ਵਧਾਈ।

ਜੰਗ ਬਰੂਦੀ ਰੋਕੇ ਨਿਹਚਲ।
ਦੁਨੀਆ ਮਰਦੀ ਜਾਏ ਪਲ-ਪਲ।
ਨੱਥ ਪਾਵੇ ਵਣਜਾਰਿਆਂ ਦੇ ਨੱਕ,
ਅਮਨ ਦਾ ਉੱਠੇ ਵਪਾਰੀ ਕਾਈ।
ਨਵੇਂ ਸਾਲ ਦੀ ਲਓ ਵਧਾਈ।
ਵਧੋ ਫੁੱਲੋ, ਰਤਾ ਘਟੋ ਨਾ ਭਾਈ।

***-ਗੁਰਬਖਸ਼ ਸਿੰਘ 'ਨਾਕਾਮ'***
***+1 864-318-5500***

---

### ਨਵੇਂ ਸਾਲ ਦਾ ਸੰਦੇਸ਼

ਕੋਰੇ ਕਾਗਜ਼ ਦੀ ਹਿੱਕੜੀ ਉੱਤੇ,
ਕੁੱਝ ਕੁ ਝਰੀਟਾਂ ਮੈਂ ਭੀ ਵਾਹਵਾਂ।
ਉੱਤਰ, ਦੱਖਣ, ਪੂਰਬ, ਪੱਛਮ ਤੋਂ,
ਸ਼ਾਂਤੀ ਦੀਆਂ ਹੀ ਉੱਠਣ ਸਦਾਵਾਂ!

ਮਜ਼੍ਹਬ, ਜਾਤ, ਨਸਲ ਭੇਦ ਨ ਹੋਵੇ,
ਰਲ-ਮਿਲ ਰਹਿਣ ਵਾਂਗ ਭਰਾਵਾਂ!
ਛੇੜਾਂ ਫਿਰ ਰਾਗ ਮੁਹੱਬਤਾਂ ਵਾਲੇ,
ਨਵਾਂ ਤਰਾਨਾ ਕੋਈ ਕੌਮੀ ਗਾਵਾਂ!

ਨਫ਼ਰਤ ਦੀ ਦੀਵਾਰ ਢਹਿ ਜਾਏ,
ਦਿਲੋਂ ਨਿੱਤ ਹੀ ਮੈਂ ਇਹੋ ਚਾਹਵਾਂ!
ਉੱਚ-ਨੀਚ ਦਾ ਪਾੜਾ ਮੁੱਕ ਜਾਏ,
ਸਿੱਧੀਆਂ ਸਮਤਲ ਹੋਵਣ ਰਾਹਵਾਂ!

ਕਾਲ਼ੇ ਬੱਦਲ ਜੰਗ ਦੇ ਛੱਟ ਜਾਵਣ,
ਸੁੱਖ ਦੀਆਂ ਆਉਣ ਬੰਦੇ ਨੂੰ ਸਾਹਵਾਂ!
ਮਹਿਲ ਮੁਨਾਰੇ ਜਗਦੇ ਰਹਿਵਣ,
ਝੁੱਗੀ 'ਚ ਛਿੱਟ ਚਾਨਣ ਦੀ ਚਾਹਵਾਂ!

ਜੱਗ ਮਾਹੀ ਦਾ ਰਹੇ ਘੁੱਗ ਵਸਦਾ,
ਮੁੱਦਤਾਂ ਤੋਂ ਮੈਂ ਇੰਝ ਕਰਾਂ ਦੁਆਵਾਂ!
ਨਵਾਂ ਸਾਲ ਮੁਬਾਰਕ ਦੁਨੀਆਂ ਨੂੰ,
ਹਮੇਸ਼ਾਂ ਇਹ ਕਰਦਾ ਰਹਾਂ ਦੁਆਵਾਂ!

***-ਸੇਵਾ ਸਿੰਘ 'ਨੂਰਪੁਰੀ'***

---

### ਨਵਾਂ ਵਰ੍ਹਾਂ ਮੁਬਾਰਕ

ਗਿਰਦ ਸੂਰਜ ਦੇ ਘੁੰਮ ਰਹੀ ਧਰਤੀ
ਗੇੜ੍ਹਾ ਇੱਕ ਮੁਕਾਵੇ।
ਬਦਲਦੀਆਂ ਰੁੱਤਾਂ ਦਾ ਇਹ ਚੱਕਰ
ਇੱਕ ਵਰ੍ਹਾ ਕਹਿਲਾਏ।

ਨਾ ਜਾਦੂ ਨਾ ਕਰਾਮਾਤ ਇਹ
ਕੁਦਰਤ ਦੀ ਜੋ ਮਾਇਆ,
ਆਪੇ ਕਾਦਰ ਆਪੇ ਕੁਦਰਤ
ਜੋ ਕਿਆਨਾਤ ਅਖਵਾਏ।

ਅਗਿਆਨ ਬਿਨਾਂ ਕੋਈ ਭੇਤ ਨਹੀਂ ਹੈ
ਇਸ ਦੁਨੀਆਂ ਦੇ ਵਿੱਚੇ,
ਵਿਗਿਆਨਕ ਨਿਯਮਾਂ ਨਾਲ ਇਹ ਕੁਦਰਤ
ਬ੍ਰਹਿਮੰਡ ਤਾਈਂ ਚਲਾਵੇ।

ਹੋਰ ਫ਼ੇਰੀ ਜੋ ਧਰਤੀ ਆਪਣੇ
ਧੁਰੇ ਦੁਆਲੇ ਲਾਉਂਦੀ,
ਚੌਵੀ ਘੰਟੇ ਵਿੱਚ ਇਹ ਫ਼ੇਰੀ
ਦਿਨ ਤੇ ਰਾਤ ਬਣਾਵੇ।

ਹਰ ਵਰ੍ਹੇ ਧਰਤੀ ਇਕ ਚੱਕਰ
ਸੂਰਜ ਗਿਰਦ ਲਗਾਉਂਦੀ,
ਧਰਤੀ ਮਾਂ ਇੰਝ ਗੇੜੇ ਰੁੱਤਾਂ
ਇਕ ਜਾਵੇ ਇਕ ਆਵੇ।

ਚਾਰ ਅਰਬ ਵਰ੍ਹਿਆਂ ਤੋਂ ਧਰਤੀ
ਗੇੜ੍ਹ ਰਹੀ ਇੰਝ ਰੁੱਤਾਂ,
ਨਾ ਦੇਰੀ ਨਾ ਰੁਕਦੀ ਧਰਤੀ
ਨਿਰੰਤਰ ਚੱਲਦੀ ਜਾਵੇ।

ਧਰਤੀ ਮਾਂ ਦੇ ਜਾਇਓ ਬੰਦਿਓ
ਲੈ ਧਰਤੀ ਤੋਂ ਜੇਰਾ,
ਜੋ ਨਾ ਢੇਰੀ ਢਾਹਵੇ 'ਪਰਖਿਆ'
ਹੱਥ ਆਸਮਾਨੀਂ ਲਾਵੇ।

***-ਡਾ. ਸੁਖਪਾਲ ਸੰਘੇੜਾ ਉਰਫ਼ 'ਪਰਖ਼ਾ'***

---

### ਪੱਚੀ ਲਈ ਦੁਆਵਾਂ?

ਸੂਰਜ ਚੜ੍ਹੇ ਤੇ ਸ਼ਾਮ ਨੂੰ ਅਸਤ ਹੋ ਜਏ
ਆਦਿ ਕਾਲ ਤੋਂ ਏਦਾਂ ਹੀ ਹੋਈ ਜਾਂਦਾ।
ਦਿਨ ਹਫਤੇ ਤੇ ਮਾਹ ਫਿਰ ਸਾਲ ਬਣਦੇ
ਮਾੜੇ ਚੰਗੇ ਨੂੰ ਕਾਲ ਇਉਂ ਢੋਈ ਜਾਂਦਾ।
ਗਰਮੀ, ਸਰਦੀ, ਬਸੰਤ, ਬਰਸਾਤ ਆਵਣ
ਨਵਾਂ ਜਨਮਦਾ ਪਹਿਲਾ ਏ ਮੋਈ ਜਾਂਦਾ।
ਉੱਨੀਂ ਇੱਕੀ ਦੇ ਫਰਕ ਨਾਲ ਸਾਲ ਗੁਜ਼ਰੇ
ਕੋਈ 'ਪਾ ਲੈਂਦਾ' ਏ ਤੇ ਕੋਈ ਖੋਈ ਜਾਂਦਾ।
ਜਿਵੇਂ 'ਚੌਵੀ' ਨੂੰ ਵੀ 'ਹੈਪੀ' ਕਿਹਾ ਈ ਸੀ
'ਪੱਚੀ' ਲਈ 'ਦੁਆਵਾਂ' ਵੀ ਕਰੀ ਜਾਉ।
ਲਿਖ ਕੇ ਰੰਗ ਬਰੰਗਿਆਂ ਅੱਖਰਾਂ ਵਿਚ
ਫੇਸ-ਬੁੱਕ 'ਵਧਾਈਆਂ' ਦੀ ਭਰੀ ਜਾਉ !

***-ਤਰਲੋਚਨ ਸਿੰਘ ਦੁਪਾਲ ਪੁਰ***

---

### ਨਵਾਂ ਸਾਲ - ਨਵੇਂ ਸੰਕਲਪ

ਚੜ੍ਹਿਆ ਹੈ ਅੱਜ ਸਾਲ ਨਵਾਂ,
ਜੋ ਦੋ ਹਜ਼ਾਰ ਤੇ ਪੱਚੀ।
ਚੌਵੀ ਨੇ ਇਤਿਹਾਸ 'ਚ ਜਾਣਾ,
ਗੱਲ ਹੈ ਬਿਲਕੁਲ ਸੱਚੀ।

ਨਵੇਂ ਸਾਲ ਦੇ ਵਿਚ ਅਸਾਂ ਨੇ,
ਨਵੇਂ ਸੰਕਲਪ ਬਣਾਉਣੇ।
ਸਰ ਕਰ ਲੈਣਾ ਮੰਜ਼ਿਲ ਨੂੰ,
ਤੇ ਬੁਰਜ ਬਦੀ ਦੇ ਢਾਹੁਣੇ।

ਸਹਿਜ ਨਿਰੰਤਰ ਤੋਰ ਨੂੰ ਆਪਾਂ,
ਜੀਵਨ-ਲਕਸ਼ ਬਣਾਈਏ।
ਵਿਚ-ਵਿਚਾਲੇ ਰੁਕੀਏ ਨਾ,
ਅੱਗੇ ਨੂੰ ਵਧਦੇ ਜਾਈਏ।

ਸੱਚ ਦਾ ਰਸਤਾ ਔਖਾ ਭਾਵੇਂ,
ਪਰ ਹੁੰਦਾ ਹੈ ਚੰਗਾ।
ਸਿਦਕ-ਈਮਾਨ ਦਾ ਪੱਕਾ ਹੋਵੇ,
ਉਹ ਹੈ ਅਸਲੀ ਬੰਦਾ।

ਕੁਦਰਤ ਦਾ ਸੰਤੁਲਨ ਬਚਾਈਏ,
ਧਰਤੀ-ਪੌਣ ਤੇ ਪਾਣੀ।
ਨੇਕੀ ਤੇ ਹਮਦਰਦੀ ਰੱਖੀਏ,
ਜੱਗ ਵਿਚ ਰਹੂ ਕਹਾਣੀ।

***-ਪ੍ਰੋ. ਨਵ ਸੰਗੀਤ ਸਿੰਘ***

# ਕਬੱਡੀ ਦਾ ਪੇਸ਼ਾਵਰ ਖਿਡਾਰੀ ਬਲਵਿੰਦਰ ਫਿੱਡਾ

## ਵਿਸ਼ਵ ਦੇ ਮਹਾਨ ਖਿਡਾਰੀ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਕਬੱਡੀ ਦੇ ਧੱਕੜ ਧਾਵੀ ਬਲਵਿੰਦਰ ਸਿੰਘ ਨੂੰ ਕੋਈ ਫਿੱਡਾ ਕਹਿੰਦਾ ਹੈ, ਕੋਈ ਫਿੱਡੂ। ਕੋਈ ਪੰਜਾਬ ਦਾ ਟਰੱਕ ਤੇ ਕੋਈ ਟੈਂਕ। ਉਹ ਪਹਿਲਾ ਖਿਡਾਰੀ ਹੈ ਜਿਸ ਨੇ ਪੰਜਾਬੀਆਂ ਦੀ ਦੇਸੀ ਖੇਡ 'ਕੌਡੀ' ਨੂੰ ਪੌਂਡਾਂ ਤੇ ਡਾਲਰਾਂ ਦੀ ਖੇਡ ਬਣਾਇਆ। ਯਾਨੀ ਪੇਸ਼ਾਵਰ ਖੇਡ ਬਣਨ ਦੇ ਰਾਹ ਪਾਇਆ। ਉਸ ਨੇ ਪੰਜਾਬੀਆਂ ਦੀ ਮਾਂ ਖੇਡ ਕਹੀ ਜਾਂਦੀ ਕਬੱਡੀ ਦੇ ਸਿਰੋਂ ਕਰੋੜਾਂ ਕਮਾਏ। ਉਹ ਦਿਸਦੇ ਵੀ ਹਨ। ਜਲੰਧਰ ਦੀ ਡਿਫੈਂਸ ਕਲੋਨੀ 'ਚ ਕੋਠੀ ਹੈ, ਪਲਾਟ ਤੇ ਦੁਕਾਨਾਂ ਹਨ ਤੇ ਪਿੰਡ ਝੋਟੇ ਦੇ ਸਿਰ ਵਰਗੀ ਚੌਵੀ ਕਿੱਲੇ ਜ਼ਮੀਨ ਹੈ। ਉਹ ਕਬੱਡੀ ਦੇ ਸਿਰ 'ਤੇ ਕਾਂਸਟੇਬਲ ਭਰਤੀ ਹੋਇਆ ਸੀ ਤੇ ਐੱਸ.ਪੀ. ਬਣ ਕੇ ਰਿਟਾਇਰ ਹੋਇਆ। ਲੱਖ ਤੋਂ ਉੱਤੇ ਉਹਦੀ ਪੈਨਸ਼ਨ ਹੈ। ਹੁਣ ਉਹ ਕੈਨੇਡਾ ਦਾ ਪੱਕਾ ਪਰਵਾਸੀ ਹੈ। ਧੀਆਂ ਪੁੱਤ ਪਹਿਲਾਂ ਹੀ ਕੈਨੇਡਾ ਵਿਚ ਸਥਾਪਿਤ ਕਰ ਦਿੱਤੇ ਸਨ। ਗਰਮੀਆਂ ਉਹ ਕੈਨੇਡਾ 'ਚ ਕੱਟਦਾ ਹੈ, ਸਰਦੀਆਂ ਪੰਜਾਬ ਵਿਚ।

ਕਬੱਡੀ ਦੇ ਕੁਮੈਂਟੇਟਰਾਂ ਨੇ ਉਹਦਾ ਨਾਂ ਹਜ਼ਾਰਾਂ ਵਾਰ ਹਵਾ ਦੀਆਂ ਤਰੰਗਾਂ 'ਚ ਗੁੰਜਾਇਆ ਤੇ ਖੇਡ ਲੇਖਕਾਂ ਨੇ ਸੈਂਕੜੇ ਵਾਰ ਲਿਖਿਆ। ਉਹਦੀ ਮਸ਼ਹੂਰੀ ਦਾ ਕੋਈ ਲੇਖਾ ਨਹੀਂ ਰਿਹਾ। ਚੰਗੀ ਵੀ ਤੇ ਮੰਦੀ ਵੀ। ਕਈ ਸਾਲ ਪਹਿਲਾਂ ਮੈਂ ਇੰਗਲੈਂਡ ਗਿਆ ਤਾਂ ਸਾਊਥਾਲ ਦਾ ਇਕ ਕਬੱਡੀ ਪ੍ਰੇਮੀ ਪੁੱਛਣ ਲੱਗਾ, "ਫਿੱਡੂ ਦਾ ਕੀ ਹਾਲ ਐ? ਕਹਿੰਦੇ, ਮਸੀਂ ਬਚਿਆ!" ਟੋਰਾਂਟੋ ਗਿਆ ਤਾਂ ਕਿਸੇ ਨੇ ਕਿਹਾ, "ਮੈਂ ਸੁਣਿਆਂ, ਫਿੱਡੂ ਸਾਧ ਹੋ ਗਿਆ!" ਵੈਨਕੂਵਰ ਗਿਆ ਤਾਂ ਇਕ ਨੇ ਕੱਛ 'ਚੋਂ ਮੂੰਗਲੀ ਕੱਢ ਮਾਰੀ ਅਖੇ ਪਤਾ ਲੱਗਾ ਪਈ ਫਿੱਡੂ 'ਹਿੱਲ' ਗਿਐ ਤੇ ਕਿਸੇ 'ਸਿਆਣੇ' ਤੋਂ ਇਲਾਜ ਕਰਵਾ ਰਿਹੈ! ਕਿਸੇ ਭੇਤੀ ਨੇ ਅੰਦਰਲੀ ਗੱਲ ਦੱਸੀ ਕਿ ਫਿੱਡੇ ਦਾ ਅਸਲੀ ਇਲਾਜ ਤਾਂ ਹੁਣ 'ਅਰਜਨ ਅਵਾਰਡ' ਮਿਲਣ ਨਾਲ ਈ ਹੋਊ! ਕੈਲੇਫੋਰਨੀਆ 'ਚ ਖ਼ਬਰ ਮਿਲੀ ਕਿ ਫਿੱਡੂ ਸਿੰਘ ਸਜ ਗਿਆ। ਮੈਂ ਫਿੱਡੂ ਦੇ ਡਿਪ੍ਰੈਸ਼ਨ 'ਚ ਚਲੇ ਜਾਣ ਬਾਰੇ ਤਾਂ ਸੁਣਿਆ ਸੀ ਪਰ ਬਾਹਰ ਜਿੰਨੇ ਮੂੰਹ ਓਨੀਆਂ ਗੱਲਾਂ ਸਨ।

ਪੰਜਾਬ ਪਰਤ ਕੇ ਮੈਂ ਫਿੱਡੂ ਨੂੰ ਪੂਰੇਵਾਲ ਖੇਡ ਮੇਲੇ 'ਚ ਮਿਲਿਆ। ਮੈਨੂੰ ਉਹ ਸੱਚੀਂ-ਮੁੱਚੀਂ ਉਦਾਸ ਤੇ ਉਪਰਾਮ ਲੱਗਾ। ਛੇ ਕੁ ਮਹੀਨਿਆਂ ਵਿਚ ਈ ਉਹ ਕਾਫੀ ਬਦਲ ਗਿਆ ਸੀ। ਪੀਲੇ ਚਿਹਰੇ ਉਤੇ ਲੰਮੀ ਤੇ ਭਰਵੀਂ ਦਾੜ੍ਹੀ ਨਾਲ ਪਹਿਲੀ ਨਜ਼ਰੇ ਮਸੀਂ ਸਿਆਣਿਆ ਗਿਆ। ਉਹਦੇ ਬੋਲਾਂ 'ਚੋਂ ਦਬਕਾ ਤੇ ਗੜ੍ਹਕਾ ਗਾਇਬ ਸੀ। ਉਹ ਬੜੀ ਹਲੀਮੀ ਨਾਲ ਧੀਮੀ 'ਵਾਜ਼ ਵਿਚ ਬੋਲ ਰਿਹਾ ਸੀ। ਚਿਹਰੇ 'ਤੋਂ ਗੁੱਸੇ ਗ਼ਿਲੇ ਦੀ ਝਲਕ ਸਾਫ਼ ਪੜ੍ਹੀ ਜਾ ਸਕਦੀ ਸੀ। ਉਸ ਨੂੰ ਡੂੰਘਾ ਰੰਜ ਸੀ ਕਿ ਅਰਜਨ ਅਵਾਰਡ ਨਾ ਦੇ ਕੇ ਉਸ ਨਾਲ ਨੰਗਾ ਚਿੱਟਾ ਵਿਤਕਰਾ ਕੀਤਾ ਜਾ ਰਿਹਾ ਸੀ। ਕੋਈ 'ਹਾਅ ਦਾ ਨਾਹਰਾ' ਵੀ ਨਹੀਂ ਸੀ ਮਾਰ ਰਿਹਾ ਸਗੋਂ ਸ਼ਰੀਕ ਉਲਟੀਆਂ ਚਹੇਡਾਂ ਕਰ ਰਹੇ ਸਨ। ਸਿੱਟੇ ਵਜੋਂ ਉਹ ਡਿਪ੍ਰੈਸ਼ਨ ਦਾ ਸ਼ਿਕਾਰ ਹੋ ਗਿਆ ਸੀ।


ਖੁੱਲ੍ਹ ਕੇ ਗੱਲਾਂ ਹੋਈਆਂ ਤਾਂ ਪਤਾ ਲੱਗਾ ਕਿ ਉਹ ਫਗਵਾੜੇ ਦੇ ਕਿਸੇ ਹਕੀਮ ਤੋਂ ਇਲਾਜ ਕਰਵਾ ਰਿਹਾ ਸੀ ਅਤੇ ਗਰਮੀਆਂ 'ਚ ਜਰਮਨੀ ਜਾਣ ਬਾਰੇ ਸੋਚ ਰਿਹਾ ਸੀ। ਉਸ ਨੇ ਆਪਣੇ ਗੋਡੇ ਦੀ ਸੱਟ ਦਾ ਇਲਾਜ ਵੀ ਜਰਮਨੀ ਤੋਂ ਕਰਾਇਆ ਸੀ ਜੋ ਠੀਕ ਹੋ ਗਿਆ ਸੀ। ਅਸੀਂ ਘਰ-ਪਰਿਵਾਰ ਤੋਂ ਲੈ ਕੇ ਦੇਸ਼ ਵਿਦੇਸ਼ ਤਕ ਦੀਆਂ ਗੱਲਾਂ ਕਰਦੇ ਰਹੇ। ਮੇਰੀ ਮਨਸ਼ਾ ਉਸ ਨੂੰ ਮੁੜ ਚੜ੍ਹਦੀਆਂ ਕਲਾਂ 'ਚ ਵੇਖਣ ਦੀ ਸੀ। ਮੈਂ ਆਖਿਆ, "ਇਨਾਮਾਂ ਸ਼ਨਾਮਾਂ ਦੀਆਂ ਗੱਲਾਂ ਦਿਲ 'ਤੇ ਨਹੀਂ ਲਾਈਦੀਆਂ। ਅਰਜਨ ਅਵਾਰਡ ਕਿੱਡੀ ਕੁ ਚੀਜ਼ ਐ? ਤੁਹਾਨੂੰ ਤਾਂ ਕਬੱਡੀ ਪ੍ਰੇਮੀਆਂ ਨੇ ਕਿਤੇ ਵੱਡੇ ਇਨਾਮ ਬਖ਼ਸ਼ੇ ਨੇ। ਤੁਹਾਡੀ ਰੀਸ ਕਿਹੜਾ ਕਰ-ਲੂ?" ਮੁਲਾਕਾਤ ਮੁੱਕਣ 'ਤੇ ਉਹ ਸੱਚਮੁੱਚ ਹੀ ਚੜ੍ਹਦੀ ਕਲਾ ਵਿਚ ਸੀ ਤੇ ਉਸ ਨੇ ਮੈਨੂੰ ਆਖ ਵੀ ਦਿੱਤਾ ਸੀ ਕਿ ਅਖ਼ਬਾਰਾਂ 'ਚ ਲਿਖ ਦਿਓ ਪਈ ਮੈਨੂੰ ਕੁਝ ਨਹੀਂ ਹੋਇਆ।

ਫਿੱਡੇ ਨੂੰ ਦੇਸ਼ ਵਿਦੇਸ਼ ਦੇ ਸੈਂਕੜੇ ਖੇਡ ਮੇਲਿਆਂ ਵਿਚ ਸਨਮਾਨਿਆ ਜਾਂਦਾ ਰਿਹਾ। ਆਖ਼ਰ ਭਾਰਤ ਸਰਕਾਰ ਦਾ ਖੇਡ ਪੁਰਸਕਾਰ ਅਰਜਨ ਅਵਾਰਡ ਵੀ ਮਿਲ ਗਿਆ ਜੀਹਦੇ ਨਾਲ ਉਹਦੀ ਮਾਨਸਿਕ ਬੇਚੈਨੀ ਦਾ ਵੀ ਇਲਾਜ ਹੋ ਗਿਆ। ਇਹ ਅਰਜਨ ਅਵਾਰਡ ਦਾ ਹੀ ਚੱਕਰ ਸੀ ਜਿਸ ਨੇ ਉਸ ਨੂੰ ਮਾਨਸਿਕ ਤੌਰ 'ਤੇ ਪਰੇਸ਼ਾਨ ਕਰੀ ਰੱਖਿਆ ਸੀ। ਉਦੋਂ ਹੀ ਉਹਦੇ 'ਹਿੱਲ' ਜਾਣ ਤੇ ਸਾਧ ਬਣਨ ਦੀਆਂ ਅਫ਼ਵਾਹਾਂ ਉਡੀਆਂ ਸਨ। ਪੱਛਮੀ ਦੇਸ਼ਾਂ ਵਿਚ ਲੋਕਾਂ ਦੀਆਂ ਗੱਲਾਂ ਸੁਣ ਕੇ ਮੈਨੂੰ ਵੀ ਚਿੰਤਾ ਹੋ ਗਈ ਸੀ ਕਿ ਫਿੱਡੂ ਕਿਤੇ ਸੱਚਮੁਚ ਹੀ ਕਸਰਿਆ ਨਾ ਗਿਆ ਹੋਵੇ?

ਬਲਵਿੰਦਰ ਸਿੰਘ ਫਿੱਡੇ ਦਾ ਜਨਮ 23 ਮਾਰਚ 1956 ਨੂੰ ਪਿੰਡ ਟਾਂਡੀ ਜ਼ਿਲ੍ਹਾ ਕਪੂਰਥਲਾ ਵਿਚ ਲੁਬਾਣੇ ਕਿਸਾਨ ਬੰਤਾ ਸਿੰਘ ਦੇ ਘਰ ਮਾਤਾ ਚਰਨ ਕੌਰ ਦੀ ਕੁੱਖੋਂ ਹੋਇਆ ਸੀ। ਉਹ ਚਾਰ ਭੈਣਾਂ ਤੇ ਚਾਰ ਭਰਾਵਾਂ ਵਿਚਾਲੇ ਚੌਥੀ ਥਾਂ ਜੰਮਿਆ ਸੀ। ਕਿਰਸਾਣੀ ਕੰਮਕਾਰ 'ਚ ਹੱਥ ਵਟਾਉਂਦਿਆਂ ਆਪਣੇ ਪਿੰਡ ਦੇ ਸਕੂਲ ਤੇ ਨਡਾਲੇ ਦੇ ਕਾਲਜ ਵਿਚ ਪੜ੍ਹਿਆ। ਫਿਰ ਬੀਬੀ ਰਾਜ ਕੌਰ ਨਾਲ ਵਿਆਹਿਆ ਗਿਆ ਜਿਸ ਦੀ ਕੁੱਖੋਂ ਦੋ ਪੁੱਤਰ ਸਤਿੰਦਰਜੀਤ ਸਿੰਘ ਤੇ ਬਲਰਾਜਵੀਰ ਸਿੰਘ ਅਤੇ ਦੋ ਧੀਆਂ ਰਵਿੰਦਰ ਕੌਰ ਤੇ ਉਪਿੰਦਰ ਕੌਰ ਨੇ ਜਨਮ ਲਿਆ। ਕਬੱਡੀ ਖੇਡਦੇ ਫਿੱਡੇ ਨੇ ਆਪਣੇ ਪਰਿਵਾਰ ਨੂੰ ਪੱਛਮੀ ਮੁਲਕਾਂ ਦੀ ਸੈਰ ਕਰਾਈ ਤੇ ਕੈਨੇਡਾ ਵਿਚ ਸੈੱਟ ਕਰ ਦਿੱਤਾ। ਵਿਦੇਸ਼ਾਂ ਵਿਚ ਉਸ ਨੂੰ ਇਨਾਮ ਵੀ ਚੋਖੇ ਮਿਲਦੇ ਰਹੇ।

ਅਗਲੇ ਸਾਲ ਉਸ ਨੂੰ ਅਰਜਨ ਅਵਾਰਡ ਵੀ ਮਿਲ ਗਿਆ। ਉਸ ਨੇ ਗੁਰੂ ਗ੍ਰੰਥ ਸਾਹਿਬ ਦੇ ਪਾਠ ਦਾ ਭੋਗ ਪਾ ਕੇ ਸੱਚੇ ਪਾਤਸ਼ਾਹ ਦਾ ਸ਼ੁਕਰਾਨਾ ਕੀਤਾ ਤੇ ਸੱਜਣਾਂ ਮਿੱਤਰਾਂ ਨਾਲ ਖ਼ੁਸ਼ੀ ਸਾਂਝੀ ਕੀਤੀ। ਉਹ ਮੁੜ ਨੌਂ-ਬਰ-ਨੌਂ ਹੋ ਗਿਆ। ਉਸ ਨੇ ਕਬੱਡੀ ਖੇਡਣੀ ਛੱਡ ਦਿੱਤੀ ਸੀ ਪਰ ਕਬੱਡੀ ਖਿਡਾਉਣੀ ਨਹੀਂ ਸੀ ਛੱਡੀ। ਉਹ ਕਬੱਡੀ ਦੀ ਕੋਚਿੰਗ ਦਿੰਦਾ ਰਿਹਾ ਤੇ ਕਬੱਡੀ ਦੇ ਟੂਰਨਾਮੈਂਟਾਂ ਦੀ ਸ਼ਾਨ ਬਣਦਾ ਰਿਹਾ। ਉਹ ਲਗਾਤਾਰ ਖੇਡ ਮੇਲਿਆਂ 'ਤੇ ਜਾਂਦਾ ਰਿਹਾ, ਦੇਸ਼ ਵਿਚ ਵੀ ਤੇ ਵਿਦੇਸ਼ 'ਚ ਵੀ। 2006 'ਚ ਕਪੂਰਥਲੇ ਦੇ ਕਬੱਡੀ ਟੂਰਨਾਮੈਂਟ ਵਿਚ ਉਸ ਨੂੰ ਮਹਿੰਗੀ ਕਾਰ ਦਾ ਇਨਾਮ ਦੇ ਕੇ ਸਨਮਾਨਿਆ ਗਿਆ।

ਕਬੱਡੀ ਤੇ ਫਿੱਡਾ ਹੀਰ ਰਾਂਝੇ ਵਾਂਗ ਜੁੜੇ ਨਾਂ ਹਨ। ਕਬੱਡੀ ਨਾਲ ਉਹਦਾ ਨਾਤਾ ਏਨਾ ਗੂੜ੍ਹਾ ਹੈ ਕਿ ਉਹ ਕਦੇ ਟੁੱਟ ਨਹੀਂ ਸਕਦਾ। ਉਸ ਨੇ ਕਬੱਡੀ ਨੂੰ ਕੱਲਰਾਂ ਦੀ ਖੇਡ ਤੋਂ ਖੇਡ ਭਵਨਾਂ ਦੀ ਖੇਡ ਬਣਾਇਆ ਤੇ ਕਬੱਡੀ ਨੇ ਵੀ ਉਸ ਨੂੰ ਮਾਲਾ-ਮਾਲ ਕੀਤਾ। ਉਹ ਪੱਚੀ ਸਾਲ ਉੱਚ ਪੱਧਰੀ ਕਬੱਡੀ ਖੇਡਿਆ। ਖ਼ੁਦ ਪੇਸ਼ਾਵਰ ਖਿਡਾਰੀ ਬਣਿਆ ਤੇ ਕਬੱਡੀ ਨੂੰ ਵੀ ਪੇਸ਼ਾਵਰ ਖੇਡ ਬਣਾਇਆ। ਉਸ ਨੇ ਆਪਣੀ ਖੇਡ ਦੇ ਹਜ਼ਾਰਾਂ ਪ੍ਰਸ਼ੰਸਕ ਬਣਾਏ ਤੇ ਨਿੱਜ ਦੇ ਸੈਂਕੜੇ ਨਿੰਦਕ। ਉਹੀ ਨਿੰਦਕ ਸਨ ਜਿਹੜੇ ਉਹਦੀ ਮਾਨਸਿਕ ਪਰੇਸ਼ਾਨੀ ਸਮੇਂ ਧੀਰ ਬੰਨ੍ਹਾਉਣ ਦੀ ਥਾਂ ਉਲਟੀਆਂ ਅਫ਼ਵਾਹਾਂ ਫੈਲਾਉਂਦੇ ਰਹੇ। ਇਹ ਸਤਰਾਂ ਲਿਖਦਿਆਂ ਮੈਨੂੰ ਉਹਦੀ ਖੇਡ ਤੇ ਉਹਦੇ ਵਿਹਾਰ ਦੇ ਅਨੇਕਾਂ ਦ੍ਰਿਸ਼ ਯਾਦ ਆ ਰਹੇ ਹਨ ਜਿਨ੍ਹਾਂ 'ਚੋਂ ਕੁਝ ਇਕਨਾਂ ਦਾ ਜ਼ਿਕਰ ਕਰਨਾ ਵਾਜਬ ਹੋਵੇਗਾ।




ਫਿੱਡੂ ਦੱਸਦੈ ਕਿ ਉਨ੍ਹਾਂ ਦੀ ਟੀਮ ਨੂੰ ਪੰਜ ਹਜ਼ਾਰ ਰੁਪਏ ਦਾ ਪਹਿਲਾ ਵੱਡਾ ਇਨਾਮ ਗੁਰਦੁਆਰਾ ਮਹਿਦੇਆਣਾ ਸਾਹਿਬ ਦੇ ਕਬੱਡੀ ਮੈਚ 'ਚ ਮਿਲਿਆ ਸੀ। ਮਹਿਦੇਆਣਾ ਸਾਡੇ ਪਿੰਡ ਚਕਰ, ਲੱਖਾ, ਮਾਣੂੰਕੇ ਤੇ ਮੱਲ੍ਹੇ ਵਿਚਕਾਰ ਹੈ। ਮੈਂ ਉਸ ਮੈਚ ਦਾ ਚਸ਼ਮਦੀਦ ਗਵਾਹ ਹਾਂ ਕਿਉਂਕਿ ਮਾਈਕ ਮੇਰੇ ਹੱਥ ਸੀ। ਇਕ ਪਾਸੇ ਕਪੂਰਥਲੇ ਦੀ ਟੀਮ ਸੀ ਤੇ ਦੂਜੇ ਪਾਸੇ ਲੁਧਿਆਣੇ ਦੀ। 1980 ਦੇ ਆਸ-ਪਾਸ ਅਸੀਂ ਫਿੱਡੂ ਨੂੰ ਪੰਜ ਸੌ ਦੀ ਸਾਈ ਦੇ ਕੇ ਪੰਜ ਹਜ਼ਾਰ ਦੇ ਇਨਾਮ ਵਾਲਾ ਮੈਚ ਖੇਡਣ ਲਈ ਸੱਦਿਆ ਸੀ। ਫਿੱਡੂ ਤੇ ਉਹਦੇ ਸਾਥੀਆਂ ਨੂੰ ਸੱਚ ਨਹੀਂ ਸੀ ਆ ਰਿਹਾ ਕਿ ਕਬੱਡੀ ਖੇਡਣ ਦੇ ਸੱਚਮੁੱਚ ਪੰਜ ਹਜ਼ਾਰ ਮਿਲਣਗੇ। ਇਹ ਇਤਿਹਾਸਕ ਤੱਥ ਹੈ ਕਿ ਕਬੱਡੀ ਮਹਿਦੇਆਣੇ ਦੇ ਮੈਚ ਤੋਂ ਪੇਸ਼ਾਵਰ ਖੇਡ ਬਣਨ ਦੇ ਰਾਹ ਪਈ। ਫਿਰ ਪੰਜ ਹਜ਼ਾਰ ਤੋਂ ਵਧਦਾ-ਵਧਦਾ ਫਿੱਡੂ ਦਾ ਭਾਅ ਵੈਨਕੂਵਰ ਵਿਚ ਇਕ ਪੁਆਇੰਟ ਉਤੇ ਇਕ ਲੱਖ ਰੁਪਏ ਤਕ ਜਾ ਪੁੱਜਾ।

ਲੱਖ ਰੁਪਏ ਦੀ ਗੱਲ ਵੀ ਸੁਣ ਲਓ। 6 ਅਗਸਤ, 1995 ਦੇ ਦਿਨ ਵੈਨਕੂਵਰ ਦੇ ਬੀਸੀ ਪਲੇਸ ਵਿਚ ਕਬੱਡੀ ਦਾ ਵਰਲਡ ਕੱਪ ਖੇਡਿਆ ਜਾਣਾ ਸੀ। ਹਜ਼ਾਰਾਂ ਦਰਸ਼ਕਾਂ ਦਾ 'ਕੱਠ ਭਾਰਤ ਤੇ ਪਾਕਿਸਤਾਨ ਦੀਆਂ ਟੀਮਾਂ ਦਾ ਮੈਚ ਉਡੀਕ ਰਿਹਾ ਸੀ। ਜਦੋਂ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਜੁਆਨ ਮੈਦਾਨ 'ਚ ਨਿੱਤਰੇ ਤਾਂ ਮੈਂ ਮਾਈਕ ਤੋਂ ਭੂਮਿਕਾ ਬੰਨ੍ਹੀ, "ਲਓ ਆ ਗਏ ਪੰਜਾਬ ਦੇ ਬੱਬਰ ਸ਼ੇਰ। ਮਾਵਾਂ ਦੇ ਬਲੀ ਪੁੱਤਰ। ਬਾਘੀਆਂ ਪਾਉਂਦੇ ਤੇ ਬੜ੍ਹਕਾਂ ਮਾਰਦੇ। ਸੋਹਣੇ ਸਡੌਲ ਜੁੱਸੇ, ਮੇਹਲਦੇ ਤੇ ਮਚਲਦੇ। ਨਿਗਾਹਾਂ ਤਿਲ੍ਹਕ-ਤਿਲ੍ਹਕ ਪੈਂਦੀਆਂ। ਏਹਨਾਂ ਦੀ ਚੜ੍ਹਤ ਵੇਖੋ ਤੇ ਵੇਖਿਓ ਇਨ੍ਹਾਂ ਦੀਆਂ ਪਕੜਾਂ। ਇਕ ਇਕ ਕਬੱਡੀ ਲੱਖ-ਲੱਖ ਦੀ ਪਊ ਜੋ ਸਭਨਾਂ ਦਾ ਸੇਰ-ਸੇਰ ਲਹੂ ਵਧਾਊ। ਲਓ ਟੇਕ-ਤਾ ਧਰਤੀ ਮਾਂ ਨੂੰ ਮੱਥਾ ਤੇ ਹੋਣ ਲੱਗੇ ਆ ਨਿਤਾਰੇ...।"

ਮੈਚ ਸ਼ੁਰੂ ਹੋਇਆ ਤਾਂ ਇਕ ਪਾਕਿਸਤਾਨੀ ਸੱਜਣ ਨੇ ਮੈਨੂੰ ਕਿਹਾ ਪਈ ਐਲਾਨ ਕਰ ਦਿਓ ਕਿ ਪਾਕਿਸਤਾਨ ਦਾ ਜਿਹੜਾ ਜਾਫੀ ਹਿੰਦੁਸਤਾਨ ਦੇ ਫਿੱਡੂ ਜਾਂ ਹਰਜੀਤ ਨੂੰ ਡੱਕ ਗਿਆ ਉਹਨੂੰ ਪਾਕਿਸਤਾਨੀ ਕਰੰਸੀ ਵਿਚ ਇਕ ਲੱਖ ਰੁਪਿਆ ਇਨਾਮ ਦਿੱਤਾ ਜਾਵੇਗਾ। ਪਰ ਨਾ ਫਿੱਡੂ ਡੱਕਿਆ ਜਾ ਸਕਿਆ ਤੇ ਨਾ ਹੀ ਹਰਜੀਤ ਬਰਾੜ। ਟੋਰਾਂਟੋ ਵਿਚ ਫਿੱਡੂ ਦੀ ਇਕ ਰੇਡ ਉਤੇ ਤਿੰਨ ਹਜ਼ਾਰ ਡਾਲਰ ਇਨਾਮ ਲੱਗ ਗਿਆ ਸੀ। ਇਕ ਮੈਚ ਵਿਚ ਸਰੀਰ ਕਸਰਿਆ ਹੋਣ ਕਰਕੇ ਫਿੱਡੂ ਕਬੱਡੀ ਨਹੀਂ ਸੀ ਪਾ ਰਿਹਾ। ਇਕ ਸਰਦਾਰ ਨੇ ਪੰਜ ਸੌ ਡਾਲਰ ਮੈਨੂੰ ਫੜਾਉਂਦਿਆਂ ਕਿਹਾ ਕਿ ਫਿੱਡੂ ਤੋਂ ਕਬੱਡੀ ਪੁਆ ਦਿਓ ਤਾਂ ਇਹ ਇਨਾਮ ਉਹਦਾ। ਫਿੱਡੂ ਕੱਛਾਂ 'ਚ ਹੱਥ ਦੇਈ ਖੜ੍ਹਾ ਸੀ। ਜਦੋਂ ਮਾਈਕ ਤੋਂ ਡਾਲਰਾਂ ਦਾ ਐਲਾਨ ਹੋਇਆ ਤਾਂ ਫਿੱਡੂ ਨੇ ਖੜ੍ਹੇ ਖੜੋਤੇ ਛਾਲ ਮਾਰੀ ਤੇ ਥਾਪੀਆਂ ਮਾਰਦਾ ਕਬੱਡੀ ਪਾਉਣ ਲੱਗਾ। ਫਿੱਡੂ ਪੈਸੇ ਦਾ ਪੀਰ ਸੀ ਤੇ ਇਹ ਗੱਲ ਕਿਸੇ ਖੇਡ ਪ੍ਰਮੋਟਰ ਤੋਂ ਗੁੱਝੀ ਛਿਪੀ ਨਹੀਂ ਸੀ।

1990 'ਚ ਪੰਜਾਬੀਆਂ ਦੇ ਗੜ੍ਹ ਯੂਬਾ ਸਿਟੀ ਵਿਚ ਕਬੱਡੀ ਦਾ ਕੌਮਾਂਤਰੀ ਮੈਚ ਸੀ। ਦੀਦਾਰ ਸਿੰਘ ਬੈਂਸ ਹੋਰਾਂ ਨੇ ਮੈਨੂੰ ਮਾਈਕ ਦੀ ਥਾਂ ਵਿਸਲ ਫੜਾ ਦਿੱਤੀ। ਮੇਰੇ ਹੱਥ ਵਿਸਲ ਫੜੀ ਵੇਖ ਕੇ ਫਿੱਡੂ ਕਹਿਣ ਲੱਗਾ, "ਭਾਅ ਜੀ ਮੇਰੀ ਬਾਹਰ ਬੜੀ ਬਣੀ ਹੋਈ ਜੇ। ਮੇਰਾ ਖਿਆਲ ਰੱਖਣਾ।" ਮੈਂ ਆਖਿਆ, "ਮੈਂ ਸਭ ਦਾ ਖ਼ਿਆਲ ਰੱਖਾਂਗਾ। ਜੇ ਤੈਂ ਕਿਸੇ ਦੇ ਮੂੰਹ 'ਤੇ ਹੱਥੜ ਮਾਰਿਆ ਤਾਂ ਤੇਰੇ ਖ਼ਿਲਾਫ਼ ਵੀ ਪੈਂਟ੍ਹ ਦੇਵਾਂਗਾ। ਮੇਰੇ ਲਈ ਸਾਰੇ ਇਕੋ ਜਿਹੇ ਨੇ।" ਉੱਦਣ ਫਿੱਡੂ ਸਾਫ ਸੁਥਰੀ ਖੇਡ ਖੇਡਿਆ। ਜਦੋਂ ਉਹ ਕਬੱਡੀ ਪਾਉਣ ਜਾਂਦਾ ਤਾਂ ਦਰਸ਼ਕ ਕੂਕਦੇ, "ਫੜ-ਲੋ ਇਹਨੂੰ, ਪੈ-ਜੋ ਲੱਤੀਂ। ਜਾਵੇ ਨਾ ਐਤਕੀਂ, ਰੱਖ-ਲੋ 'ਕੇਰਾਂ...।"

ਪਰ ਉਹ ਕਿਸੇ ਤੋਂ ਡੱਕਿਆ ਨਹੀਂ ਸੀ ਜਾ ਰਿਹਾ। ਮੈਚ ਦੇ ਅਖ਼ੀਰ ਵਿਚ ਉਹ ਇਕ ਵਾਰ ਰੁਕਿਆ ਤਾਂ ਦਰਸ਼ਕਾਂ ਨੇ ਡਾਢੀ ਖ਼ੁਸ਼ੀ ਮਨਾਈ। ਉਨ੍ਹਾਂ ਨੇ ਬੀਅਰਾਂ ਦੀਆਂ ਡੱਬੀਆਂ ਹਵਾ 'ਚ ਚਲਾ ਮਾਰੀਆਂ ਤੇ ਪਾਣੀ ਪਿਆਉਣ ਵਾਲਿਆਂ ਨੇ ਜੱਗ ਸੁੱਟ ਦਿੱਤੇ। ਹਾਤ-ਹੂਤ ਕਰਦੇ ਕੈਲੇਫੋਰਨੀਆ ਦੇ ਪੰਜਾਬੀ ਮੁੰਡੇ 'ਪੰਜਰੇਜ਼ੀ' ਵਿਚ ਚੀਕਾਂ ਮਾਰਨ ਲੱਗੇ ਜਿਵੇਂ ਦੋਗਲੇ ਵੱਛੜੇ ਰੰਭਦੇ ਹੋਣ!

ਯੂਬਾ ਸਿਟੀ ਪਿੱਛੋਂ ਵੈਨਕੂਵਰ ਦਾ ਖੇਡ ਮੇਲਾ ਭਰਿਆ। ਉਥੇ ਫਿੱਡੂ ਇਕ ਵਾਰ ਵੀ ਨਾ ਡੱਕ ਹੋਇਆ। ਫਾਈਨਲ ਮੈਚ ਮੁੱਕਾ ਤਾਂ ਦਰਸ਼ਕ ਪਾਰਕ 'ਚੋਂ ਬਾਹਰ ਨਿਕਲਣ ਲੱਗੇ। ਮੈਂ ਵੇਖਿਆ ਕਿ ਸ਼ਰਾਬੀ ਹੋਇਆ ਇਕ ਬਾਬਾ ਮੇਪਲ ਰੁੱਖ ਨੂੰ ਮੁੜ ਮੁੜ ਜੱਫਾ ਮਾਰ ਕੇ ਆਖੀ ਜਾਵੇ, "ਮੈਂ ਮਣ ਘਿਓ ਖੁਆ ਦੇਣਾ ਆਵਦੇ ਮੁੰਡੇ ਨੂੰ ਤੇ ਅਗਲੇ ਸਾਲ ਫਿੱਡੂ ਨੂੰ ਅਏਂ ਜੱਫਾ ਲੁਆਉਣਾ!"

ਫਿੱਡੂ ਨੂੰ ਲੋਕਾਂ ਨੇ ਪਿੰਡਾਂ ਦੇ ਛੋਟੇ ਟੂਰਨਾਮੈਂਟਾਂ ਵਿਚ ਵੀ ਖੇਡਦੇ ਵੇਖਿਆ ਤੇ ਦੇਸਾਂ ਪਰਦੇਸਾਂ ਦੇ ਵੱਡੇ ਖੇਡ ਮੇਲਿਆਂ ਨੂੰ ਰੰਗ ਭਾਗ ਲਾਉਂਦੇ ਵੀ ਤੱਕਿਆ। ਉਹ ਹਾਰਾਂ ਨਾਲ ਲੱਦਿਆ ਜਾਂਦਾ ਤੇ ਮੋਢਿਆਂ 'ਤੇ ਚੁੱਕਿਆ ਜਾਂਦਾ। ਕਬੱਡੀ ਪ੍ਰੇਮੀ ਉਹਦੇ ਨਾਲ ਹੱਥ ਮਿਲਾਉਣ ਤੇ ਫੋਟੋ ਖਿਚਾਉਣ ਨੂੰ ਧੰਨਭਾਗ ਸਮਝਦੇ। ਇਕ ਸਮਾਂ ਸੀ ਜਦੋਂ ਉਹ 'ਕੱਲਾ ਈ ਬੋਤਲ ਪੀ ਜਾਂਦਾ ਸੀ ਤੇ ਤਿੰਨ ਤਿੰਨ ਮੁਰਗੇ ਛਕ ਜਾਂਦਾ ਸੀ। ਉਹ ਰੱਜ ਕੇ ਖੇਡਦਾ ਤੇ ਪੁੱਜ ਕੇ ਕਮਾਉਂਦਾ। ਫਿਰ ਗੂੜ੍ਹੀ ਨੀਂਦ ਸੌਂਦਾ। ਉਹਦੀ ਖੇਡ ਉਤੇ ਡਾਲਰਾਂ ਤੇ ਪੌਂਡਾਂ ਦਾ ਮੀਂਹ ਵਰ੍ਹਦਾ। ਕੋਈ ਉਹਨੂੰ 'ਪੰਜਾਬ ਦਾ ਟਰੱਕ' ਕਹਿੰਦਾ ਤੇ ਕੋਈ 'ਹੀਰੋ ਆਫ਼ ਫਾਈਵ ਰਿਵਰਜ਼' ਆਖਦਾ। ਉਸ ਨੂੰ 'ਕਬੱਡੀ ਦਾ ਰੁਸਤਮੇ ਹਿੰਦ' ਵੀ ਕਿਹਾ ਜਾਂਦਾ। ਦਾਇਰੇ ਵਾਲੀ ਕਬੱਡੀ ਤੋਂ ਬਿਨਾਂ ਉਸ ਨੇ ਕਬੱਡੀ ਨੈਸ਼ਨਲ ਸਟਾਈਲ ਵਿਚ ਵੀ ਬਥੇਰੀਆਂ ਧੁੰਮਾਂ ਪਾਈਆਂ ਤੇ ਪੰਜਾਬ ਲਈ ਅਨੇਕਾਂ ਵਾਰ ਕਬੱਡੀ ਦੀ ਨੈਸ਼ਨਲ ਚੈਂਪੀਅਨਸ਼ਿਪ ਜਿੱਤੀ। ਪੁਲੀਸ ਦੀਆਂ ਖੇਡਾਂ ਵਿਚ ਉਹ ਹਮੇਸ਼ਾਂ ਹੀ ਕਬੱਡੀ ਦੀ ਖੇਡ ਦਾ ਸਰਵੋਤਮ ਖਿਡਾਰੀ ਸਿੱਧ ਹੋਇਆ।

ਜਦੋਂ ਉਹ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਪੜ੍ਹਦਾ ਸੀ ਤਾਂ ਉਹ ਸਭ ਤੋਂ ਨਿੱਕੇ ਕੱਦ ਵਾਲਾ ਮੁੰਡਾ ਸੀ। ਇਕ ਮਾਸਟਰ ਨੇ ਉਸ ਨੂੰ ਮਿੱਡਾ ਜਿਹਾ ਕਹਿ ਦਿੱਤਾ। ਨਾਲ ਦੇ ਜਮਾਤੀ ਉਸ ਨੂੰ ਮਿੱਡੇ ਤੋਂ ਫਿੱਡਾ ਕਹਿਣ ਲੱਗ ਪਏ ਤੇ ਉਹਦਾ ਨਾਂ ਹੀ ਫਿੱਡਾ ਪੱਕ ਗਿਆ। ਹੁਣ ਉਸ ਨੇ ਸਾਰੇ ਐਬ ਛੱਡ ਦਿੱਤੇ ਹਨ ਤੇ ਅੰਮ੍ਰਿਤ ਛਕ ਕੇ ਸਿੰਘ ਸਜ ਗਿਆ ਹੈ। ਉਸ ਦੀ ਲੰਮੀ ਝੂਲਦੀ ਦਾੜ੍ਹੀ ਦੂਰੋਂ ਹੀ ਦਿਸ ਪੈਂਦੀ ਹੈ। ਬੰਗਿਆਂ ਵਾਲੇ 'ਸੁਹੇਲੇ' ਨੇ ਉਹਦੇ ਬਾਰੇ ਸਚਿੱਤਰ ਪੁਸਤਕ ਛਾਪੀ ਸੀ ਜਿਸ ਨੂੰ ਕਬੱਡੀ ਦਾ ਗਰੰਥ ਕਿਹਾ ਜਾ ਸਕਦੈ। ਪਰ ਸੁਹੇਲਾ ਬਹੁਤੀ ਦੇਰ ਜਿਊਂਦਾ ਨਾ ਰਹਿ ਸਕਿਆ। ਉਸ ਨੇ ਆਤਮ ਹੱਤਿਆ ਕਰ ਲਈ।

ਮੈਂ ਭਾਵੇਂ ਕਬੱਡੀ ਮੇਲਿਆਂ 'ਚ ਜਾਣਾ ਘਟਾ ਦਿੱਤਾ ਹੈ ਫਿਰ ਵੀ ਫਿੱਡੇ ਵਰਗਿਆਂ ਦੇ ਦਰਸ਼ਨ ਹੋ ਹੀ ਜਾਂਦੇ ਹਨ। 3 ਨਵੰਬਰ 2024 ਦਾ ਦਿਨ ਜੋ ਕੈਨੇਡਾ ਤੇ ਭਾਰਤ ਦੀਆਂ ਮਾੜੀਆਂ ਖ਼ਬਰਾਂ ਦਾ ਦਿਨ ਬਣਿਆ ਅਸੀਂ ਪੈਨਸ਼ਨ ਲਈ ਲਾਈਫ ਸਰਟੀਫਿਕੇਟ ਬਣਾਉਣ ਗਏ ਗੋਰ ਮੰਦਰ 'ਚ ਮਿਲ ਪਏ। ਅਸੀਂ ਮੰਦਰ ਦੇ ਅੰਦਰ ਬੈਠੇ ਗੱਲਾਂ 'ਚ ਏਨੇ ਮਸਤ ਹੋਏ ਕਿ ਪਤਾ ਹੀ ਨਾ ਲੱਗਾ ਕਿ ਬਾਹਰ ਸੜਕ 'ਤੇ ਕੋਈ ਮੁਜ਼ਾਹਰਾ ਵੀ ਹੋ ਰਿਹੈ। ਫਿੱਡੂ ਅਜੇ ਕਾਇਮ ਹੈ ਤੇ ਕਾਇਮ ਰਹਿਣ ਲਈ ਵਰਜਿਸ਼ ਵੀ ਕਰਦਾ ਹੈ। ਕੁਦਰਤ ਕਰੇ ਕਿ ਉਹ ਲੰਮੀ ਉਮਰ ਜੀਵੇ ਤੇ ਕਬੱਡੀ ਦੀ ਖੇਡ ਨੂੰ ਹੋਰ ਰੰਗ ਭਾਗ ਲਾਵੇ।

---

# ਮਾਂ ਦੇ ਗਰਭ ਵਿਚ ਨਵਜੀਵਨ ਦਾ ਅੱਗੇ ਦਾ ਸਫਰ - 4



ਗੁਰਦੀਪ ਸਿੰਘ ਸੰਧੂ
ਫੋਨ: 408-687-1899

ਡਲਿਵਰੀ ਦੇ ਦੂਸਰੇ ਫੇਜ਼ ਦਾ ਛੋਟਾ ਜਾਂ ਲੰਬਾ ਹੋਣਾ ਇਸ ਗੱਲ 'ਤੇ ਵੀ ਨਿਰਭਰ ਕਰਦਾ ਹੈ ਕਿ ਮਾਂ ਕਿੰਨਵੀ ਵਾਰ ਮਾਂ ਬਣਨ ਜਾ ਰਹੀ ਹੈ। ਪਹਿਲੀ ਵਾਰ ਮਾਂ ਬਣ ਰਹੀ ਹੈ ਤਾਂ ਸਮਾਂ ਦੋ ਘੰਟੇ ਜਾਂ ਇਸ ਤੋਂ ਵੀ ਜ਼ਿਆਦਾ ਲੱਗ ਸਕਦਾ ਹੈ। ਪਰ ਜੇ ਮਾਂ ਇਹਨਾਂ ਹਾਲਾਤਾਂ ਵਿਚੋਂ ਕਈ ਵੇਰ ਲੰਘ ਚੁੱਕੀ ਹੈ ਤਾਂ ਇਹ ਸਮਾਂ ਕੁਝ ਮਿੰਟਾਂ ਦਾ ਵੀ ਹੋ ਸਕਦਾ ਹੈ।

ਇਕ ਹਾਲਾਤ ਜਿਸ ਨੂੰ ਪਰੈਸੀਪੀਟੇਟ ਲੇਬਰ ਕਹਿੰਦੇ ਹਾਂ ਉਸ ਵਿਚ ਬਹੁਤ ਵਾਰ ਮਾਂ ਬਣ ਚੁੱਕੀ ਔਰਤ ਦੀ ਡਲਿਵਰੀ ਅਚਨਚੇਤ ਸਾਧਾਰਨ ਦਰਦਾਂ ਨਾਲ ਵੀ ਤੇ ਅਣਕਿਆਸੇ ਥਾਂ 'ਤੇ ਵੀ ਹੋ ਸਕਦੀ ਹੈ। ਔਰਤ ਸਮਝਦੀ ਹੈ ਕਿ ਸ਼ਾਇਦ ਮੱਲ ਤਿਆਗ ਦੀ ਹਾਜਤ ਹੈ ਤੇ ਉਹ ਟੁਆਇਲਟ ਵਿਚ ਜਾ ਕੇ ਮਾਮੂਲੀ ਜ਼ੋਰ ਲਗਾਉਂਦੀ ਹੈ ਤੇ ਉਸ ਸਮੇਂ ਫ਼ੀਟਸ ਡਲਿਵਰ ਹੋ ਜਾਂਦਾ ਹੈ।

ਇਸ ਹਾਲਤ ਵਿਚ ਵਾਰ ਵਾਰ ਬਣਨ ਵਾਲੀ ਮਾਂ ਪਹਿਲੇ ਫੇਜ਼ ਦੀਆਂ ਆਉਣ ਵਾਲੀਆਂ ਦਰਦਾਂ ਨੂੰ ਬੇਧਿਆਨੀ ਵਿਚ ਨਹੀਂ ਗੌਲਦੀ ਤੇ ਕਈ ਵੇਰ ਉਸ ਅਨੁਸਾਰ ਹਾਲੇ ਡਲਿਵਰੀ ਦਾ ਸਹੀ ਸਮਾਂ ਨਹੀਂ ਆਇਆ ਹੁੰਦਾ ਪਰ ਕਮਜ਼ੋਰ ਫ਼ੀਟਸ ਤੇ ਜ਼ਿਆਦਾ ਕਮਜ਼ੋਰ ਜਾਂ ਲਚਕਦਾਰ ਜਨਣ ਅੰਗਾਂ ਕਰਕੇ ਇਹ ਹਾਲਾਤ ਵਾਪਰ ਜਾਂਦਾ ਹੈ ਜਿਸ ਨੂੰ ਪਰੈਸੀਪੀਟੇਟ ਲੇਬਰ ਕਹਿੰਦੇ ਹਾਂ। ਡਲਿਵਰੀ ਦਾ ਤੀਸਰਾ ਫੇਜ਼ ਬੱਚੇ ਦੇ ਪੂਰੀ ਤਰ੍ਹਾਂ ਮਾਂ ਦੇ ਪੇਟ ਤੋਂ ਬਾਹਰ ਆਉਣ ਤੋਂ ਲੈ ਕੇ ਪਲਸੈਂਟਾ ਦੀ ਡਲਿਵਰੀ ਤੱਕ ਗਿਣਿਆ ਜਾਂਦਾ ਹੈ। ਜੋ ਨਾਰਮਲ ਹਾਲਾਤਾਂ ਵਿਚ ਪੰਜ ਤੋਂ ਤੀਹ ਮਿੰਟ ਤੱਕ ਦਾ ਵੀ ਹੋ ਸਕਦਾ ਹੈ। ਇਸ ਸਮੇਂ ਦੌਰਾਨ ਕਈ ਵੇਰ ਐਮਨੀਓਟਿਕ ਸੈਕ ਯਾਨੀ ਬੱਚੇ ਉਪਰ ਲਪੇਟਿਆ ਹੋਇਆ ਕਵਰ ਸਖ਼ਤ ਹੋਣ ਕਰਕੇ ਨਹੀਂ ਫਟਦਾ ਤੇ ਬੱਚਾ ਹਾਲੇ ਉਸ ਕਵਰ ਵਿਚ ਹੀ ਤੇ ਉਸੇ ਐਮਨੀਓਟਿਕ ਵਾਲੇ ਸੰਘਣੇ ਪਾਣੀ ਵਿਚ ਹੀ ਹੁੰਦਾ ਹੈ ਇਹ ਭੁਕਾਨੇ ਵਾਂਗ ਫੁਲਿਆ ਬੱਚੇ ਦੇ ਸਿਰ ਤੋਂ ਪਹਿਲਾਂ ਬਾਹਰ ਆਉਂਦਾ ਹੈ ਤੇ ਦਰਦਾਂ ਦੇ ਪਰੈਸ਼ਰ ਨਾਲ ਫਟ ਜਾਂਦਾ ਹੈ। ਜਾਂ ਬੱਚੇ ਦੇ ਸਿਰ ਨੂੰ ਬਾਹਰੀ ਮਦਦ ਦੇਣ ਲਈ ਕੱਟ ਦਿੱਤਾ ਜਾਂਦਾ ਹੈ ਜਾਂ ਅਗਰ ਡਲਿਵਰੀ ਹੋ ਜਾਣ ਬਾਹਦ ਵੀ ਨਹੀਂ ਫਟਿਆ ਤਾਂ ਔਲ ਯਾਨੀ ਅਮਬਲੀਕਲ ਕੋਰਡ ਕੱਟਣ ਤੋਂ ਪਹਿਲਾਂ ਬੱਚੇ ਨੂੰ ਇਸ ਵਿੱਚੋਂ ਬਾਹਰ ਕੱਢ ਲਿਆ ਜਾਂਦਾ ਹੈ।

ਪੂਰੇ ਸੈਪਟਿਕ ਪ੍ਰਬੰਧਾਂ ਨਾਲ ਬੱਚੇ ਤੋਂ ਇਕ ਡੇਢ ਇੰਚ ਦੀ ਦੂਰੀ ਤੋਂ ਅੰਬਲੀਕਲ ਕੋਰਡ ਨੂੰ ਕੱਟ ਦਿੱਤਾ ਜਾਂਦਾ ਹੈ ਤੇ ਪੂਰੀ ਤਰ੍ਹਾਂ ਕਲੈਂਪ ਕਰ ਦਿੱਤਾ ਜਾਂ ਬੰਨ੍ਹ ਦਿੱਤਾ ਜਾਂਦਾ ਹੈ ਤਾਂ ਕਿ ਇਸ ਵਿਚੋਂ ਖ਼ੂਨ ਨਾ ਵਗੇ। ਯਾਦ ਰਹੇ ਅਗਰ ਇਸ ਸਮੇਂ ਤੱਕ ਪਲੇਸੈਂਟਾ ਦੀ ਡਲਿਵਰੀ ਪੂਰੀ ਤਰ੍ਹਾਂ ਨਹੀਂ ਹੋਈ ਤਾਂ ਨਾੜੂ ਨੂੰ ਦੋ ਕਲੈਂਪਾਂ ਦੇ ਵਿਚਕਾਰੋਂ ਕੱਟਣਾ ਚਾਹੀਦਾ ਹੈ ਤਾਂ ਕਿ ਮਾਂ ਵਾਲੇ ਪਾਸਿਓਂ ਵੀ ਜ਼ਿਆਦਾ ਖ਼ੂਨ ਵਗ ਕੇ ਮਾਂ ਨੂੰ ਨੁਕਸਾਨ ਨਾ ਪਹੁੰਚਾਵੇ। ਇਸਨੂੰ ਨਾੜੂ ਕੱਟਣਾ ਕਹਿੰਦੇ ਹਨ। ਨਾੜੂ ਕੱਟਣ ਸਮੇਂ ਆਮ ਤੌਰ 'ਤੇ ਮਾਂ ਵਾਲੇ ਪਾਸੇ ਤੋਂ ਬੱਚੇ ਵਾਲੇ ਪਾਸੇ ਨੂੰ ਨਿਚੋੜ ਕੇ ਕੱਟਣਾ ਚਾਹੀਦਾ ਹੈ ਤਾਂ ਕਿ ਇਸ ਵਿਚਲਾ ਖ਼ੂਨ ਬੱਚੇ ਦੀ ਖ਼ੁਰਾਕ ਦੀ ਪੂਰਤੀ ਓਦੋਂ ਤਕ ਕਰ ਸਕੇ ਜਦ ਤੱਕ ਉਹ ਜਨਮ ਸਮੇਂ ਸਹੀ ਪੀੜਾ ਦੀ ਥਕਾਵਟ ਤੋਂ ਬਾਅਦ ਫਿਰ ਚੁਸਤ ਤੇ ਖ਼ੁਦ ਦੁੱਧ ਚੁੰਘਣ ਯੋਗ ਨਾ ਹੋ ਜਾਵੇ। ਬੱਚੇ ਦੇ ਜਨਮ ਬਾਹਦ ਉਹਦੇ ਸਾਰੇ ਅੰਗਾਂ ਨੂੰ ਖ਼ਾਸ ਕਰ ਸਰੀਰ ਦੇ ਨਿਕਾਸ ਰਾਹਾਂ ਨੂੰ ਜਿਵੇਂ ਟੱਟੀ ਪੇਸ਼ਾਬ ਨੱਕ ਕੰਨ ਤੇ ਮੂੰਹ ਚੰਗੀ ਤਰ੍ਹਾਂ ਚੈਕ ਕਰ ਲੈਣੇ ਚਾਹੀਦੇ ਹਨ ਤਾਂ ਕਿ ਇਨ੍ਹਾਂ ਵਿਚ ਜਨਮ ਸਮੇਂ ਕੋਈ ਕਮੀ ਬਣਤਰ ਵਿਚ ਤਾਂ ਨਹੀਂ ਰਹਿ ਗਈ ਕਿਉਂਕਿ ਬੱਚੇ ਦੇ ਮਾਂ ਦੇ ਪੇਟ ਵਿਚ ਜਨਮ ਤੋਂ ਪਹਿਲਾਂ ਆਖਰੀ ਹਫ਼ਤਿਆਂ ਵਿਚ ਬਹੁਤ ਸਾਰੀ ਘਾੜਤ ਕੰਮਲੀਟ ਕੀਤੀ ਜਾਂਦੀ ਹੈ ਜੋ ਸਮਾਂਬੱਧ ਹੁੰਦੀ ਹੈ ਤੇ ਕਈ ਵੇਰ ਕੁਝ ਕਾਰਨਾਂ ਕਰਕੇ ਕਈ ਕਮੀਆਂ ਪੇਸ਼ੀਆਂ ਵੀ ਰਹਿ ਜਾਂਦੀਆਂ ਹਨ। ਜਿਨ੍ਹਾਂ ਦਾ ਵੇਰਵਾ ਅੱਗੇ ਆਵੇਗਾ।

ਸੋ ਪਹਿਲੇ ਚੈੱਕਅਪ ਸਮੇਂ ਇਹ ਜਾਂਚ ਜ਼ਰੂਰੀ ਹੈ ਤਾਂ ਕਿ ਅੱਗੇ ਚਲ ਕੇ ਬੱਚੇ ਨੂੰ ਤਕਲੀਫ ਨਾ ਸਹਿਣੀ ਪਵੇ। ਜਿਵੇਂ ਹੋਠਾਂ ਦਾ ਪੂਰੀ ਤਰ੍ਹਾਂ ਵਿਕਸਤ ਨਾ ਹੋਣਾ, ਪੇਸ਼ਾਬ ਜਾਂ ਟੱਟੀ ਦੇ ਰਸਤੇ ਦਾ ਪੂਰੀ ਤਰ੍ਹਾਂ ਵਿਕਸਤ ਹੋ ਕੇ ਨਾ ਖੁੱਲ੍ਹਣਾ ਇਹ ਸਭ ਸਧਾਰਨ ਕਮੀਆਂ ਕਈ ਵੇਰ ਰਹਿ ਜਾਂਦੀਆਂ ਹਨ ਜੋ ਬਾਹਰੀ ਤੌਰ 'ਤੇ ਚੈੱਕ ਕੀਤੀਆਂ ਜਾ ਸਕਦੀਆਂ ਹਨ। ਕੁਝ ਇਨ੍ਹਾਂ ਬਾਹਰੀ ਕਮੀਆਂ ਤੋਂ ਇਲਾਵਾ ਅੰਦਰੂਨੀ ਕਮੀਆਂ ਵੀ ਹਨ ਜੋ ਬਾਹਦ ਦੀ ਜਾਂਚ ਵਿਚ ਸਾਹਮਣੇ ਆਉਂਦੀਆਂ ਹਨ ਜਿਵੇਂ ਅਸੀਂ ਪਹਿਲਾਂ ਜ਼ਿਕਰ ਕਰ ਆਏ ਹਾਂ ਦਿਲ ਦੇ ਪਰਦਿਆਂ ਵਿਚ ਸੁਰਾਖ਼ ਦਾ ਹੋਣਾ ਤੇ ਸਮਾਂਬੱਧ ਇਸ ਦਾ ਬੰਦ ਨਾ ਹੋਣਾ। ਸੋ ਜਨਮ ਸਮੇਂ ਮੂੰਹ ਗਲਾ ਖ਼ਾਸ ਕਰ ਫੇਫੜਿਆਂ ਦਾ ਚੱਲਣ ਵਿਕਸਤ ਹੋਇਆ ਜ਼ਰੂਰ ਚੈੱਕ ਕਰਨ ਦੀ ਲੋੜ ਹੈ।

ਛਾਤੀ ਵਿੱਚ ਜਨਮ ਤੋਂ ਪਹਿਲਾਂ ਤਹਿ ਕੀਤੇ ਬੰਦ ਪਏ ਫੇਫੜਿਆਂ ਦੀ ਖੁਲਦੀ ਤਹਿ ਤੇ ਇਸ ਦੀ ਨਿਸ਼ਚਿਤ ਕਾਰਵਾਈ ਚਾਲੂ ਹੋਣ ਦਾ ਯਕੀਨ ਜ਼ਰੂਰ ਕਰ ਲੈਣਾ ਚਾਹੀਦਾ ਹੈ ਅਤੇ ਇਸ ਰਸਤੇ ਦੀ ਸਫਾਈ ਜ਼ਰੂਰੀ ਹੈ ਜੋ ਬੱਚੇ ਨੂੰ ਉਲਟੇ ਲਟਕਾ ਕੇ ਜਾਂ ਲਿਟਾ ਕੇ ਕੀਤੀ ਜਾਣੀ ਚਾਹੀਦੀ ਹੈ ਜਦ ਤਕ ਕਿ ਉਹ ਪਹਿਲੀ ਚੀਕ ਤੇ ਉਸ ਤੋਂ ਬਾਹਦ ਪੂਰੀ ਤਰ੍ਹਾਂ ਚੀਕਾਂ ਮਾਰ ਕੇ ਸ਼ਾਂਤ ਨਹੀਂ ਹੋ ਜਾਂਦਾ। ਜੋ ਇਸ ਗੱਲ ਦੀਆਂ ਜ਼ਾਮਨ ਹਨ ਕਿ ਸਾਹ ਕਿਰਿਆ ਪੂਰੀ ਤਰ੍ਹਾਂ ਚਾਲੂ ਹੋ ਗਈ ਹੈ। ਇਸ ਸਮੇਂ ਬੱਚੇ ਨੂੰ ਕੋਸੇ ਪਾਣੀ ਨਾਲ ਨੁਹਾ ਕੇ ਗਰਮ ਤੌਲੀਏ ਵਿਚ ਲਪੇਟਨਾ ਚਾਹੀਦਾ ਹੈ। ਕੁਝ ਸਮਾ ਸਾਈਡ 'ਤੇ ਲਿਟਾਉਣਾ ਜ਼ਰੂਰੀ ਹੈ ਤਾਂ ਕਿ ਫੇਫੜਿਆਂ ਵਿਚੋਂ ਬਚਿਆ ਖੁਚਿਆ ਮੁਆਦ ਇਕ ਸਾਈਡ 'ਤੇ ਲੱਗ ਕੇ ਆਵੇ ਅਤੇ ਬੱਚੇ ਦੀ ਸਾਹ ਕਿਰਿਆ ਵਿਚ ਰੁਕਾਵਟ ਨਾ ਬਣੇ, ਜਿਸਨੂੰ ਥੋੜੇ ਥੋੜੇ ਟਾਈਮ ਬਾਅਦ ਚੈੱਕ ਕਰਦੇ ਰਹਿਣਾ ਜ਼ਰੂਰੀ ਹੈ।

## ਨਿਰਵਿਘਨ ਪ੍ਰਕਾਸ਼ਨ ਦੇ 26ਵੇਂ ਸਾਲ 'ਚ (ਪਹਿਲੀ ਜਨਵਰੀ 2000-2025)

# ਅਦਾਰਾ ਪੰਜਾਬ ਟਾਈਮਜ਼ ਦੇ ਸਟਾਫ, ਕਾਲਮਨਵੀਸਾਂ ਅਤੇ ਸਲਾਹਕਾਰ ਕਮੇਟੀ ਦੇ ਮੈਂਬਰਾਂ ਵਲੋਂ ਕੁਲ ਲੋਕਾਈ ਨੂੰ

## ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ

ਨਵਾਂ ਸਾਲ ਮੁਬਾਰਕ

# ਲੱਖ ਲੱਖ ਵਧਾਈ ਹੋਵੇ

ਨਵਾਂ ਸਾਲ ਮੁਬਾਰਕ

**ਅਸੀ ਅਰਦਾਸ ਕਰਦੇ ਹਾਂ ਕਿ ਨਵਾਂ ਸਾਲ 2025 ਘੁੱਗ ਵੱਸਦੀ ਕਾਇਨਾਤ ਲਈ ਖੁਸ਼ੀਆਂ-ਖੇੜੇ ਤੇ ਸ਼ੁੱਭ ਸੰਦੇਸ਼ ਲੈ ਕੇ ਆਵੇ!!! ਇਸ ਸਾਲ ਤੁਹਾਨੂੰ ਦਰਪੇਸ਼ ਹਰ ਚੁਣੌਤੀ ਤੁਹਾਨੂੰ ਹਿੰਮਤ, ਉਮੀਦ ਅਤੇ ਸਫ਼ਲਤਾ ਪ੍ਰਦਾਨ ਕਰੇ।**

### ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਹਰਦਿਆਲ ਸਿੰਘ ਦਿਓਲ | ਡਾ. ਗੁਰਦਿਆਲ ਸਿੰਘ ਬਸਰਾਨ | ਜੈਦੇਵ ਸਿੰਘ ਭੱਠਲ | ਜਗਦੀਸ਼ਰ ਸਿੰਘ ਕਲੇਰ | ਗੁਰਚਰਨ ਸਿੰਘ ਗਰੇਵਾਲ | ਹਰਜੀਤ ਸਿੰਘ ਸਾਹੀ | ਦਰਸ਼ਨ ਸਿੰਘ ਦਰੜ | ਮਨਦੀਪ ਸਿੰਘ ਭੂਰਾ | ਰਾਜਿੰਦਰ ਸਿੰਘ ਬੈਂਸ



ਸੁਰਿੰਦਰ ਸਿੰਘ ਸੁੰਨੜ | ਰਘਬੀਰ ਸਿੰਘ ਘੁੰਨ | ਪਰਮਿੰਦਰ ਸਿੰਘ ਵਾਲੀਆ | ਅਮਰੀਕ ਸਿੰਘ (ਅਮਰ ਕਾਰਪੈਟ) | ਜਸਕਰਨ ਸਿੰਘ ਧਾਲੀਵਾਲ | ਡਾ. ਤੇਜਿੰਦਰ ਸਿੰਘ ਮੰਡੇਰ | ਅਵਤਾਰ ਸਿੰਘ ਸਪਰਿੰਗਫੀਲਡ | ਗੁਲਜ਼ਾਰ ਸਿੰਘ ਮੁਲਤਾਨੀ | ਭੁਪਿੰਦਰ ਸਿੰਘ ਧਾਲੀਵਾਲ | ਗੁਰਦੇਵ ਸਿੰਘ ਜੌੜਾ | ਅੰਮ੍ਰਿਤਪਾਲ ਸਿੰਘ ਸੰਘਾ



ਜਸਵੀਰ ਕੌਰ ਢਿਲੋਂ | ਡਾ. ਇਨਕਲਾਬੀ ਥਾਂਦੀ | ਡਾ. ਨਵਦੀਪ ਕੌਰ ਸੰਧੂ | ਬਲਵਿੰਦਰ ਕੌਰ (ਨਿੱਕੀ) ਸੇਖੋਂ | ਹਰਵਿੰਦਰ ਪਾਲ ਸਿੰਘ ਲੈਲ | ਜਗਜੀਤ ਸਿੰਘ ਢੀਂਡਸਾ | ਸਰਵਣ ਸਿੰਘ ਟਿਵਾਣਾ | ਸੁਖਮੇਲ ਸਿੰਘ ਅਟਵਾਲ | ਸ. ਹੈਪੀ ਸਿੰਘ ਹੀਰ | ਅਮੋਲਕ ਸਿੰਘ ਗਾਖਲ | ਜੱਸੀ ਗਿੱਲ

**ਪੰਜਾਬ ਟਾਈਮਜ਼**

Ph: 847-359-0746

**ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ**

**Published simultaneously from Chicago, California & New York.**

ਏ-ਮਅਲਿ: ਪੁਨਜਅਬਟਮਿੲਸ1@ਗਮਅਲਿਚੋਮ, ੱੲਬਸਟਿੲ: ੱਪੁਨਜਅਬਟਮਿੲਸੁਸਅਚੋਮ